ਵਸਤੁ ਲਹੈ ਘਰਿ ਆਪਣੈ ; ਚਲੈ ਕਾਰਜੁ ਸਾਰਿ ॥ (੫੬-੧੬, ਸਿਰੀਰਾਗੁ, ਮਃ ੧)

He finds the merchandise within his own home, and departs after arranging his affairs.

ਵਣਜਾਰਿਆ ਸਿਉ ਵਣਜੁ ਕਰਿ ; ਗੁਰਮੁਖਿ ਬ੍ਰਹਮੁ ਬੀਚਾਰਿ ॥੩॥ (੫੬-੧੭, ਸਿਰੀਰਾਗੁ, ਮਃ ੧)

So trade with the true traders, and as Gurmukh, contemplate Almighty. ||3||

ਸੰਤਾਂ ਸੰਗਤਿ ਪਾਈਐ ; ਜੇ ਮੇਲੇ ਮੇਲਣਹਾਰੁ ॥ (੫੬-੧੭, ਸਿਰੀਰਾਗੁ, ਮਃ ੧)

In the Society of the Saints, He is found, if the Uniter unites us.

ਮਿਲਿਆ ਹੋਇ ਨ ਵਿਛੁੜੈ ; ਜਿਸੁ ਅੰਤਰਿ ਜੋਤਿ ਅਪਾਰ ॥ (੫੬-੧੮, ਸਿਰੀਰਾਗੁ, ਮਃ ੧)

One whose heart is filled with His Infinite Light meets with Him, and shall never again be separated from Him.

ਸਚੈ ਆਸਣਿ ਸਚਿ ਰਹੈ ; ਸਚੈ ਪ੍ਰੇਮ ਪਿਆਰ ॥੪॥ (੫੬-੧੮, ਸਿਰੀਰਾਗੁ, ਮਃ ੧)

True is his position; he abides in Truth, with love and affection for the True One. ||4||

ਜਿਨੀ ਆਪੁ ਪਛਾਣਿਆ ; ਘਰ ਮਹਿ , ਮਹਲੁ ਸੁਥਾਇ ॥ (੫੬-੧੯, ਸਿਰੀਰਾਗੁ, ਮਃ ੧)

One who understands himself finds the Mansion of the Almighty's Presence within his own home.

ਸਚੇ ਸੇਤੀ ਰਤਿਆ ; ਸਚੋ ਪਲੈ ਪਾਇ ॥ ('ਰੱਤਿਆ' ਨੂੰ ਭਾਰਾ ਬੋਲੋ) (੫੬-੧੯, ਸਿਰੀਰਾਗੁ, ਮਃ ੧)

Imbued with the True Almighty, Truth is gathered in.

ਤ੍ਰਿਭਵਣਿ ਸੋ ਪ੍ਰਭੁ ਜਾਣੀਐ ; ਸਾਚੋ ਸਾਚੈ ਨਾਇ ॥੫॥ (੫੭-੧, ਸਿਰੀਰਾਗੁ, ਮਃ ੧)

Almighty is known throughout the three worlds. True is the Name of the True One. ||5||

ਸਾ ਧਨ ਖਰੀ ਸੁਹਾਵਣੀ ; ਜਿਨਿ ਪਿਰੁ ਜਾਤਾ ਸੰਗਿ ॥ (੫੭-੧, ਸਿਰੀਰਾਗੁ, ਮਃ ੧)

The wife who knows that her Husband Lord is always with her is very beautiful.

ਮਹਲੀ ਮਹਲਿ ਬੁਲਾਈਐ ; ਸੋ ਪਿਰੁ ਰਾਵੇ ਰੰਗਿ ॥ (੫੭-੨, ਸਿਰੀਰਾਗੁ, ਮਃ ੧)

The soul-bride is called to the Mansion of the His Presence, and her Husband Lord ravishes her with love.

ਸਚਿ ਸੁਹਾਗਣਿ ਸਾ ਭਲੀ ; ਪਿਰਿ ਮੋਹੀ ਗੁਣ ਸੰਗਿ ॥੬॥ (੫੭-੨, ਸਿਰੀਰਾਗੁ, ਮਃ ੧)

The happy soul-bride is true and good; she is fascinated by the Glories of her Husband Lord. ||6||

ਭੂਲੀ ਭੂਲੀ ਥਲਿ ਚੜਾ ; ਥਲਿ ਚੜਿ ਡੂਗਰਿ ਜਾਉ ॥ (੫੭-੩, ਸਿਰੀਰਾਗੁ, ਮਃ ੧)

Wandering around and making mistakes, I climb the plateau; having climbed the plateau, I go up the mountain.

ਬਨ ਮਹਿ ਭੂਲੀ ਜੇ ਫਿਰਾ ; ਬਿਨੁ ਗੁਰ ਬੂਝ ਨ ਪਾਉ ॥ (੫੭-੩, ਸਿਰੀਰਾਗੁ, ਮਃ ੧)

But now I have lost my way, and I am wandering around in the forest; without the Guru, I do not understand.

ਨਾਵਹੁ ਭੂਲੀ ਜੇ ਫਿਰਾ ; ਫਿਰਿ ਫਿਰਿ ਆਵਉ ਜਾਉ ॥੭॥ (੫੭-੩, ਸਿਰੀਰਾਗੁ, ਮਃ ੧)

If I wander around forgetting Almighty's Name, I shall continue coming and going in reincarnation, over and over again. ||7||

ਪੁਛਹੁ ਜਾਇ ਪਧਾਊਆ ; ਚਲੇ ਚਾਕਰ ਹੋਇ ॥ (੫੭-੪, ਸਿਰੀਰਾਗੁ, ਮਃ ੧)

Go and ask the travellers, how to walk on the Path as His slave.

ਰਾਜਨੁ ਜਾਣਹਿ ਆਪਣਾ ; ਦਰਿ ਘਰਿ , ਠਾਕ ਨ ਹੋਇ ॥ (੫੭-੪, ਸਿਰੀਰਾਗੁ, ਮਃ ੧)

They know the Almighty to be their King, and at the Door to His Home, their way is not blocked.

ਨਾਨਕ , ਏਕੋ ਰਵਿ ਰਹਿਆ ; ਦੂਜਾ ਅਵਰੁ ਨ ਕੋਇ ॥੮॥੬॥ (੫੭-੫, ਸਿਰੀਰਾਗੁ, ਮਃ ੧)

Guru Nanak says, the One is pervading everywhere; there is no other at all. ||8||6||

ਸਿਰੀਰਾਗੁ , ਮਹਲਾ ੧ ॥ (੫੭-੫)

Sri Raag, First Guru:

ਗੁਰ ਤੇ ਨਿਰਮਲੁ ਜਾਣੀਐ ; ਨਿਰਮਲ ਦੇਹ ਸਰੀਰੁ ॥ (੫੭-੬, ਸਿਰੀਰਾਗੁ, ਮਃ ੧)

Through the Guru, the Pure One is known, and the human body becomes pure as well.

ਨਿਰਮਲੁ ਸਾਚੋ ਮਨਿ ਵਸੈ ; ਸੋ ਜਾਣੈ ਅਭ ਪੀਰ ॥ (੫੭-੬, ਸਿਰੀਰਾਗੁ, ਮਃ ੧)

The Pure, True Almighty abides within the mind; He knows the pain of our hearts.

ਸਹਜੈ ਤੇ ਸੁਖੁ ਅਗਲੋ ; ਨਾ ਲਾਗੈ ਜਮ ਤੀਰੁ ॥੧॥ (੫੭-੭, ਸਿਰੀਰਾਗੁ, ਮਃ ੧)

With intuitive ease, a great peace is found, and the arrow of death shall not strike you. ||1||

ਭਾਈ ਰੇ , ਮੈਲੁ ਨਾਹੀ ; ਨਿਰਮਲ ਜਲਿ ਨਾਇ ॥ (ਨ੍ਹਾਇ ਬੋਲੋ) (੫੭-੭, ਸਿਰੀਰਾਗੁ, ਮਃ ੧)

O Siblings of Destiny, filth is washed away by bathing in the Pure Water of the Name.

ਨਿਰਮਲੁ ਸਾਚਾ ਏਕੁ ਤੂ ; ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥ (੫੭-੭, ਸਿਰੀਰਾਗੁ, ਮਃ ੧)

You alone are Perfectly Pure, O True Almighty; all other places are filled with filth. ||1||Pause||

ਹਰਿ ਕਾ ਮੰਦਰੁ ਸੋਹਣਾ ; ਕੀਆ ਕਰਣੈਹਾਰਿ ॥ (੫੭-੮, ਸਿਰੀਰਾਗੁ, ਮਃ ੧)

The Temple of the Almighty is beautiful; it was made by the Creator Almighty.

ਰਵਿ ਸਸਿ ਦੀਪ ਅਨੂਪ ਜੋਤਿ ; ਤ੍ਰਿਭਵਣਿ ਜੋਤਿ ਅਪਾਰ ॥ (੫੭-੮, ਸਿਰੀਰਾਗੁ, ਮਃ ੧)

The sun and the moon are lamps of incomparably beautiful light. Throughout the three worlds, the Infinite Light is pervading.

ਹਾਟ ਪਟਣ ਗੜ ਕੋਠੜੀ ; ਸਚੁ ਸਉਦਾ ਵਾਪਾਰ ॥੨॥ (੫੭-੯, ਸਿਰੀਰਾਗੁ, ਮਃ ੧)

In the shops of the city of the body, in the fortresses and in the huts, the True Merchandise is traded. ||2||

ਗਿਆਨ ਅੰਜਨੁ ਭੈ ਭੰਜਨਾ ; ਦੇਖੁ ਨਿਰੰਜਨ ਭਾਇ ॥ (੫੭-੯, ਸਿਰੀਰਾਗੁ, ਮਃ ੧)

The ointment of spiritual wisdom is the destroyer of fear; through love, the Pure One is seen.

ਗੁਪਤੁ ਪ੍ਰਗਟੁ ਸਭ ਜਾਣੀਐ ; ਜੇ ਮਨੁ ਰਾਖੈ ਠਾਇ ॥ (੫੭-੧੦, ਸਿਰੀਰਾਗੁ, ਮਃ ੧)

The mysteries of the seen and the unseen are all known, if the mind is kept centered and balanced.

ਐਸਾ ਸਤਿਗੁਰੁ ਜੇ ਮਿਲੈ ; ਤਾ ਸਹਜੇ ਲਏ ਮਿਲਾਇ ॥੩॥ (੫੭-੧੦, ਸਿਰੀਰਾਗੁ, ਮਃ ੧)

If one finds such a True Guru, the Almighty is met with intuitive ease. ||3||

ਕਸਿ ਕਸਵਟੀ ਲਾਈਐ ; (ਕਸਵੱਟੀ ਬੋਲੋ)
ਪਰਖੇ ਹਿਤੁ ਚਿਤੁ ਲਾਇ ॥ (੫੭-੧੧, ਸਿਰੀਰਾਗੁ, ਮਃ ੧)

He draws us to His Touchstone, to test our love and consciousness.

ਖੋਟੇ ਠਉਰ ਨ ਪਾਇਨੀ ; ਖਰੇ ਖਜਾਨੈ ਪਾਇ ॥ (੫੭-੧੧, ਸਿਰੀਰਾਗੁ, ਮਃ ੧)

The counterfeit have no place there, but the genuine are placed in His Treasury.

ਆਸ ਅੰਦੇਸਾ ਦੂਰਿ ਕਰਿ ; ਇਉ ਮਲੁ ਜਾਇ ਸਮਾਇ ॥੪॥ (੫੭-੧੨, ਸਿਰੀਰਾਗੁ, ਮਃ ੧)

Let your hopes and anxieties depart; thus pollution is washed away. ||4||

ਸੁਖ ਕਉ ਮਾਗੈ ਸਭੁ ਕੋ ; ਦੁਖੁ ਨ ਮਾਗੈ ਕੋਇ ॥ (੫੭-੧੨, ਸਿਰੀਰਾਗੁ, ਮਃ ੧)

Everyone begs for happiness; no one asks for suffering.

ਸੁਖੈ ਕਉ ਦੁਖੁ ਅਗਲਾ ; ਮਨਮੁਖਿ ਬੂਝ ਨ ਹੋਇ ॥ (੫੭-੧੩, ਸਿਰੀਰਾਗੁ, ਮਃ ੧)

But in the wake of happiness, there comes great suffering. The self-willed manmukhs do not understand this.

ਸੁਖ ਦੁਖ ਸਮ ਕਰਿ ਜਾਣੀਅਹਿ ; ਸਬਦਿ ਭੇਦਿ ਸੁਖੁ ਹੋਇ ॥੫॥ (੫੭-੧੩, ਸਿਰੀਰਾਗੁ, ਮਃ ੧)

Those who see pain and pleasure as one and the same find peace; they are pierced through by the Shabad. ||5||

ਬੇਦੁ ਪੁਕਾਰੇ ਵਾਚੀਐ ; ਬਾਣੀ ਬ੍ਰਹਮ ਬਿਆਸੁ ॥ (੫੭-੧੪, ਸਿਰੀਰਾਗੁ, ਮਃ ੧)

The Vedas proclaim, and the words of Vyaasa tell us,

ਮੁਨਿ ਜਨ ਸੇਵਕ ਸਾਧਿਕਾ ;
ਨਾਮਿ ਰਤੇ ਗੁਣਤਾਸੁ ॥ **(ਰੱਤੇ, ਗੁਣ-ਤਾਸੁ ਬੋਲੋ)** (੫੭-੧੪, ਸਿਰੀਰਾਗੁ, ਮਃ ੧)

that the silent sages, the servants of the Almighty, and those who practice a life of spiritual discipline are attuned to the Naam, the Treasure of Excellence.

ਸਚਿ ਰਤੇ ਸੇ ਜਿਣਿ ਗਏ ; **(ਰੱਤੇ ਬੋਲੋ)**
ਹਉ ਸਦ ਬਲਿਹਾਰੈ ਜਾਸੁ ॥੬॥ (੫੭-੧੫, ਸਿਰੀਰਾਗੁ, ਮਃ ੧)

Those who are attuned to the True Name win the game of life; I am forever a sacrifice to them. ||6||

ਚਹੁ ਜੁਗਿ ਮੈਲੇ ਮਲੁ ਭਰੇ ; ਜਿਨ ਮੁਖਿ ਨਾਮੁ ਨ ਹੋਇ ॥ (੫੭-੧੫, ਸਿਰੀਰਾਗੁ, ਮਃ ੧)

Those who do not have the Naam in their mouths are filled with pollution; they are filthy throughout the four ages.

ਭਗਤੀ ਭਾਇ ਵਿਹੂਣਿਆ ; ਮੁਹੁ ਕਾਲਾ ਪਤਿ ਖੋਇ ॥ (੫੭-੧੬, ਸਿਰੀਰਾਗੁ, ਮਃ ੧)

Without loving devotion to Almighty, their faces are blackened, and their honor is lost.

ਜਿਨੀ ਨਾਮੁ ਵਿਸਾਰਿਆ ; ਅਵਗਣ ਮੁਠੀ ਰੋਇ ॥੭॥ (੫੭-੧੬, ਸਿਰੀਰਾਗੁ, ਮਃ ੧)

Those who have forgotten the Naam are plundered by evil; they weep and wail in dismay. ||7||

ਖੋਜਤ ਖੋਜਤ ਪਾਇਆ ; ਡਰੁ ਕਰਿ ਮਿਲੈ ਮਿਲਾਇ ॥ (੫੭-੧੭, ਸਿਰੀਰਾਗੁ, ਮਃ ੧)

I searched and searched, and found Almighty. In the Fear of Almighty, I have been united in His Union.

ਆਪੁ ਪਛਾਣੈ ਘਰਿ ਵਸੈ ; ਹਉਮੈ ਤ੍ਰਿਸਨਾ ਜਾਇ ॥ (੫੭-੧੭, ਸਿਰੀਰਾਗੁ, ਮਃ ੧)

Through self-realization, people dwell within the home of their inner being; egotism and desire depart.

ਨਾਨਕ , ਨਿਰਮਲ ਊਜਲੇ ;
ਜੋ ਰਾਤੇ ਹਰਿ ਨਾਇ ॥੮॥੭॥ **(ਰੱਤੇ, ਨ੍ਹਾਇ ਬੋਲੋ)** (੫੭-੧੮, ਸਿਰੀਰਾਗੁ, ਮਃ ੧)

Guru Nanak says, those who are attuned to the Name of the Almighty are immaculate and radiant. ||8||7||

ਸਿਰੀਰਾਗੁ , ਮਹਲਾ ੧ ॥ (੫੭-੧੮)

Sri Raag, First Guru:

ਸੁਣਿ ਮਨ ਭੂਲੇ ਬਾਵਰੇ ; ਗੁਰ ਕੀ ਚਰਣੀ ਲਾਗੁ ॥ (੫੭-੧੮, ਸਿਰੀਰਾਗੁ, ਮਃ ੧)

Listen, O deluded and demented mind: hold tight to the Guru's Feet.

ਹਰਿ ਜਪਿ ਨਾਮੁ ਧਿਆਇ ਤੂ ; ਜਮੁ ਡਰਪੈ ਦੁਖ ਭਾਗੁ ॥ (੫੭-੧੯, ਸਿਰੀਰਾਗੁ, ਮਃ ੧)

Chant and meditate on the Naam, the Name of the Almighty; death will be afraid of you, and suffering shall depart.

ਦੂਖੁ ਘਣੋ ਦੋਹਾਗਣੀ ; ਕਿਉ ਥਿਰੁ ਰਹੈ ਸੁਹਾਗੁ ॥੧॥ (੫੭-੧੯, ਸਿਰੀਰਾਗੁ, ਮਃ ੧)

The deserted wife suffers terrible pain. How can her Husband Lord remain with her forever? ||1||

ਭਾਈ ਰੇ ; ਅਵਰੁ ਨਾਹੀ ਮੈ ਥਾਉ ॥ (੫੮-੧, ਸਿਰੀਰਾਗੁ, ਮਃ ੧)

O Siblings of Destiny, I have no other place to go.

ਮੈ ਧਨੁ ਨਾਮੁ ਨਿਧਾਨੁ ਹੈ ; ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥ (੫੮-੧, ਸਿਰੀਰਾਗੁ, ਮਃ ੧)

The Guru has given me the Treasure of the Wealth of the Naam; I am a sacrifice to Him. ||1||Pause||

ਗੁਰਮਤਿ ਪਤਿ ਸਾਬਾਸਿ ਤਿਸੁ ; ਤਿਸ ਕੈ ਸੰਗਿ ਮਿਲਾਉ ॥ (੫੮-੨, ਸਿਰੀਰਾਗੁ, ਮਃ ੧)

The Guru's Teachings bring honor. Blessed is He-may I meet and be with Him!

ਤਿਸੁ ਬਿਨੁ ਘੜੀ ਨ ਜੀਵਊ ; ਬਿਨੁ ਨਾਵੈ ਮਰਿ ਜਾਉ ॥ (੫੮-੨, ਸਿਰੀਰਾਗੁ, ਮਃ ੧)

Without Him, I cannot live, even for a moment. Without His Name, I die.

ਮੈ ਅੰਧੁਲੇ , ਨਾਮੁ ਨ ਵੀਸਰੈ ; ਟੇਕ ਟਿਕੀ ਘਰਿ ਜਾਉ ॥੨॥ (੫੮-੩, ਸਿਰੀਰਾਗੁ, ਮਃ ੧)

I am blind-may I never forget the Naam! Under His Protection, I shall reach my true home. ||2||

ਗੁਰੂ ਜਿਨਾ ਕਾ ਅੰਧੁਲਾ ; ਚੇਲੇ ਨਾਹੀ ਠਾਉ ॥ (੫੮-੩, ਸਿਰੀਰਾਗੁ, ਮਃ ੧)

Those chaylaas, those devotees, whose spiritual teacher is blind, shall not find their place of rest.

ਬਿਨੁ ਸਤਿਗੁਰ ਨਾਉ ਨ ਪਾਈਐ ; ਬਿਨੁ ਨਾਵੈ ਕਿਆ ਸੁਆਉ ॥ (੫੮-੩, ਸਿਰੀਰਾਗੁ, ਮਃ ੧)

Without the True Guru, the Name is not obtained. Without the Name, what is the use of it all?

ਆਇ ਗਇਆ ਪਛੁਤਾਵਣਾ ; ਜਿਉ ਸੁੰਞੈ ਘਰਿ ਕਾਉ ॥੩॥ (ਕਾਂਉਂ ਬੋਲੋ) (੫੮-੪, ਸਿਰੀਰਾਗੁ, ਮਃ ੧)

People come and go, regretting and repenting, like crows in a deserted house. ||3||

ਬਿਨੁ ਨਾਵੈ ਦੁਖੁ ਦੇਹੁਰੀ ; ਜਿਉ ਕਲਰ ਕੀ ਭੀਤਿ ॥('ਕੱਲਰ' ਨੂੰ ਭਾਰਾ ਬੋਲੋ)(੫੮-੫, ਸਿਰੀਰਾਗੁ, ਮਃ ੧)

Without the Name, the body suffers in pain; it crumbles like a wall of sand.

ਤਬ ਲਗੁ ਮਹਲੁ ਨ ਪਾਈਐ ; ਜਬ ਲਗੁ ਸਾਚੁ ਨ ਚੀਤਿ ॥ (੫੮-੫, ਸਿਰੀਰਾਗੁ, ਮਃ ੧)

As long as Truth does not enter into the consciousness, the Mansion of the Almighty's Presence is not found.

ਸਬਦਿ ਰਪੈ ਘਰੁ ਪਾਈਐ ; ਨਿਰਬਾਣੀ ਪਦੁ ਨੀਤਿ ॥੪॥ (੫੮-੫, ਸਿਰੀਰਾਗੁ, ਮਃ ੧)

Attuned to the Shabad, we enter our home, and obtain the Eternal State of Nirvaanaa. ||4||

ਹਉ ਗੁਰ ਪੂਛਉ ਆਪਣੇ ; ਗੁਰ ਪੁਛਿ ਕਾਰ ਕਮਾਉ ॥ (੫੮-੬, ਸਿਰੀਰਾਗੁ, ਮਃ ੧)

I ask my Guru for His Advice, and I follow the Guru's Advice.

ਸਬਦਿ ਸਲਾਹੀ ਮਨਿ ਵਸੈ ; ਹਉਮੈ ਦੁਖੁ ਜਲਿ ਜਾਉ ॥ (੫੮-੬, ਸਿਰੀਰਾਗੁ, ਮਃ ੧)

With the Shabads of Praise abiding in the mind, the pain of egotism is burnt away.

ਸਹਜੇ ਹੋਇ ਮਿਲਾਵੜਾ ; ਸਾਚੇ ਸਾਚਿ ਮਿਲਾਉ ॥੫॥ (੫੮-੭, ਸਿਰੀਰਾਗੁ, ਮਃ ੧)

We are naturally united with Him, and we meet the Truest of the True. ||5||

ਸਬਦਿ ਰਤੇ ਸੇ ਨਿਰਮਲੇ ; ਤਜਿ ਕਾਮ ਕ੍ਰੋਧੁ ਅਹੰਕਾਰੁ ॥ (ਰੱਤੇ ਬੋਲੋ) (੫੮-੭, ਸਿਰੀਰਾਗੁ, ਮਃ ੧)

Those who are attuned to the Shabad are spotless and pure; they renounce sexual desire, anger, selfishness and conceit.

ਨਾਮੁ ਸਲਾਹਨਿ ਸਦ ਸਦਾ ; ਹਰਿ ਰਾਖਹਿ ਉਰ ਧਾਰਿ ॥ (੫੮-੮, ਸਿਰੀਰਾਗੁ, ਮਃ ੧)

They sing the Praises of the Naam, forever and ever; they keep the Almighty enshrined within their hearts.

ਸੋ ਕਿਉ ਮਨਹੁ ਵਿਸਾਰੀਐ ; ਸਭ ਜੀਆ ਕਾ ਆਧਾਰੁ ॥੬॥ (੫੮-੮, ਸਿਰੀਰਾਗੁ, ਮਃ ੧)

How could we ever forget Him from our minds? He is the Support of all beings. ||6||

ਸਬਦਿ ਮਰੈ , ਸੋ ਮਰਿ ਰਹੈ ; ਫਿਰਿ ਮਰੈ ਨ ਦੂਜੀ ਵਾਰ ॥ (੫੮-੯, ਸਿਰੀਰਾਗੁ, ਮਃ ੧)

One who dies in the Shabad is beyond death, and shall never die again.

ਸਬਦੈ ਹੀ ਤੇ ਪਾਈਐ ; ਹਰਿ ਨਾਮੇ ਲਗੈ ਪਿਆਰੁ ॥ (੫੮-੯, ਸਿਰੀਰਾਗੁ, ਮਃ ੧)

Through the True Guru's Sermons (Gurbani), we find Him, and embrace love for the Name of the Almighty.

ਬਿਨੁ ਸਬਦੈ , ਜਗੁ ਭੂਲਾ ਫਿਰੈ ; ਮਰਿ ਜਨਮੈ ਵਾਰੋ ਵਾਰ ॥੭॥ (੫੮-੧੦, ਸਿਰੀਰਾਗੁ, ਮਃ ੧)

Without the True Guru's Sermons (Gurbani), the world is deceived; it dies and is reborn, over and over again. ||7||

ਸਭ ਸਾਲਾਹੈ ਆਪ ਕਉ ; ਵਡਹੁ ਵਡੇਰੀ ਹੋਇ ॥ (੫੮-੧੦, ਸਿਰੀਰਾਗੁ, ਮਃ ੧)

All praise themselves, and call themselves the greatest of the great.

ਗੁਰ ਬਿਨੁ ਆਪੁ ਨ ਚੀਨੀਐ ; ਕਹੇ ਸੁਣੇ ਕਿਆ ਹੋਇ ॥ (੫੮-੧੧, ਸਿਰੀਰਾਗੁ, ਮਃ ੧)

Without the Guru, one's self cannot be known. By merely speaking and listening, what is accomplished?

ਨਾਨਕ , ਸਬਦਿ ਪਛਾਣੀਐ ; ਹਉਮੈ ਕਰੈ ਨ ਕੋਇ ॥੮॥੮॥ (੫੮-੧੧, ਸਿਰੀਰਾਗੁ, ਮਃ ੧)

Guru Nanak says, one who realizes the Shabad does not act in egotism. ||8||8||

ਸਿਰੀਰਾਗੁ , ਮਹਲਾ ੧ ॥ (੫੮-੧੨)

Sri Raag, First Guru:

ਬਿਨੁ ਪਿਰ ਧਨ ਸੀਗਾਰੀਐ ; ਜੋਬਨੁ ਬਾਦਿ ਖੁਆਰੁ ॥ (੫੮-੧੨, ਸਿਰੀਰਾਗੁ, ਮਃ ੧)

Without her Husband, the soul-bride's youth and ornaments are useless and wretched.

ਨਾ ਮਾਣੇ ਸੁਖਿ ਸੇਜੜੀ ; ਬਿਨੁ ਪਿਰ ਬਾਦਿ ਸੀਗਾਰੁ ॥ (੫੮-੧੩, ਸਿਰੀਰਾਗੁ, ਮਃ ੧)

She does not enjoy the pleasure of His Bed; without her Husband, her ornaments are absurd.

ਦੂਖੁ ਘਣੋ ਦੋਹਾਗਣੀ ; ਨਾ ਘਰਿ ਸੇਜ ਭਤਾਰੁ ॥੧॥ (੫੮-੧੩, ਸਿਰੀਰਾਗੁ, ਮਃ ੧)

The discarded bride suffers terrible pain; her Husband does not come to the bed of her home. ||1||

ਮਨ ਰੇ ; ਰਾਮ ਜਪਹੁ ਸੁਖੁ ਹੋਇ ॥ (੫੮-੧੩, ਸਿਰੀਰਾਗੁ, ਮਃ ੧)

O mind, meditate on the Almighty, and find peace.

ਬਿਨੁ ਗੁਰ ਪ੍ਰੇਮੁ ਨ ਪਾਈਐ ;
ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥ (੫੮-੧੪, ਸਿਰੀਰਾਗੁ, ਮਃ ੧)

Without the Guru, love is not found. United with the Shabad, happiness is found. ||1||Pause||

ਗੁਰ ਸੇਵਾ ਸੁਖੁ ਪਾਈਐ ; ਹਰਿ ਵਰੁ ਸਹਜਿ ਸੀਗਾਰੁ ॥ (੫੮-੧੪, ਸਿਰੀਰਾਗੁ, ਮਃ ੧)

Serving the Guru, she finds peace, and her Husband Lord adorns her with intuitive wisdom.

ਸਚਿ ਮਾਣੇ ਪਿਰ ਸੇਜੜੀ ; ਗੂੜਾ ਹੇਤੁ ਪਿਆਰੁ ॥ (੫੮-੧੫, ਸਿਰੀਰਾਗੁ, ਮਃ ੧)

Truly, she enjoys the Bed of her Husband, through her deep love and affection.

ਗੁਰਮੁਖਿ ਜਾਣਿ ਸਿਞਾਣੀਐ ; ਗੁਰਿ ਮੇਲੀ ਗੁਣ ਚਾਰੁ ॥੨॥ (੫੮-੧੫, ਸਿਰੀਰਾਗੁ, ਮਃ ੧)

As Gurmukh, she comes to know Him. Meeting with the Guru, she maintains a virtuous lifestyle. ||2||

ਸਚਿ ਮਿਲਹੁ ਵਰ ਕਾਮਣੀ ; ਪਿਰਿ ਮੋਹੀ ਰੰਗੁ ਲਾਇ ॥ (੫੮-੧੬, ਸਿਰੀਰਾਗੁ, ਮਃ ੧)

Through Truth, meet your Husband Lord, O soul-bride. Enchanted by your Husband, enshrine love for Him.

ਮਨੁ ਤਨੁ ਸਾਚਿ ਵਿਗਸਿਆ ; (ਵਿਗੱਸਿਆ ਬੋਲੋ)
ਕੀਮਤਿ ਕਹਣੁ ਨ ਜਾਇ ॥ (੫੮-੧੬, ਸਿਰੀਰਾਗੁ, ਮਃ ੧)

Your mind and body shall blossom forth in Truth. The value of this cannot be described.

ਹਰਿ ਵਰੁ ਘਰਿ ਸੋਹਾਗਣੀ ; ਨਿਰਮਲ ਸਾਚੈ ਨਾਇ ॥੩॥ (੫੮-੧੭, ਸਿਰੀਰਾਗੁ, ਮਃ ੧)

The soul-bride finds her Husband Lord in the home of her own being; she is purified by the True Name. ||3||

ਮਨ ਮਹਿ ਮਨੂਆ ਜੇ ਮਰੈ ; ਤਾ ਪਿਰੁ ਰਾਵੈ ਨਾਰਿ ॥ (੫੮-੧੭, ਸਿਰੀਰਾਗੁ, ਮਃ ੧)

If the mind within the mind dies, then the Husband ravishes and enjoys His bride.

ਇਕਤੁ ਤਾਗੈ ਰਲਿ ਮਿਲੈ ; ਗਲਿ ਮੋਤੀਅਨ ਕਾ ਹਾਰੁ ॥ (੫੮-੧੮, ਸਿਰੀਰਾਗੁ, ਮਃ ੧)

They are woven into one texture, like pearls on a necklace around the neck.

ਸੰਤ ਸਭਾ ਸੁਖੁ ਊਪਜੈ ; ਗੁਰਮੁਖਿ ਨਾਮ ਅਧਾਰੁ ॥੪॥ (੫੮-੧੮, ਸਿਰੀਰਾਗੁ, ਮਃ ੧)

In the Society of the Saints, peace wells up; the Gurmukhs take the Support of the Naam. ||4||

ਖਿਨ ਮਹਿ ਉਪਜੈ , ਖਿਨਿ ਖਪੈ ; ਖਿਨੁ ਆਵੈ ਖਿਨੁ ਜਾਇ ॥ (੫੮-੧੯, ਸਿਰੀਰਾਗੁ, ਮਃ ੧)

In an instant, one is born, and in an instant, one dies. In an instant one comes, and in an instant one goes.

ਸਬਦੁ ਪਛਾਣੈ ਰਵਿ ਰਹੈ ; ਨਾ ਤਿਸੁ ਕਾਲੁ ਸੰਤਾਇ ॥ (੫੮-੧੯, ਸਿਰੀਰਾਗੁ, ਮਃ ੧)

One who recognizes the True Guru's Hymns (Gurbani) merges into it, and is not afflicted by death.

ਸਾਹਿਬੁ ਅਤੁਲੁ ਨ ਤੋਲੀਐ ; ਕਥਨਿ ਨ ਪਾਇਆ ਜਾਇ ॥੫॥ (੫੯-੧, ਸਿਰੀਰਾਗੁ, ਮਃ ੧)

Our Almighty and Master is Unweighable; He cannot be weighed. He cannot be found merely by talking. ||5||

ਵਾਪਾਰੀ ਵਣਜਾਰਿਆ ; ਆਏ ਵਜਹੁ ਲਿਖਾਇ ॥ (੫੯-੧, ਸਿਰੀਰਾਗੁ, ਮਃ ੧)

The merchants and the traders have come; their profits are pre-ordained.

ਕਾਰ ਕਮਾਵਹਿ ਸਚ ਕੀ ; ਲਾਹਾ ਮਿਲੈ ਰਜਾਇ ॥ (੫੯-੨, ਸਿਰੀਰਾਗੁ, ਮਃ ੧)

Those who practice Truth reap the profits, abiding in the Will of Almighty.

ਪੂੰਜੀ ਸਾਚੀ ਗੁਰੁ ਮਿਲੈ ; ਨਾ ਤਿਸੁ ਤਿਲੁ ਨ ਤਮਾਇ ॥੬॥ (੫੯-੨, ਸਿਰੀਰਾਗੁ, ਮਃ ੧)

With the Merchandise of Truth, they meet the Guru, who does not have a trace of greed. ||6||

ਗੁਰਮੁਖਿ ਤੋਲਿ ਤੁੋਲਾਇਸੀ ; ਸਚੁ ਤਰਾਜੀ ਤੋਲੁ ॥ (੫੯-੩, ਸਿਰੀਰਾਗੁ, ਮਃ ੧)

As Gurmukh, they are weighed and measured, in the balance and the scales of Truth.

ਆਸਾ ਮਨਸਾ ਮੋਹਣੀ ; ਗੁਰਿ ਠਾਕੀ ਸਚੁ ਬੋਲੁ ॥ (੫੯-੩, ਸਿਰੀਰਾਗੁ, ਮਃ ੧)

The enticements of hope and desire are quieted by the Guru, whose Word is True.

ਆਪਿ ਤੁਲਾਏ ਤੋਲਸੀ ; ਪੂਰੇ ਪੂਰਾ ਤੋਲੁ ॥੭॥ (੫੯-੪, ਸਿਰੀਰਾਗੁ, ਮਃ ੧)

He Himself weighs with the scale; perfect is the weighing of the Perfect One. ||7||

ਕਥਨੈ ਕਹਣਿ ਨ ਛੁਟੀਐ ; ਨਾ ਪੜਿ ਪੁਸਤਕ ਭਾਰ ॥ (ਪੜ੍ਹ ਬੋਲੋ) (੫੯-੪, ਸਿਰੀਰਾਗੁ, ਮਃ ੧)

No one is saved by mere talk and speech, nor by reading loads of books.

ਕਾਇਆ ਸੋਚ ਨ ਪਾਈਐ ; (ਕਾਂਇਆਂ ਬੋਲੋ)
ਬਿਨੁ ਹਰਿ ਭਗਤਿ ਪਿਆਰ ॥ (੫੯-੪, ਸਿਰੀਰਾਗੁ, ਮਃ ੧)

The body does not obtain purity without loving devotion to the Almighty.

ਨਾਨਕ , ਨਾਮੁ ਨ ਵੀਸਰੈ ; ਮੇਲੇ ਗੁਰੁ ਕਰਤਾਰ ॥੮॥੯॥ (੫੯-੫, ਸਿਰੀਰਾਗੁ, ਮਃ ੧)

Guru Nanak says, never forget the Naam; the Guru shall unite us with the Creator. ||8||9||

ਸਿਰੀਰਾਗੁ , ਮਹਲਾ ੧ ॥ (੫੯-੬)

Sri Raag, First Guru:

ਸਤਿਗੁਰੁ ਪੂਰਾ ਜੇ ਮਿਲੈ ; ਪਾਈਐ ਰਤਨੁ ਬੀਚਾਰੁ ॥ (੫੯-੬, ਸਿਰੀਰਾਗੁ, ਮਃ ੧)

Meeting the Perfect True Guru, we find the jewel of meditative reflection.

ਮਨੁ ਦੀਜੈ ਗੁਰ ਆਪਣੇ ; ਪਾਈਐ ਸਰਬ ਪਿਆਰੁ ॥ (੫੯-੬, ਸਿਰੀਰਾਗੁ, ਮਃ ੧)

Surrendering our minds to our Guru, we find universal love.

ਮੁਕਤਿ ਪਦਾਰਥੁ ਪਾਈਐ ;
ਅਵਗਣ ਮੇਟਣਹਾਰੁ ॥੧॥ (‘ਮੇਟਣ-ਹਾਰੁ’ ਬੋਲ) (੫੯-੭, ਸਿਰੀਰਾਗੁ, ਮਃ ੧)

We find the wealth of liberation, and our demerits are erased. ||1||

ਭਾਈ ਰੇ ; ਗੁਰ ਬਿਨੁ ਗਿਆਨੁ ਨ ਹੋਇ ॥ (੫੯-੭, ਸਿਰੀਰਾਗੁ, ਮਃ ੧)

O Siblings of Destiny, without the Guru, there is no spiritual wisdom.

ਪੂਛਹੁ ਬ੍ਰਹਮੇ ਨਾਰਦੈ ; ਬੇਦ ਬਿਆਸੈ ਕੋਇ ॥੧॥ ਰਹਾਉ ॥ (੫੯-੮, ਸਿਰੀਰਾਗੁ, ਮਃ ੧)

Go and ask Brahma, Naarad and Vyaas, the writer of the Vedas. ||1||Pause||

ਗਿਆਨੁ ਧਿਆਨੁ ਧੁਨਿ ਜਾਣੀਐ ; ਅਕਥੁ ਕਹਾਵੈ ਸੋਇ ॥ (੫੯-੮, ਸਿਰੀਰਾਗੁ, ਮਃ ੧)

Know that from the vibration of the Word, we obtain spiritual wisdom and meditation. Through it, we speak the Unspoken.

ਸਫਲਿਓ ਬਿਰਖੁ ਹਰੀਆਵਲਾ ; ਛਾਵ ਘਣੇਰੀ ਹੋਇ ॥ (੫੯-੯, ਸਿਰੀਰਾਗੁ, ਮः ੧)

He is the fruit-bearing Tree, luxuriantly green with abundant shade.

ਲਾਲ ਜਵੇਹਰ ਮਾਣਕੀ ; ਗੁਰ ਭੰਡਾਰੈ ਸੋਇ ॥੨॥ (੫੯-੯, ਸਿਰੀਰਾਗੁ, ਮः ੧)

The rubies, jewels and emeralds are in the Guru's Treasury. ||2||

ਗੁਰ ਭੰਡਾਰੈ ਪਾਈਐ ; ਨਿਰਮਲ ਨਾਮ ਪਿਆਰੁ ॥ (੫੯-੧੦, ਸਿਰੀਰਾਗੁ, ਮः ੧)

From the Guru's Treasury, we receive the Love of the Immaculate Naam, the Name of the Almighty.

ਸਾਚੋ ਵਖਰੁ ਸੰਚੀਐ ; ਪੂਰੈ ਕਰਮਿ ਅਪਾਰੁ ॥ (੫੯-੧੦, ਸਿਰੀਰਾਗੁ, ਮः ੧)

We gather in the True Merchandise, through the Perfect Grace of the Infinite.

ਸੁਖਦਾਤਾ ਦੁਖ ਮੇਟਣੋ ; ਸਤਿਗੁਰੁ ਅਸੁਰ ਸੰਘਾਰੁ ॥੩॥ (੫੯-੧੦, ਸਿਰੀਰਾਗੁ, ਮः ੧)

The True Guru is the Giver of peace, the Dispeller of pain, the Destroyer of demons. ||3||

ਭਵਜਲੁ ਬਿਖਮੁ ਡਰਾਵਣੋ ; ਨਾ ਕੰਧੀ ਨਾ ਪਾਰੁ ॥ (੫੯-੧੧, ਸਿਰੀਰਾਗੁ, ਮः ੧)

The terrifying world-ocean is difficult and dreadful; there is no shore on this side or the one beyond.

ਨਾ ਬੇੜੀ ਨਾ ਤੁਲਹੜਾ ; ਨਾ ਤਿਸੁ ਵੰਝੁ ਮਲਾਰੁ ॥ (੫੯-੧੧, ਸਿਰੀਰਾਗੁ, ਮः ੧)

There is no boat, no raft, no oars and no boatman.

ਸਤਿਗੁਰੁ ਭੈ ਕਾ ਬੋਹਿਥਾ ; ਨਦਰੀ ਪਾਰਿ ਉਤਾਰੁ ॥੪॥ (੫੯-੧੨, ਸਿਰੀਰਾਗੁ, ਮः ੧)

The True Guru is the only boat on this terrifying ocean. His Glance of Grace carries us across. ||4||

ਇਕੁ ਤਿਲੁ ਪਿਆਰਾ ਵਿਸਰੈ ; ਦੁਖੁ ਲਾਗੈ ਸੁਖੁ ਜਾਇ ॥ (੫੯-੧੨, ਸਿਰੀਰਾਗੁ, ਮः ੧)

If I forget my Beloved, even for an instant, suffering overtakes me and peace departs.

ਜਿਹਵਾ ਜਲਉ ਜਲਾਵਣੀ ; ਨਾਮੁ ਨ ਜਪੈ ਰਸਾਇ ॥ (੫੯-੧੩, ਸਿਰੀਰਾਗੁ, ਮः ੧)

Let that tongue be burnt in flames, which does not chant the Naam with love.

ਘਟੁ ਬਿਨਸੈ ਦੁਖੁ ਅਗਲੋ ; ਜਮੁ ਪਕੜੈ ਪਛੁਤਾਇ ॥੫॥ (੫੯-੧੩, ਸਿਰੀਰਾਗੁ, ਮः ੧)

When the pitcher of the body bursts, there is terrible pain; those who are caught by the Minister of Death regret and repent. ||5||

ਮੇਰੀ ਮੇਰੀ ਕਰਿ ਗਏ ;
ਤਨੁ ਧਨੁ ਕਲਤੁ ਨ ਸਾਥਿ ॥ (ਕਲੱਤੁ ਬੋਲੋ) (੫੯-੧੪, ਸਿਰੀਰਾਗੁ, ਮਃ ੧)

Crying out, "Mine! Mine!", they have departed, but their bodies, their wealth, and their wives did not go with them.

ਬਿਨੁ ਨਾਵੈ ਧਨੁ ਬਾਦਿ ਹੈ ; ਭੂਲੋ ਮਾਰਗਿ , ਆਥਿ ॥ (੫੯-੧੪, ਸਿਰੀਰਾਗੁ, ਮਃ ੧)

Without the Name, wealth is useless; deceived by wealth, they have lost their way.

ਸਾਚਉ ਸਾਹਿਬੁ ਸੇਵੀਐ ; ਗੁਰਮੁਖਿ ਅਕਥੋ ਕਾਥਿ ॥੬॥ (੫੯-੧੪, ਸਿਰੀਰਾਗੁ, ਮਃ ੧)

So serve the True Almighty; become Gurmukh, and speak the Unspoken. ||6||

ਆਵੈ ਜਾਇ ਭਵਾਈਐ ; ਪਇਐ ਕਿਰਤਿ ਕਮਾਇ ॥ (੫੯-੧੫, ਸਿਰੀਰਾਗੁ, ਮਃ ੧)

Coming and going, people wander through reincarnation; they act according to their past actions.

ਪੂਰਬਿ ਲਿਖਿਆ ਕਿਉ ਮੇਟੀਐ ; ਲਿਖਿਆ ਲੇਖੁ ਰਜਾਇ ॥ (੫੯-੧੫, ਸਿਰੀਰਾਗੁ, ਮਃ ੧)

How can one's pre-ordained destiny be erased? It is written in accordance with the Almighty's Will.

ਬਿਨੁ ਹਰਿ ਨਾਮ ਨ ਛੁਟੀਐ ; ਗੁਰਮਤਿ ਮਿਲੈ ਮਿਲਾਇ ॥੭॥ (੫੯-੧੬, ਸਿਰੀਰਾਗੁ, ਮਃ ੧)

Without the Name of the Almighty, no one can be saved. Through the Guru's Teachings, we are united in His Union. ||7||

ਤਿਸੁ ਬਿਨੁ ਮੇਰਾ ਕੋ ਨਹੀ ; ਜਿਸ ਕਾ ਜੀਉ ਪਰਾਨੁ ॥ (੫੯-੧੭, ਸਿਰੀਰਾਗੁ, ਮਃ ੧)

Without Him, I have no one to call my own. My soul and my breath of life belong to Him.

ਹਉਮੈ ਮਮਤਾ ਜਲਿ ਬਲਉ ; ਲੋਭੁ ਜਲਉ ਅਭਿਮਾਨੁ ॥ (੫੯-੧੭, ਸਿਰੀਰਾਗੁ, ਮਃ ੧)

May my egotism and possessiveness be burnt to ashes, and my greed and egotistical pride consigned to the fire.

ਨਾਨਕ , ਸਬਦੁ ਵੀਚਾਰੀਐ ; ਪਾਈਐ ਗੁਣੀ ਨਿਧਾਨੁ ॥੮॥੧੦॥ (੫੯-੧੮, ਸਿਰੀਰਾਗੁ, ਮਃ ੧)

Guru Guru Nanak, contemplating the True Guru's Hymns (Gurbani), the Treasure of Excellence is obtained. ||8||10||

ਸਿਰੀਰਾਗੁ , ਮਹਲਾ ੧ ॥ (੫੯-੧੮)

Sri Raag, First Guru:

ਰੇ ਮਨ , ਐਸੀ ਹਰਿ ਸਿਉ ਪ੍ਰੀਤਿ ਕਰਿ ; ਜੈਸੀ ਜਲ ਕਮਲੇਹਿ ॥ (੫੯-੧੮, ਸਿਰੀਰਾਗੁ, ਮਃ ੧)

O mind, love the Almighty, as the lotus loves the water.

ਲਹਰੀ ਨਾਲਿ ਪਛਾੜੀਐ ; ਭੀ ਵਿਗਸੈ ਅਸਨੇਹਿ ॥ (੫੯-੧੯, ਸਿਰੀਰਾਗੁ, ਮਃ ੧)

Tossed about by the waves, it still blossoms with love.

ਜਲ ਮਹਿ ਜੀਅ ਉਪਾਇ ਕੈ ; ਬਿਨੁ ਜਲ ਮਰਣੁ ਤਿਨੇਹਿ ॥੧॥ (੫੯-੧੯, ਸਿਰੀਰਾਗੁ, ਮਃ ੧)

In the water, the creatures are created; outside of the water they die. ||1||

ਮਨ ਰੇ ; ਕਿਉ ਛੂਟਹਿ ਬਿਨੁ ਪਿਆਰ ॥ (੬੦-੧, ਸਿਰੀਰਾਗੁ, ਮਃ ੧)

O mind, how can you be saved without love?

ਗੁਰਮੁਖਿ ਅੰਤਰਿ ਰਵਿ ਰਹਿਆ ;
ਬਖਸੇ ਭਗਤਿ ਭੰਡਾਰ ॥੧॥ ਰਹਾਉ ॥ (੬੦-੧, ਸਿਰੀਰਾਗੁ, ਮਃ ੧)

Almighty permeates the inner beings of the Gurmukhs. They are blessed with the treasure of devotion. ||1||Pause||

ਰੇ ਮਨ , ਐਸੀ ਹਰਿ ਸਿਉ ਪ੍ਰੀਤਿ ਕਰਿ ; ਜੈਸੀ ਮਛੁਲੀ ਨੀਰ ॥ (੬੦-੨, ਸਿਰੀਰਾਗੁ, ਮਃ ੧)

O mind, love the Almighty, as the fish loves the water.

ਜਿਉ ਅਧਿਕਉ , ਤਿਉ ਸੁਖੁ ਘਣੋ ; ਮਨਿ ਤਨਿ ਸਾਂਤਿ ਸਰੀਰ ॥ (੬੦-੨, ਸਿਰੀਰਾਗੁ, ਮਃ ੧)

The more the water, the more the happiness, and the greater the peace of mind and body.

ਬਿਨੁ ਜਲ ਘੜੀ ਨ ਜੀਵਈ ; ਪ੍ਰਭੁ ਜਾਣੈ ਅਭ ਪੀਰ ॥੨॥ (੬੦-੩, ਸਿਰੀਰਾਗੁ, ਮਃ ੧)

Without water, she cannot live, even for an instant. Almighty knows the suffering of her mind. ||2||

ਰੇ ਮਨ , ਐਸੀ ਹਰਿ ਸਿਉ ਪ੍ਰੀਤਿ ਕਰਿ ; ਜੈਸੀ ਚਾਤ੍ਰਿਕ ਮੇਹ ॥ (੬੦-੪, ਸਿਰੀਰਾਗੁ, ਮਃ ੧)

O mind, love the Almighty, as the song-bird loves the rain.

ਸਰ ਭਰਿ ਥਲ ਹਰੀਆਵਲੇ ; ਇਕ ਬੂੰਦ ਨ ਪਵਈ ਕੇਹ ॥ (੬੦-੪, ਸਿਰੀਰਾਗੁ, ਮਃ ੧)

The pools are overflowing with water, and the land is luxuriantly green, but what are they to her, if that single drop of rain does not fall into her mouth?

ਕਰਮਿ ਮਿਲੈ ਸੋ ਪਾਈਐ ; ਕਿਰਤੁ ਪਇਆ ਸਿਰਿ ਦੇਹ ॥੩॥ (੬੦-੫, ਸਿਰੀਰਾਗੁ, ਮਃ ੧)

By His Grace, she receives it; otherwise, because of her past actions, she gives her head. ||3||

ਰੇ ਮਨ , ਐਸੀ ਹਰਿ ਸਿਉ ਪ੍ਰੀਤਿ ਕਰਿ ; ਜੈਸੀ ਜਲ ਦੁਧ ਹੋਇ ॥ (੬੦-੫, ਸਿਰੀਰਾਗੁ, ਮਃ ੧)

O mind, love the Almighty, as the water loves the milk.

ਆਵਟਣੁ ਆਪੇ ਖਵੈ ; (ਆਵੱਟਣੁ ਬੋਲੋ)
ਦੁਧ ਕਉ ਖਪਣਿ ਨ ਦੇਇ ॥ (੬੦-੬, ਸਿਰੀਰਾਗੁ, ਮਃ ੧)

The water, added to the milk, itself bears the heat, and prevents the milk from burning.

ਆਪੇ ਮੇਲਿ ਵਿਛੁੰਨਿਆ ; ਸਚਿ ਵਡਿਆਈ ਦੇਇ ॥੪॥ (੬੦-੬, ਸਿਰੀਰਾਗੁ, ਮਃ ੧)

Almighty unites the separated ones with Himself again, and blesses them with true greatness. ||4||

ਰੇ ਮਨ , ਐਸੀ ਹਰਿ ਸਿਉ ਪ੍ਰੀਤਿ ਕਰਿ ; ਜੈਸੀ ਚਕਵੀ ਸੂਰ ॥ (੬੦-੭, ਸਿਰੀਰਾਗੁ, ਮਃ ੧)

O mind, love the Almighty, as the chakvee duck loves the sun.

ਖਿਨੁ ਪਲੁ ਨੀਦ ਨ ਸੋਵਈ ; ਜਾਣੈ ਦੂਰਿ ਹਜੂਰਿ ॥ (੬੦-੭, ਸਿਰੀਰਾਗੁ, ਮਃ ੧)

She does not sleep, for an instant or a moment; the sun is so far away, but she thinks that it is near.

ਮਨਮੁਖਿ ਸੋਝੀ ਨਾ ਪਵੈ ; ਗੁਰਮੁਖਿ ਸਦਾ ਹਜੂਰਿ ॥੫॥ (੬੦-੮, ਸਿਰੀਰਾਗੁ, ਮਃ ੧)

Understanding does not come to the self-willed manmukh. But to the Gurmukh, the Almighty is always close. ||5||

ਮਨਮੁਖਿ ਗਣਤ ਗਣਾਵਣੀ ; ਕਰਤਾ ਕਰੇ ਸੁ ਹੋਇ ॥ (੬੦-੮, ਸਿਰੀਰਾਗੁ, ਮਃ ੧)

The self-willed manmukhs make their calculations and plans, but only the actions of the Creator come to pass.

ਤਾ ਕੀ ਕੀਮਤਿ ਨਾ ਪਵੈ ; ਜੇ ਲੋਚੈ ਸਭੁ ਕੋਇ ॥ (੬੦-੯, ਸਿਰੀਰਾਗੁ, ਮਃ ੧)

His Value cannot be estimated, even though everyone may wish to do so.

ਗੁਰਮਤਿ ਹੋਇ ਤ ਪਾਈਐ ; ਸਚਿ ਮਿਲੈ ਸੁਖੁ ਹੋਇ ॥੬॥ (੬੦-੯, ਸਿਰੀਰਾਗੁ, ਮਃ ੧)

Through the Guru's Teachings, it is revealed. Meeting with the True One, peace is found. ||6||

ਸਚਾ ਨੇਹੁ ਨ ਤੁਟਈ ; ਜੇ ਸਤਿਗੁਰੁ ਭੇਟੈ ਸੋਇ ॥ (੬੦-੧੦, ਸਿਰੀਰਾਗੁ, ਮਃ ੧)

True love shall not be broken, if the True Guru is met.

ਗਿਆਨ ਪਦਾਰਥੁ ਪਾਈਐ ; ਤ੍ਰਿਭਵਣ ਸੋਝੀ ਹੋਇ ॥ (੬੦-੧੦, ਸਿਰੀਰਾਗੁ, ਮਃ ੧)

Obtaining the wealth of spiritual wisdom, the understanding of the three worlds is acquired.

ਨਿਰਮਲੁ ਨਾਮੁ ਨ ਵੀਸਰੈ ; ਜੇ ਗੁਣ ਕਾ ਗਾਹਕੁ ਹੋਇ ॥੭॥ (੬੦-੧੦, ਸਿਰੀਰਾਗੁ, ਮਃ ੧)

So become a customer of merit, and do not forget the Immaculate Naam, the Name of the Almighty. ||7||

ਖੇਲਿ ਗਏ ਸੇ ਪੰਖਣੂੰ ; ਜੋ ਚੁਗਦੇ ਸਰ ਤਲਿ ॥ (੬੦-੧੧, ਸਿਰੀਰਾਗੁ, ਮਃ ੧)

Those birds which peck at the shore of the pool have played and have departed.

ਘੜੀ ਕਿ , ਮੁਹਤਿ ਕਿ , ਚਲਣਾ ; ਖੇਲਣੁ ਅਜੁ , ਕਿ ਕਲਿ ॥ (੬੦-੧੧, ਸਿਰੀਰਾਗੁ, ਮਃ ੧)

In a moment, in an instant, we too must depart. Our play is only for today or tomorrow.

ਜਿਸੁ ਤੂੰ ਮੇਲਹਿ ਸੋ ਮਿਲੈ ; ਜਾਇ ਸਚਾ ਪਿੜੁ ਮਲਿ ॥੮॥ (੬੦-੧੨, ਸਿਰੀਰਾਗੁ, ਮਃ ੧)

But those whom You unite, Almighty, are united with You; they obtain a seat in the Arena of Truth. ||8||

ਬਿਨੁ ਗੁਰ ਪ੍ਰੀਤਿ ਨ ਊਪਜੈ ; ਹਉਮੈ ਮੈਲੁ ਨ ਜਾਇ ॥ (੬੦-੧੨, ਸਿਰੀਰਾਗੁ, ਮਃ ੧)

Without the Guru, love does not well up, and the filth of egotism does not depart.

ਸੋਹੰ ਆਪੁ ਪਛਾਣੀਐ ; ਸਬਦਿ ਭੇਦਿ ਪਤੀਆਇ ॥ (੬੦-੧੩, ਸਿਰੀਰਾਗੁ, ਮਃ ੧)

One who recognizes within himself that, "He is me", and who is pierced through by the Shabad, is satisfied.

ਗੁਰਮੁਖਿ ਆਪੁ ਪਛਾਣੀਐ ; ਅਵਰ ਕਿ ਕਰੇ ਕਰਾਇ ॥੯॥ (੬੦-੧੩, ਸਿਰੀਰਾਗੁ, ਮਃ ੧)

When one becomes Gurmukh and realizes his own self, what more is there left to do or have done? ||9||

ਮਿਲਿਆ ਕਾ ਕਿਆ ਮੇਲੀਐ ; ਸਬਦਿ ਮਿਲੇ ਪਤੀਆਇ ॥ (੬੦-੧੪, ਸਿਰੀਰਾਗੁ, ਮਃ ੧)

Why speak of union to those who are already united with the Almighty? Receiving the Shabad, they are satisfied.

ਮਨਮੁਖਿ ਸੋਝੀ ਨਾ ਪਵੈ ; ਵੀਛੁੜਿ ਚੋਟਾ ਖਾਇ ॥ (੬੦-੧੪, ਸਿਰੀਰਾਗੁ, ਮਃ ੧)

The self-willed manmukhs do not understand; separated from Him, they endure beatings.

ਨਾਨਕ , ਦਰੁ ਘਰੁ ਏਕੁ ਹੈ ; ਅਵਰੁ ਨ ਦੂਜੀ ਜਾਇ ॥੧੦॥੧੧॥ (੬੦-੧੫, ਸਿਰੀਰਾਗੁ, ਮਃ ੧)

Guru Nanak says, there is only the one door to His Home; there is no other place at all. ||10||11||

ਸਿਰੀਰਾਗੁ , ਮਹਲਾ ੧ ॥ (੬੦-੧੫)

Sri Raag, First Guru:

ਮਨਮੁਖਿ ਭੁਲੈ ਭੁਲਾਈਐ ; ਭੂਲੀ ਠਉਰ ਨ ਕਾਇ ॥ (੬੦-੧੬, ਸਿਰੀਰਾਗੁ, ਮਃ ੧)

The self-willed manmukhs wander around, deluded and deceived. They find no place of rest.

ਗੁਰ ਬਿਨੁ ਕੋ ਨ ਦਿਖਾਵਈ ; ਅੰਧੀ ਆਵੈ ਜਾਇ ॥ (੬੦-੧੬, ਸਿਰੀਰਾਗੁ, ਮਃ ੧)

Without the Guru, no one is shown the Way. Like the blind, they continue coming and going.

ਗਿਆਨ ਪਦਾਰਥੁ ਖੋਇਆ ; ਠਗਿਆ ਮੁਠਾ ਜਾਇ ॥੧॥ (੬੦-੧੬, ਸਿਰੀਰਾਗੁ, ਮਃ ੧)

Having lost the treasure of spiritual wisdom, they depart, defrauded and plundered. ||1||

ਬਾਬਾ ; ਮਾਇਆ ਭਰਮਿ ਭੁਲਾਇ ॥ (੬੦-੧੭, ਸਿਰੀਰਾਗੁ, ਮਃ ੧)

O Baba, Maya deceives with its illusion.

ਭਰਮਿ ਭੁਲੀ ਡੋਹਾਗਣੀ ; ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥ (੬੦-੧੭, ਸਿਰੀਰਾਗੁ, ਮਃ ੧)

Deceived by doubt, the discarded bride is not received into the Lap of her Beloved. ||1||Pause||

ਭੂਲੀ ਫਿਰੈ ਦਿਸੰਤਰੀ ; ਭੂਲੀ ਗ੍ਰਿਹੁ ਤਜਿ ਜਾਇ ॥ (੬੦-੧੮, ਸਿਰੀਰਾਗੁ, ਮਃ ੧)

The deceived bride wanders around in foreign lands; she leaves, and abandons her own home.

ਭੂਲੀ ਡੂੰਗਰਿ ਥਲਿ ਚੜੈ ; ਭਰਮੈ ਮਨੁ ਡੋਲਾਇ ॥ (੬੦-੧੮, ਸਿਰੀਰਾਗੁ, ਮਃ ੧)

Deceived, she climbs the plateaus and mountains; her mind wavers in doubt.

ਧੁਰਹੁ ਵਿਛੁੰਨੀ ਕਿਉ ਮਿਲੈ ; ਗਰਬਿ ਮੁਠੀ ਬਿਲਲਾਇ ॥੨॥ (੬੦-੧੯, ਸਿਰੀਰਾਗੁ, ਮਃ ੧)

Separated from the Primal Being, how can she meet with Him again? Plundered by pride, she cries out and bewails. ||2||

ਵਿਛੁੜਿਆ ਗੁਰੁ ਮੇਲਸੀ ; ਹਰਿ ਰਸਿ ਨਾਮ ਪਿਆਰਿ ॥ (੬੦-੧੯, ਸਿਰੀਰਾਗੁ, ਮਃ ੧)

The Guru unites the separated ones with the Almighty again, through the love of the Delicious Name of the Almighty.

ਸਾਚਿ ਸਹਜਿ ਸੋਭਾ ਘਣੀ ; ਹਰਿ ਗੁਣ ਨਾਮ ਅਧਾਰਿ ॥ (੬੧-੧, ਸਿਰੀਰਾਗੁ, ਮਃ ੧)

Through truth and intuitive poise, great honor is obtained, with the Support of the Naam and the Glory of the Almighty.

ਜਿਉ ਭਾਵੈ ਤਿਉ ਰਖੁ ਤੂੰ ; ਮੈ ਤੁਝ ਬਿਨੁ ਕਵਨੁ ਭਤਾਰੁ ॥੩॥ (੬੧-੧, ਸਿਰੀਰਾਗੁ, ਮਃ ੧)

As it pleases You, Almighty, please save and protect me. Without You, O my Husband Almighty, who else is there for me? ||3||

ਅਖਰ ਪੜਿ ਪੜਿ ਭੁਲੀਐ ; ਭੇਖੀ ਬਹੁਤੁ ਅਭਿਮਾਨੁ ॥ (ਪੜ੍ਹ ਬੋਲੋ) (੬੧-੨, ਸਿਰੀਰਾਗੁ, ਮਃ ੧)

Reading their books over and over again, people continue making mistakes; they are so proud of their religious robes.

ਤੀਰਥ ਨਾਤਾ ਕਿਆ ਕਰੇ ; ਮਨ ਮਹਿ ਮੈਲੁ ਗੁਮਾਨੁ ॥ (ਨ੍ਹਾਤਾ ਬੋਲੋ) (੬੧-੨, ਸਿਰੀਰਾਗੁ, ਮਃ ੧)

But what is the use of bathing at sacred shrines of pilgrimage, when the filth of stubborn pride is within the mind?

ਗੁਰ ਬਿਨੁ ਕਿਨਿ ਸਮਝਾਈਐ ; ਮਨੁ ਰਾਜਾ ਸੁਲਤਾਨੁ ॥੪॥ (੬੧-੩, ਸਿਰੀਰਾਗੁ, ਮਃ ੧)

Other than the Guru, who can explain that within the mind is the Almighty, the King, the Emperor? ||4||

ਪ੍ਰੇਮ ਪਦਾਰਥੁ ਪਾਈਐ ; ਗੁਰਮੁਖਿ ਤਤੁ ਵੀਚਾਰੁ ॥ (੬੧-੩, ਸਿਰੀਰਾਗੁ, ਮਃ ੧)

The Treasure of the Almighty's Love is obtained by the Gurmukh, who contemplates the essence of reality.

ਸਾ ਧਨ ਆਪੁ ਗਵਾਇਆ ; ਗੁਰ ਕੈ ਸਬਦਿ ਸੀਗਾਰੁ ॥ (੬੧-੪, ਸਿਰੀਰਾਗੁ, ਮਃ ੧)

The bride eradicates her selfishness, and adorns herself with the Word of the Guru's Shabad.

ਘਰ ਹੀ ਸੋ ਪਿਰੁ ਪਾਇਆ ; ਗੁਰ ਕੈ ਹੇਤਿ ਅਪਾਰੁ ॥੫॥ (੬੧-੪, ਸਿਰੀਰਾਗੁ, ਮਃ ੧)

Within her own home, she finds her Husband, through infinite love for the Guru. ||5||

ਗੁਰ ਕੀ ਸੇਵਾ ਚਾਕਰੀ ; ਮਨੁ ਨਿਰਮਲੁ ਸੁਖੁ ਹੋਇ ॥ (੬੧-੫, ਸਿਰੀਰਾਗੁ, ਮਃ ੧)

Applying oneself to the service of the Guru, the mind is purified, and peace is obtained.

ਗੁਰ ਕਾ ਸਬਦੁ ਮਨਿ ਵਸਿਆ ; ਹਉਮੈ ਵਿਚਹੁ ਖੋਇ ॥ (੬੧-੫, ਸਿਰੀਰਾਗੁ, ਮਃ ੧)

The True Guru's Sermons (Gurbani) abides within the mind, and egotism is eliminated from within.

ਨਾਮੁ ਪਦਾਰਥੁ ਪਾਇਆ ; ਲਾਭੁ ਸਦਾ ਮਨਿ ਹੋਇ ॥੬॥ (੬੧-੬, ਸਿਰੀਰਾਗੁ, ਮਃ ੧)

The Treasure of the Naam is acquired, and the mind reaps the lasting profit. ||6||

ਕਰਮਿ ਮਿਲੈ ਤਾ ਪਾਈਐ ; ਆਪਿ ਨ ਲਇਆ ਜਾਇ ॥ (੬੧-੬, ਸਿਰੀਰਾਗੁ, ਮਃ ੧)

If He grants His Grace, then we obtain it. We cannot find it by our own efforts.

ਗੁਰ ਕੀ ਚਰਣੀ ਲਗਿ ਰਹੁ ; ਵਿਚਹੁ ਆਪੁ ਗਵਾਇ ॥ (੬੧-੭, ਸਿਰੀਰਾਗੁ, ਮਃ ੧)

Remain attached to the Feet of the Guru, and eradicate selfishness from within.

ਸਚੇ ਸੇਤੀ ਰਤਿਆ ; ਸਚੋ ਪਲੈ ਪਾਇ ॥੭॥ ('ਰੱਤਿਆ' ਨੂੰ ਭਾਰਾ ਬੋਲੋ) (੬੧-੭, ਸਿਰੀਰਾਗੁ, ਮਃ ੧)

Attuned to Truth, you shall obtain the True One. ||7||

ਭੁਲਣ ਅੰਦਰਿ ਸਭੁ ਕੋ ;
ਅਭੁਲੁ ਗੁਰੂ ਕਰਤਾਰੁ ॥ (ਅ-ਭੁੱਲੁ' ਬੋਲੋ) (੬੧-੭, ਸਿਰੀਰਾਗੁ, ਮਃ ੧)

Everyone makes mistakes; only the Guru and the Creator are infallible.

ਗੁਰਮਤਿ ਮਨੁ ਸਮਝਾਇਆ ; ਲਾਗਾ ਤਿਸੈ ਪਿਆਰੁ ॥ (੬੧-੮, ਸਿਰੀਰਾਗੁ, ਮਃ ੧)

One who instructs his mind with the Guru's Teachings comes to embrace love for the Almighty.

ਨਾਨਕ , ਸਾਚੁ ਨ ਵੀਸਰੈ ; ਮੇਲੇ ਸਬਦੁ ਅਪਾਰੁ ॥੮॥੧੨॥ (੬੧-੮, ਸਿਰੀਰਾਗੁ, ਮਃ ੧)

Dear Guru Nanak, do not forget the Truth; you shall receive the Infinite True Guru's Hymns (Gurbani). ||8||12||

ਸਿਰੀਰਾਗੁ , ਮਹਲਾ ੧ ॥ (੬੧-੯)

Sri Raag, First Guru:

ਤ੍ਰਿਸਨਾ ਮਾਇਆ ਮੋਹਣੀ ; ਸੁਤ ਬੰਧਪ ਘਰ ਨਾਰਿ ॥ (੬੧-੯, ਸਿਰੀਰਾਗੁ, ਮਃ ੧)

The enticing desire for Maya leads people to become emotionally attached to their children, relatives, households and spouses.

ਧਨਿ ਜੋਬਨਿ ਜਗੁ ਠਗਿਆ ; ਲਬਿ ਲੋਭਿ ਅਹੰਕਾਰਿ ॥ (੬੧-੧੦, ਸਿਰੀਰਾਗੁ, ਮਃ ੧)

The world is deceived and plundered by riches, youth, greed and egotism.

ਮੋਹ ਠਗਉਲੀ ਹਉ ਮੁਈ ; ਸਾ ਵਰਤੈ ਸੰਸਾਰਿ ॥੧॥ (੬੧-੧੦, ਸਿਰੀਰਾਗੁ, ਮਃ ੧)

The drug of emotional attachment has destroyed me, as it has destroyed the whole world. ||1||

ਮੇਰੇ ਪ੍ਰੀਤਮਾ ; ਮੈ ਤੁਝ ਬਿਨੁ ਅਵਰੁ ਨ ਕੋਇ ॥ (੬੧-੧੦, ਸਿਰੀਰਾਗੁ, ਮਃ ੧)

O my Beloved, I have no one except You.

ਮੈ ਤੁਝ ਬਿਨੁ ਅਵਰੁ ਨ ਭਾਵਈ ;
ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥ (੬੧-੧੧, ਸਿਰੀਰਾਗੁ, ਮਃ ੧)

Without You, nothing else pleases me. Loving You, I am at peace. ||1||Pause||

ਨਾਮੁ ਸਾਲਾਹੀ ਰੰਗ ਸਿਉ ; ਗੁਰ ਕੈ ਸਬਦਿ ਸੰਤੋਖੁ ॥ (੬੧-੧੧, ਸਿਰੀਰਾਗੁ, ਮਃ ੧)

I sing the Praises of the Naam, the Name of the Almighty, with love; I am content with the Word of the Guru's Shabad.

ਜੋ ਦੀਸੈ ਸੋ ਚਲਸੀ ; ਕੂੜਾ ਮੋਹੁ ਨ ਵੇਖੁ ॥ (੬੧-੧੨, ਸਿਰੀਰਾਗੁ, ਮਃ ੧)

Whatever is seen shall pass away. So do not be attached to this false show.

ਵਾਟ ਵਟਾਊ ਆਇਆ ; ਨਿਤ ਚਲਦਾ ਸਾਥੁ ਦੇਖੁ ॥੨॥ (੬੧-੧੨, ਸਿਰੀਰਾਗੁ, ਮਃ ੧)

Like a traveller in his travels, you have come. Behold the caravan leaving each day. ||2||

ਆਖਣਿ ਆਖਹਿ ਕੇਤੜੇ ; ਗੁਰ ਬਿਨੁ ਬੂਝ ਨ ਹੋਇ ॥ (੬੧-੧੩, ਸਿਰੀਰਾਗੁ, ਮਃ ੧)

Many preach sermons, but without the Guru, understanding is not obtained.

ਨਾਮੁ ਵਡਾਈ ਜੇ ਮਿਲੈ ; ਸਚਿ ਰਪੈ ਪਤਿ ਹੋਇ ॥ (੬੧-੧੩, ਸਿਰੀਰਾਗੁ, ਮਃ ੧)

If someone receives the Glory of the Naam, he is attuned to truth and blessed with honor.

ਜੋ ਤੁਧੁ ਭਾਵਹਿ , ਸੇ ਭਲੇ ; ਖੋਟਾ ਖਰਾ ਨ ਕੋਇ ॥੩॥ (੬੧-੧੪, ਸਿਰੀਰਾਗੁ, ਮਃ ੧)

Those who are pleasing to You are good; no one is counterfeit or genuine. ||3||

ਗੁਰ ਸਰਣਾਈ ਛੁਟੀਐ ; ਮਨਮੁਖ ਖੋਟੀ ਰਾਸਿ ॥ (੬੧-੧੪, ਸਿਰੀਰਾਗੁ, ਮਃ ੧)

In the Guru's Sanctuary we are saved. The assets of the self-willed manmukhs are false.

ਅਸਟ ਧਾਤੁ ਪਾਤਿਸਾਹ ਕੀ ; ਘੜੀਐ ਸਬਦਿ ਵਿਗਾਸਿ ॥ (੬੧-੧੪, ਸਿਰੀਰਾਗੁ, ਮਃ ੧)

The eight metals of the King are made into coins by the Word of His Shabad.

ਆਪੇ ਪਰਖੇ ਪਾਰਖੂ ; ਪਵੈ ਖਜਾਨੈ ਰਾਸਿ ॥੪॥ (੬੧-੧੫, ਸਿਰੀਰਾਗੁ, ਮਃ ੧)

The Assayer Himself assays them, and He places the genuine ones in His Treasury. ||4||

ਤੇਰੀ ਕੀਮਤਿ ਨਾ ਪਵੈ ; ਸਭ ਡਿਠੀ ਠੋਕਿ ਵਜਾਇ ॥ (੬੧-੧੫, ਸਿਰੀਰਾਗੁ, ਮਃ ੧)

Your Value cannot be appraised; I have seen and tested everything.

ਕਹਣੈ ਹਾਥ ਨ ਲਭਈ ; ਸਚਿ ਟਿਕੈ ਪਤਿ ਪਾਇ ॥ (੬੧-੧੬, ਸਿਰੀਰਾਗੁ, ਮਃ ੧)

By speaking, His Depth cannot be found. Abiding in truth, honor is obtained.

ਗੁਰਮਤਿ ਤੂੰ ਸਾਲਾਹਣਾ ; ਹੋਰੁ ਕੀਮਤਿ ਕਹਣੁ ਨ ਜਾਇ ॥੫॥ (੬੧-੧੬, ਸਿਰੀਰਾਗੁ, ਮਃ ੧)

Through the Guru's Teachings, I praise You; otherwise, I cannot describe Your Value. ||5||

ਜਿਤੁ ਤਨਿ ਨਾਮੁ ਨ ਭਾਵਈ ; ਤਿਤੁ ਤਨਿ ਹਉਮੈ ਵਾਦੁ ॥ (੬੧-੧੭, ਸਿਰੀਰਾਗੁ, ਮਃ ੧)

That body which does not appreciate the Naam-that body is infested with egotism and conflict.

ਗੁਰ ਬਿਨੁ ਗਿਆਨੁ ਨ ਪਾਈਐ ; ਬਿਖਿਆ ਦੂਜਾ ਸਾਦੁ ॥ (੬੧-੧੭, ਸਿਰੀਰਾਗੁ, ਮਃ ੧)

Without the Guru, spiritual wisdom is not obtained; other tastes are poison.

ਬਿਨੁ ਗੁਣ ਕਾਮਿ ਨ ਆਵਈ ; ਮਾਇਆ ਫੀਕਾ ਸਾਦੁ ॥੬॥ (੬੧-੧੮, ਸਿਰੀਰਾਗੁ, ਮਃ ੧)

Without virtue, nothing is of any use. The taste of Maya is bland and insipid. ||6||

ਆਸਾ ਅੰਦਰਿ ਜੰਮਿਆ ; ਆਸਾ ਰਸ ਕਸ ਖਾਇ ॥ (੬੧-੧੮, ਸਿਰੀਰਾਗੁ, ਮਃ ੧)

Through desire, people are cast into the womb and reborn. Through desire, they taste the sweet and sour flavors.

ਆਸਾ ਬੰਧਿ ਚਲਾਈਐ ; ਮੁਹੇ ਮੁਹਿ ਚੋਟਾ ਖਾਇ ॥ (੬੧-੧੯, ਸਿਰੀਰਾਗੁ, ਮਃ ੧)

Bound by desire, they are led on, beaten and struck on their faces and mouths.

ਅਵਗਣਿ ਬਧਾ ਮਾਰੀਐ ; ਛੂਟੈ , ਗੁਰਮਤਿ ਨਾਇ ॥੭॥ (੬੧-੧੯, ਸਿਰੀਰਾਗੁ, ਮਃ ੧)

Bound and gagged and assaulted by evil, they are released only through the Name, through the Guru's Teachings. ||7||

ਸਰਬੇ ਥਾਈ ਏਕੁ ਤੂੰ ; ਜਿਉ ਭਾਵੈ ਤਿਉ ਰਾਖੁ ॥ (੬੨-੧, ਸਿਰੀਰਾਗੁ, ਮਃ ੧)

In all places, You are the One and Only. As it pleases You, Almighty, please save and protect me!

ਗੁਰਮਤਿ ਸਾਚਾ ਮਨਿ ਵਸੈ ; ਨਾਮੁ ਭਲੋ ਪਤਿ ਸਾਖੁ ॥ (੬੨-੧, ਸਿਰੀਰਾਗੁ, ਮਃ ੧)

Through the Guru's Teachings, the True One abides within the mind. The Companionship of the Naam brings the most excellent honor.

ਹਉਮੈ ਰੋਗੁ ਗਵਾਈਐ ; ਸਬਦਿ ਸਚੈ ਸਚੁ ਭਾਖੁ ॥੮॥ (੬੨-੧, ਸਿਰੀਰਾਗੁ, ਮਃ ੧)

Eradicate the disease of egotism, and chant the True Shabad, the Word of the True Almighty. ||8||

ਆਕਾਸੀ ਪਾਤਾਲਿ ਤੂੰ ; ਤ੍ਰਿਭਵਣਿ ਰਹਿਆ ਸਮਾਇ ॥ (੬੨-੨, ਸਿਰੀਰਾਗੁ, ਮਃ ੧)

You are pervading throughout the Akaashic Ethers, the nether regions and the three worlds.

ਆਪੇ ਭਗਤੀ ਭਾਉ ਤੂੰ ; ਆਪੇ ਮਿਲਹਿ ਮਿਲਾਇ ॥ (੬੨-੨, ਸਿਰੀਰਾਗੁ, ਮਃ ੧)

You Yourself are bhakti, loving devotional worship. You Yourself unite us in Union with Yourself.

ਨਾਨਕ , ਨਾਮੁ ਨ ਵੀਸਰੈ ; ਜਿਉ ਭਾਵੈ ਤਿਵੈ ਰਜਾਇ ॥੯॥੧੩॥ (੬੨-੩, ਸਿਰੀਰਾਗੁ, ਮਃ ੧)

Guru Nanak says, may I never forget the Naam! As is Your Pleasure, so is Your Will. ||9||13||

ਸਿਰੀਰਾਗੁ , ਮਹਲਾ ੧ ॥ (੬੨-੩)

Sri Raag, First Guru:

ਰਾਮ ਨਾਮਿ ਮਨੁ ਬੇਧਿਆ ; ਅਵਰੁ ਕਿ ਕਰੀ ਵੀਚਾਰੁ ॥ (੬੨-੪, ਸਿਰੀਰਾਗੁ, ਮਃ ੧)

My mind is pierced through by the Name of the Almighty. What else should I contemplate?

ਸਬਦ ਸੁਰਤਿ ਸੁਖੁ ਊਪਜੈ ;
ਪ੍ਰਭ ਰਾਤਉ ਸੁਖ ਸਾਰੁ ॥ (ਰਾੱਤਉ ਬੋਲੋ) (੬੨-੪, ਸਿਰੀਰਾਗੁ, ਮਃ ੧)

Focusing your awareness on the True Guru's Hymns (Gurbani), happiness wells up. Attuned to Almighty, the most excellent peace is found.

ਜਿਉ ਭਾਵੈ ਤਿਉ ਰਾਖੁ ਤੂੰ ; ਮੈ ਹਰਿ ਨਾਮੁ ਅਧਾਰੁ ॥੧॥ (੬੨-੪, ਸਿਰੀਰਾਗੁ, ਮਃ ੧)

As it pleases You, please save me, Almighty. The Name of the Almighty is my Support. ||1||

ਮਨ ਰੇ ; ਸਾਚੀ ਖਸਮ ਰਜਾਇ ॥ (੬੨-੫, ਸਿਰੀਰਾਗੁ, ਮਃ ੧)

O mind, the Will of our Almighty and Master is true.

ਜਿਨਿ ਤਨੁ ਮਨੁ ਸਾਜਿ ਸੀਗਾਰਿਆ ;
ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥ (੬੨-੫, ਸਿਰੀਰਾਗੁ, ਮਃ ੧)

Focus your love upon the One who created and adorned your body and mind. ||1||Pause||

ਤਨੁ , ਬੈਸੰਤਰਿ ਹੋਮੀਐ ; ਇਕ ਰਤੀ ਤੋਲਿ ਕਟਾਇ ॥ (ਰੱਤੀ ਬੋਲੋ) (੬੨-੬, ਸਿਰੀਰਾਗੁ, ਮਃ ੧)

If I cut my body into pieces, and burn them in the fire,

ਤਨੁ ਮਨੁ ਸਮਧਾ ਜੇ ਕਰੀ ; ('ਸਮੱਧਾ' ਨਹੀਂ ਬੋਲਣਾ)
ਅਨਦਿਨੁ ਅਗਨਿ ਜਲਾਇ ॥ (੬੨-੬, ਸਿਰੀਰਾਗੁ, ਮਃ ੧)

and if I make my body and mind into firewood, and night and day burn them in the fire,

ਹਰਿ ਨਾਮੈ ਤੁਲਿ ਨ ਪੁਜਈ ; ਜੇ ਲਖ ਕੋਟੀ ਕਰਮ ਕਮਾਇ ॥੨॥ (੬੨-੭, ਸਿਰੀਰਾਗੁ, ਮਃ ੧)

and if I perform hundreds of thousands and millions of religious rituals-still, all these are not equal to the Name of the Almighty. ||2||

ਅਰਧ ਸਰੀਰੁ ਕਟਾਈਐ ;
ਸਿਰਿ ਕਰਵਤੁ ਧਰਾਇ ॥ (ਕਰਵੱਤੁ ਬੋਲੋ) (੬੨-੭, ਸਿਰੀਰਾਗੁ, ਮਃ ੧)

If my body were cut in half, if a saw was put to my head,

ਤਨੁ , ਹੈਮੰਚਲਿ ਗਾਲੀਐ ; ਭੀ ਮਨ ਤੇ ਰੋਗੁ ਨ ਜਾਇ ॥ (੬੨-੮, ਸਿਰੀਰਾਗੁ, ਮਃ ੧)

and if my body were frozen in the Himalayas-even then, my mind would not be free of disease.

ਹਰਿ ਨਾਮੈ ਤੁਲਿ ਨ ਪੁਜਈ ; ਸਭ ਡਿਠੀ ਠੋਕਿ ਵਜਾਇ ॥੩॥ (੬੨-੮, ਸਿਰੀਰਾਗੁ, ਮਃ ੧)

None of these are equal to the Name of the Almighty. I have seen and tried and tested them all. ||3||

ਕੰਚਨ ਕੇ ਕੋਟ ਦਤੁ ਕਰੀ ; ਬਹੁ ਹੈਵਰ ਗੈਵਰ ਦਾਨੁ ॥ (੬੨-੯, ਸਿਰੀਰਾਗੁ, ਮਃ ੧)

If I made a donation of castles of gold, and gave lots of fine horses and wondrous elephants in charity,

ਭੂਮਿ ਦਾਨੁ ਗਊਆ ਘਣੀ ; ਭੀ ਅੰਤਰਿ ਗਰਬੁ ਗੁਮਾਨੁ ॥ (ਗਊਆਂ ਬੋਲੋ) (੬੨-੯, ਸਿਰੀਰਾਗੁ, ਮਃ ੧)

and if I made donations of land and cows-even then, pride and ego would still be within me.

ਰਾਮ ਨਾਮਿ ਮਨੁ ਬੇਧਿਆ ; ਗੁਰਿ ਦੀਆ ਸਚੁ ਦਾਨੁ ॥੪॥ (੬੨-੧੦, ਸਿਰੀਰਾਗੁ, ਮਃ ੧)

The Name of the Almighty has pierced my mind; the Guru has given me this true gift. ||4||

ਮਨਹਠ ਬੁਧੀ ਕੇਤੀਆ ; ਕੇਤੇ ਬੇਦ ਬੀਚਾਰ ॥ (੬੨-੧੦, ਸਿਰੀਰਾਗੁ, ਮਃ ੧)

There are so many stubborn-minded intelligent people, and so many who contemplate the Vedas.

ਕੇਤੇ ਬੰਧਨ ਜੀਅ ਕੇ ; ਗੁਰਮੁਖਿ ਮੋਖ ਦੁਆਰ ॥ (੬੨-੧੧, ਸਿਰੀਰਾਗੁ, ਮਃ ੧)

There are so many entanglements for the soul. Only as Gurmukh do we find the Gate of Liberation.

ਸਚਹੁ ਓਰੈ ਸਭੁ ਕੋ ; ਉਪਰਿ ਸਚੁ ਆਚਾਰੁ ॥੫॥ (੬੨-੧੧, ਸਿਰੀਰਾਗੁ, ਮਃ ੧)

Truth is higher than everything; but higher still is truthful living. ||5||

ਸਭੁ ਕੋ ਊਚਾ ਆਖੀਐ ; ਨੀਚੁ ਨ ਦੀਸੈ ਕੋਇ ॥ (੬੨-੧੨, ਸਿਰੀਰਾਗੁ, ਮਃ ੧)

Call everyone exalted; no one seems lowly.

ਇਕਨੈ ਭਾਂਡੇ ਸਾਜਿਐ ; ਇਕੁ ਚਾਨਣੁ ਤਿਹੁ ਲੋਇ ॥ (੬੨-੧੨, ਸਿਰੀਰਾਗੁ, ਮਃ ੧)

The One Almighty has fashioned the vessels, and His One Light pervades the three worlds.

ਕਰਮਿ ਮਿਲੈ , ਸਚੁ ਪਾਈਐ ; ਧੁਰਿ ਬਖਸ ਨ ਮੇਟੈ ਕੋਇ ॥੬॥ (੬੨-੧੩, ਸਿਰੀਰਾਗੁ, ਮਃ ੧)

Receiving His Grace, we obtain Truth. No one can erase His Primal Blessing. ||6||

ਸਾਧੁ ਮਿਲੈ ਸਾਧੂ ਜਨੈ ; ਸੰਤੋਖੁ ਵਸੈ ਗੁਰ ਭਾਇ ॥ (੬੨-੧੩, ਸਿਰੀਰਾਗੁ, ਮਃ ੧)

When one Holy person meets another Holy person, they abide in contentment, through the Love of the Guru.

ਅਕਥ ਕਥਾ ਵੀਚਾਰੀਐ ; ਜੇ ਸਤਿਗੁਰ ਮਾਹਿ ਸਮਾਇ ॥ (੬੨-੧੪, ਸਿਰੀਰਾਗੁ, ਮਃ ੧)

They contemplate the Unspoken Speech, merging in absorption in the True Guru.

ਪੀ ਅੰਮ੍ਰਿਤੁ ਸੰਤੋਖਿਆ ; ਦਰਗਹਿ ਪੈਧਾ ਜਾਇ ॥੭॥ (੬੨-੧੪, ਸਿਰੀਰਾਗੁ, ਮਃ ੧)

Drinking in the Ambrosial Nectar, they are contented; they go to the Court of the Almighty in robes of honor. ||7||

ਘਟਿ ਘਟਿ ਵਾਜੈ ਕਿੰਗੁਰੀ ; ਅਨਦਿਨੁ ਸਬਦਿ ਸੁਭਾਇ ॥ (੬੨-੧੪, ਸਿਰੀਰਾਗੁ, ਮਃ ੧)

In each and every heart the Music of the Almighty's Flute vibrates, night and day, with sublime love for the Shabad.

ਵਿਰਲੇ ਕਉ ਸੋਝੀ ਪਈ ; ਗੁਰਮੁਖਿ ਮਨੁ ਸਮਝਾਇ ॥ (੬੨-੧੫, ਸਿਰੀਰਾਗੁ, ਮਃ ੧)

Only those few who become Gurmukh understand this by instructing their minds.

ਨਾਨਕ , ਨਾਮੁ ਨ ਵੀਸਰੈ ; ਛੂਟੈ ਸਬਦੁ ਕਮਾਇ ॥੮॥੧੪॥ (੬੨-੧੫, ਸਿਰੀਰਾਗੁ, ਮਃ ੧)

Guru Nanak says, do not forget the Naam. Practicing the True Guru's Sermons (Gurbani) you shall be saved. ||8||14||

ਸਿਰੀਰਾਗੁ , ਮਹਲਾ ੧ ॥ (੬੨-੧੬)

Sri Raag, First Guru:

ਚਿਤੇ ਦਿਸਹਿ ਧਉਲਹਰ ; ਬਗੇ ਬੰਕ ਦੁਆਰ ॥ (੬੨-੧੬, ਸਿਰੀਰਾਗੁ, ਮਃ ੧)

There are painted mansions to behold, white-washed, with beautiful doors;

ਕਰਿ ਮਨ ਖੁਸੀ ਉਸਾਰਿਆ ; ਦੂਜੈ ਹੇਤਿ ਪਿਆਰਿ ॥ (੬੨-੧੭, ਸਿਰੀਰਾਗੁ, ਮਃ ੧)

they were constructed to give pleasure to the mind, but this is only for the sake of the love of duality.

ਅੰਦਰੁ ਖਾਲੀ ਪ੍ਰੇਮ ਬਿਨੁ ; ਢਹਿ ਢੇਰੀ ਤਨੁ ਛਾਰੁ ॥੧॥ (੬੨-੧੭, ਸਿਰੀਰਾਗੁ, ਮਃ ੧)

The inner being is empty without love. The body shall crumble into a heap of ashes. ||1||

ਭਾਈ ਰੇ ; ਤਨੁ ਧਨੁ ਸਾਥਿ ਨ ਹੋਇ ॥ (੬੨-੧੮, ਸਿਰੀਰਾਗੁ, ਮਃ ੧)

O Siblings of Destiny, this body and wealth shall not go along with you.

ਰਾਮ ਨਾਮੁ ਧਨੁ ਨਿਰਮਲੋ ;
ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥ (੬੨-੧੮, ਸਿਰੀਰਾਗੁ, ਮਃ ੧)

The Almighty's Name is the pure wealth; through the Guru, Almighty bestows this gift. ||1||Pause||

ਰਾਮ ਨਾਮੁ ਧਨੁ ਨਿਰਮਲੋ ; ਜੇ ਦੇਵੈ ਦੇਵਣਹਾਰੁ ॥ (੬੨-੧੮, ਸਿਰੀਰਾਗੁ, ਮਃ ੧)

The Almighty's Name is the pure wealth; it is given only by the Giver.

ਆਗੈ ਪੂਛ ਨ ਹੋਵਈ ; ਜਿਸੁ ਬੇਲੀ ਗੁਰੁ ਕਰਤਾਰੁ ॥ (੬੨-੧੯, ਸਿਰੀਰਾਗੁ, ਮਃ ੧)

One who has the Guru, the Creator, as his Friend, shall not be questioned hereafter.

ਆਪਿ ਛਡਾਏ ਛੁਟੀਐ ;
ਆਪੇ ਬਖਸਣਹਾਰੁ ॥੨॥ (‘ਬਖਸਣ-ਹਾਰੁ’ ਬੋਲੋ) (੬੨-੧੯, ਸਿਰੀਰਾਗੁ, ਮਃ ੧)

He Himself delivers those who are delivered. He Himself is the Forgiver. ||2||

ਮਨਮੁਖੁ ਜਾਣੈ ਆਪਣੇ ; ਧੀਆ ਪੂਤ ਸੰਜੋਗੁ ॥ (੬੩-੧, ਸਿਰੀਰਾਗੁ, ਮਃ ੧)

The self-willed manmukh looks upon his daughters, sons and relatives as his own.

ਨਾਰੀ ਦੇਖਿ ਵਿਗਾਸੀਅਹਿ ; ਨਾਲੇ ਹਰਖੁ ਸੁ ਸੋਗੁ ॥ (੬੩-੧, ਸਿਰੀਰਾਗੁ, ਮਃ ੧)

Gazing upon his wife, he is pleased. But along with happiness, they bring grief.

ਗੁਰਮੁਖਿ ਸਬਦਿ ਰੰਗਾਵਲੇ ;

ਅਹਿਨਿਸਿ ਹਰਿ ਰਸੁ ਭੋਗੁ ॥੩॥ ('ਅਹਿ-ਨਿਸਿ' ਬੋਲੋ) (੬੩-੨, ਸਿਰੀਰਾਗੁ, ਮਃ ੧)

The Gurmukhs are attuned to the Word of the Shabad. Day and night, they enjoy the Sublime Essence of the Almighty. ||3||

ਚਿਤੁ ਚਲੈ ਵਿਤੁ ਜਾਵਣੋ ; ਸਾਕਤ ਡੋਲਿ ਡੋਲਾਇ ॥ (੬੩-੨, ਸਿਰੀਰਾਗੁ, ਮਃ ੧)

The consciousness of the wicked, faithless cynics wanders around in search of transitory wealth, unstable and distracted.

ਬਾਹਰਿ ਢੂੰਢਿ ਵਿਗੁਚੀਐ ; ਘਰ ਮਹਿ , ਵਸਤੁ ਸੁਥਾਇ ॥ (੬੩-੩, ਸਿਰੀਰਾਗੁ, ਮਃ ੧)

Searching outside of themselves, they are ruined; the object of their search is in that sacred place within the home of the heart.

ਮਨਮੁਖਿ ਹਉਮੈ ਕਰਿ ਮੁਸੀ ; ਗੁਰਮੁਖਿ ਪਲੈ ਪਾਇ ॥੪॥ (ਪੱਲੈ ਬੋਲੋ) (੬੩-੩, ਸਿਰੀਰਾਗੁ, ਮਃ ੧)

The self-willed manmukhs, in their ego, miss it; the Gurmukhs receive it in their laps. ||4||

ਸਾਕਤ ਨਿਰਗੁਣਿਆਰਿਆ ; ('ਨਿਰਗੁਣਿ-ਆਰਿਆ' 'ਣਿ' ਬੋਲੋ ਪਾਠ ਇਕੱਠਾ ਹੈ)
ਆਪਣਾ ਮੂਲੁ ਪਛਾਣੁ ॥ (੬੩-੪, ਸਿਰੀਰਾਗੁ, ਮਃ ੧)

You worthless, faithless cynic-recognize your own origin!

ਰਕਤੁ ਬਿੰਦੁ ਕਾ ਇਹੁ ਤਨੋ ; ਅਗਨੀ ਪਾਸਿ ਪਿਰਾਣੁ ॥ (੬੩-੪, ਸਿਰੀਰਾਗੁ, ਮਃ ੧)

This body is made of blood and semen. It shall be consigned to the fire in the end.

ਪਵਣੈ ਕੈ ਵਸਿ ਦੇਹੁਰੀ ; ਮਸਤਕਿ ਸਚੁ ਨੀਸਾਣੁ ॥੫॥ (੬੩-੫, ਸਿਰੀਰਾਗੁ, ਮਃ ੧)

The body is under the power of the breath, according to the True Sign inscribed upon your forehead. ||5||

ਬਹੁਤਾ ਜੀਵਣੁ ਮੰਗੀਐ ; ਮੁਆ ਨ ਲੋੜੈ ਕੋਇ ॥ (੬੩-੫, ਸਿਰੀਰਾਗੁ, ਮਃ ੧)

Everyone begs for a long life-no one wishes to die.

ਸੁਖ ਜੀਵਣੁ ਤਿਸੁ ਆਖੀਐ ; ਜਿਸੁ ਗੁਰਮੁਖਿ ਵਸਿਆ ਸੋਇ ॥ (੬੩-੬, ਸਿਰੀਰਾਗੁ, ਮਃ ੧)

A life of peace and comfort comes to that Gurmukh, within whom Almighty dwells.

ਨਾਮ ਵਿਹੂਣੇ ਕਿਆ ਗਣੀ ; ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥ (੬੩-੬, ਸਿਰੀਰਾਗੁ, ਮਃ ੧)

Without the Naam, what good those who do not have the Blessed Vision, the Darshan of the Almighty and Guru? ||6||

ਜਿਉ ਸੁਪਨੈ ਨਿਸਿ ਭੁਲੀਐ ; ਜਬ ਲਗਿ ਨਿਦ੍ਰਾ ਹੋਇ ॥ (੬੩-੭, ਸਿਰੀਰਾਗੁ, ਮਃ ੧)

In their dreams at night, people wander around as long as they sleep;

ਇਉ ਸਰਪਨਿ ਕੈ ਵਸਿ ਜੀਅੜਾ ; ਅੰਤਰਿ ਹਉਮੈ ਦੋਇ ॥ (੬੩-੭, ਸਿਰੀਰਾਗੁ, ਮਃ ੧)

Just so, they are under the power of the snake Maya, as long as their hearts are filled with ego and duality.

ਗੁਰਮਤਿ ਹੋਇ ਵੀਚਾਰੀਐ ; ਸੁਪਨਾ ਇਹੁ ਜਗੁ ਲੋਇ ॥੭॥ (੬੩-੮, ਸਿਰੀਰਾਗੁ, ਮਃ ੧)

Through the Guru's Teachings, they come to understand and see that this world is just a dream. ||7||

ਅਗਨਿ ਮਰੈ ਜਲੁ ਪਾਈਐ ; ਜਿਉ ਬਾਰਿਕ ਦੂਧੈ ਮਾਇ ॥ (੬੩-੮, ਸਿਰੀਰਾਗੁ, ਮਃ ੧)

As thirst is quenched with water, and the baby is satisfied with mother's milk,

ਬਿਨੁ ਜਲ , ਕਮਲ ਸੁ ਨਾ ਥੀਐ ; ਬਿਨੁ ਜਲ , ਮੀਨੁ ਮਰਾਇ ॥ (੬੩-੯, ਸਿਰੀਰਾਗੁ, ਮਃ ੧)

And as the lotus does not exist without water, and as the fish dies without water

ਨਾਨਕ , ਗੁਰਮੁਖਿ ਹਰਿ ਰਸਿ ਮਿਲੈ ;
ਜੀਵਾ ਹਰਿ ਗੁਣ ਗਾਇ ॥੮॥੧੫॥ (੬੩-੯, ਸਿਰੀਰਾਗੁ, ਮਃ ੧)

Guru Nanak says, so does the Gurmukh live, receiving the Sublime Essence of the Almighty, and singing the Glorious Praises of the Almighty. ||8||15||

ਸਿਰੀਰਾਗੁ , ਮਹਲਾ ੧ ॥ (੬੩-੧੦)

Sri Raag, First Guru:

ਡੂੰਗਰੁ ਦੇਖਿ ਡਰਾਵਣੋ ; ਪੇਈਅੜੈ ਡਰੀਆਸੁ ॥ (੬੩-੧੦, ਸਿਰੀਰਾਗੁ, ਮਃ ੧)

Beholding the terrifying mountain in this world of my father's home, I am terrified.

ਊਚਉ ਪਰਬਤੁ ਗਾਖੜੋ ; ਨਾ ਪਉੜੀ ਤਿਤੁ ਤਾਸੁ ॥ (੬੩-੧੧, ਸਿਰੀਰਾਗੁ, ਮਃ ੧)

It is so difficult to climb this high mountain; there is no ladder which reaches up there.

ਗੁਰਮੁਖਿ ਅੰਤਰਿ ਜਾਣਿਆ ; ਗੁਰਿ ਮੇਲੀ ਤਰੀਆਸੁ ॥੧॥ (੬੩-੧੧, ਸਿਰੀਰਾਗੁ, ਮਃ ੧)

But as Gurmukh, I know that it is within my self; the Guru has brought me to Union, and so I cross over. ||1||

ਭਾਈ ਰੇ ; ਭਵਜਲੁ ਬਿਖਮੁ ਡਰਾਂਉ ॥ (੬੩-੧੧, ਸਿਰੀਰਾਗੁ, ਮਃ ੧)

O Siblings of Destiny, the terrifying world-ocean is so difficult to cross-I am terrified!

ਪੂਰਾ ਸਤਿਗੁਰੁ ਰਸਿ ਮਿਲੈ ; ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ (੬੩-੧੨, ਸਿਰੀਰਾਗੁ, ਮਃ ੧)

The Perfect True Guru, in His Pleasure, has met with me; the Guru has saved me, through the Name of the Almighty. ||1||Pause||

ਚਲਾ ਚਲਾ ਜੇ ਕਰੀ ; ਜਾਣਾ ਚਲਣਹਾਰੁ ॥ (੬੩-੧੨, ਸਿਰੀਰਾਗੁ, ਮਃ ੧)

I may say, "I am going, I am going", but I know that, in the end, I must really go.

ਜੋ ਆਇਆ ਸੋ ਚਲਸੀ ; ਅਮਰੁ ਸੁ ਗੁਰੁ ਕਰਤਾਰੁ ॥ (੬੩-੧੩, ਸਿਰੀਰਾਗੁ, ਮਃ ੧)

Whoever comes must also go. Only the Guru and the Creator are Eternal.

ਭੀ ਸਚਾ ਸਾਲਾਹਣਾ ; ਸਚੈ ਥਾਨਿ ਪਿਆਰੁ ॥੨॥ (੬੩-੧੩, ਸਿਰੀਰਾਗੁ, ਮਃ ੧)

So praise the True One continually, and love His Place of Truth. ||2||

ਦਰ ਘਰ ਮਹਲਾ ਸੋਹਣੇ ; ਪਕੇ ਕੋਟ ਹਜਾਰ ॥ (੬੩-੧੪, ਸਿਰੀਰਾਗੁ, ਮਃ ੧)

Beautiful gates, houses and palaces, solidly built forts,

ਹਸਤੀ ਘੋੜੇ ਪਾਖਰੇ ; ਲਸਕਰ ਲਖ ਅਪਾਰ ॥ (੬੩-੧੪, ਸਿਰੀਰਾਗੁ, ਮਃ ੧)

Elephants, saddled horses, hundreds of thousands of uncounted armies

ਕਿਸ ਹੀ ਨਾਲਿ ਨ ਚਲਿਆ ; ਖਪਿ ਖਪਿ ਮੁਏ ਅਸਾਰ ॥੩॥ (੬੩-੧੪, ਸਿਰੀਰਾਗੁ, ਮਃ ੧)

None of these will go along with anyone in the end, and yet, the fools bother themselves to exhaustion with these, and then die. ||3||

ਸੁਇਨਾ ਰੁਪਾ ਸੰਚੀਐ ; ਮਾਲੁ ਜਾਲੁ , ਜੰਜਾਲੁ ॥ (ਰੁੱਪਾ ਬੋਲੋ) (੬੩-੧੫, ਸਿਰੀਰਾਗੁ, ਮਃ ੧)

You may gather gold and sliver, but wealth is just a net of entanglement.

ਸਭ ਜਗ ਮਹਿ ਦੋਹੀ ਫੇਰੀਐ ; ਬਿਨੁ ਨਾਵੈ ਸਿਰਿ ਕਾਲੁ ॥ (੬੩-੧੫, ਸਿਰੀਰਾਗੁ, ਮਃ ੧)

You may beat the drum and proclaim authority over the whole world, but without the Name, death hovers over your head.

ਪਿੰਡੁ ਪੜੈ , ਜੀਉ ਖੇਲਸੀ ; (‘ਪੜੈ’ ਨੂੰ ਪੋਲਾ ਬੋਲੋ)
ਬਦਫੈਲੀ ਕਿਆ ਹਾਲੁ ॥੪॥ (੬੩-੧੬, ਸਿਰੀਰਾਗੁ, ਮਃ ੧)

When the body falls, the play of life is over; what shall be the condition of the evil-doers then? ||4||

ਪੁਤਾ ਦੇਖਿ ਵਿਗਸੀਐ ; ਨਾਰੀ ਸੇਜ ਭਤਾਰ ॥ (੬੩-੧੬, ਸਿਰੀਰਾਗੁ, ਮ: ੧)

The husband is delighted seeing his sons, and his wife upon his bed.

ਚੋਆ ਚੰਦਨੁ ਲਾਈਐ ; ਕਾਪੜੁ ਰੂਪੁ ਸੀਗਾਰੁ ॥ (੬੩-੧੭, ਸਿਰੀਰਾਗੁ, ਮ: ੧)

He applies sandalwood and scented oils, and dresses himself in his beautiful clothes.

ਖੇਹੂ ਖੇਹ ਰਲਾਈਐ ; ਛੋਡਿ ਚਲੈ ਘਰ ਬਾਰੁ ॥੫॥ (੬੩-੧੭, ਸਿਰੀਰਾਗੁ, ਮ: ੧)

But dust shall mix with dust, and he shall depart, leaving hearth and home behind. ||5||

ਮਹਰ ਮਲੂਕ ਕਹਾਈਐ ; ਰਾਜਾ ਰਾਉ ਕਿ ਖਾਨੁ ॥ (੬੩-੧੮, ਸਿਰੀਰਾਗੁ, ਮ: ੧)

He may be called a chief, an emperor, a king, a governor or a Almighty;

ਚਉਧਰੀ ਰਾਉ ਸਦਾਈਐ ; ਜਲਿ ਬਲੀਐ ਅਭਿਮਾਨ ॥ (੬੩-੧੮, ਸਿਰੀਰਾਗੁ, ਮ: ੧)

he may present himself as a leader or a chief, but this just burns him in the fire of egotistical pride.

ਮਨਮੁਖਿ ਨਾਮੁ ਵਿਸਾਰਿਆ ; ਜਿਉ ਡਵਿ , ਦਧਾ ਕਾਨੁ ॥੬॥ (੬੩-੧੯, ਸਿਰੀਰਾਗੁ, ਮ: ੧)

The self-willed manmukh has forgotten the Naam. He is like straw, burning in the forest fire. ||6||

ਹਉਮੈ ਕਰਿ ਕਰਿ ਜਾਇਸੀ ; ਜੋ ਆਇਆ ਜਗ ਮਾਹਿ ॥ (੬੩-੧੯, ਸਿਰੀਰਾਗੁ, ਮ: ੧)

Whoever comes into the world and indulges in ego, must depart.

ਸਭੁ ਜਗੁ , ਕਾਜਲ ਕੋਠੜੀ ; ਤਨੁ ਮਨੁ ਦੇਹ , ਸੁਆਹਿ ॥ (੬੪-੧, ਸਿਰੀਰਾਗੁ, ਮ: ੧)

The whole world is a store-house of lamp-black; the body and mind are blackened with it.

ਗੁਰਿ ਰਾਖੇ ਸੇ ਨਿਰਮਲੇ ; ਸਬਦਿ ਨਿਵਾਰੀ ਭਾਹਿ ॥੭॥ (੬੪-੧, ਸਿਰੀਰਾਗੁ, ਮ: ੧)

Those who are saved by the Guru are immaculate and pure; through the Word of the Shabad, they extinguish the fire of desire. ||7||

ਨਾਨਕ , ਤਰੀਐ ਸਚਿ ਨਾਮਿ ; ਸਿਰਿ ਸਾਹਾ ਪਾਤਿਸਾਹੁ ॥ (੬੪-੨, ਸਿਰੀਰਾਗੁ, ਮ: ੧)

Guru Nanak says, they swim across with the True Name of the Almighty, the King above the heads of kings.

ਮੈ ਹਰਿ ਨਾਮੁ ਨ ਵੀਸਰੈ ; ਹਰਿ ਨਾਮੁ ਰਤਨੁ ਵੇਸਾਹੁ ॥ (੬੪-੨, ਸਿਰੀਰਾਗੁ, ਮ: ੧)

May I never forget the Name of the Almighty! I have purchased the Jewel of the Almighty's Name.

ਮਨਮੁਖ ਭਉਜਲਿ ਪਚਿ ਮੁਏ ; ਗੁਰਮੁਖਿ ਤਰੇ ਅਥਾਹੁ ॥੮॥੧੬॥ (੬੪-੩, ਸਿਰੀਰਾਗੁ, ਮਃ ੧)

The self-willed manmukhs putrefy and die in the terrifying worldly materialistic ocean, while the Gurmukhs cross over the bottomless ocean. ||8||16||

ਸਿਰੀਰਾਗੁ , ਮਹਲਾ ੧ ; ਘਰੁ ੨ ॥ (੬੪-੩)

Sri Raag, First Guru, Second House:

ਮੁਕਾਮੁ ਕਰਿ ਘਰਿ ਬੈਸਣਾ ; ਨਿਤ ਚਲਣੈ ਕੀ ਧੋਖ ॥ (੬੪-੪, ਸਿਰੀਰਾਗੁ, ਮਃ ੧)

They have made this their resting place and they sit at home, but the urge to depart is always there.

ਮੁਕਾਮੁ ਤਾ ਪਰੁ ਜਾਣੀਐ ; ਜਾ ਰਹੈ ਨਿਹਚਲੁ ਲੋਕ ॥੧॥ (੬੪-੪, ਸਿਰੀਰਾਗੁ, ਮਃ ੧)

This would be known as a lasting place of rest, only if they were to remain stable and unchanging. ||1||

ਦੁਨੀਆ ; ਕੈਸਿ ਮੁਕਾਮੇ ॥ (੬੪-੫, ਸਿਰੀਰਾਗੁ, ਮਃ ੧)

What sort of a resting place is this world?

ਕਰਿ ਸਿਦਕੁ ਕਰਣੀ , ਖਰਚੁ ਬਾਧਹੁ ;
ਲਾਗਿ ਰਹੁ ਨਾਮੇ ॥੧॥ ਰਹਾਉ ॥ (੬੪-੫, ਸਿਰੀਰਾਗੁ, ਮਃ ੧)

Doing deeds of faith, pack up the supplies for your journey, and remain committed to the Name. ||1||Pause||

ਜੋਗੀ ਤ ਆਸਣੁ ਕਰਿ ਬਹੈ ; ਮੁਲਾ ਬਹੈ ਮੁਕਾਮਿ ॥ (੬੪-੫, ਸਿਰੀਰਾਗੁ, ਮਃ ੧)

The Yogis sit in their Yogic postures, and the Mullahs sit at their resting stations.

ਪੰਡਿਤ ਵਖਾਣਹਿ ਪੋਥੀਆ ; ਸਿਧ ਬਹਹਿ ਦੇਵ ਸਥਾਨਿ ॥੨॥ (੬੪-੬, ਸਿਰੀਰਾਗੁ, ਮਃ ੧)

The Hindu Pandits recite from their books, and the Siddhas sit in the temples of their deities. ||2||

ਸੁਰ ਸਿਧ ਗਣ ਗੰਧਰਬ , ਮੁਨਿ ਜਨ ; **(ਗੰਧੱਰਬ ਬੋਲੋ)**
ਸੇਖ ਪੀਰ ਸਲਾਰ ॥ (੬੪-੬, ਸਿਰੀਰਾਗੁ, ਮਃ ੧)

The angels, Siddhas, worshippers of Shiva, heavenly musicians, silent sages, Saints, priests, preachers, spiritual teachers and commanders

ਦਰਿ ਕੂਚ ਕੂਚਾ ਕਰਿ ਗਏ ;

ਅਵਰੇ ਭਿ ਚਲਣਹਾਰ ॥੩॥ ('ਚਲਣ-ਹਾਰ' ਬੋਲੋ) (੬੪-੭, ਸਿਰੀਰਾਗੁ, ਮਃ ੧)

-each and every one has left, and all others shall depart as well. ||3||

ਸੁਲਤਾਨ ਖਾਨ ਮਲੂਕ ਉਮਰੇ ਗਏ ; ਕਰਿ ਕਰਿ ਕੂਚੁ ॥ (੬੪-੭, ਸਿਰੀਰਾਗੁ, ਮਃ ੧)

The sultans and kings, the rich and the mighty, have marched away in succession.

ਘੜੀ ਮੁਹਤਿ ਕਿ , ਚਲਣਾ ; ਦਿਲ ਸਮਝੁ , ਤੂੰ ਭਿ ਪਹੁਚੁ ॥੪॥ (੬੪-੮, ਸਿਰੀਰਾਗੁ, ਮਃ ੧)

In a moment or two, we shall also depart. O my heart, understand that you must go as well! ||4||

ਸਬਦਾਹ ਮਾਹਿ , ਵਖਾਣੀਐ ;
ਵਿਰਲਾ ਤ ਬੂਝੈ ਕੋਇ ॥ ('ਬੂੱਝੈ' ਨੂੰ ਭਾਰਾ ਬੋਲੋ) (੬੪-੮, ਸਿਰੀਰਾਗੁ, ਮਃ ੧)

This is described in the True Guru's Sermons (Gurbani); only a few understand this!

ਨਾਨਕੁ , ਵਖਾਣੈ ਬੇਨਤੀ ; ਜਲਿ ਥਲਿ ਮਹੀਅਲਿ ਸੋਇ ॥੫॥ (੬੪-੯, ਸਿਰੀਰਾਗੁ, ਮਃ ੧)

Guru Nanak offers this prayer to the One who pervades the water, the land and the air. ||5||

ਅਲਾਹੁ ਅਲਖੁ ਅਗੰਮੁ ਕਾਦਰੁ ; (ਅਲੱਖੁ ਬੋਲੋ)
ਕਰਣਹਾਰੁ ਕਰੀਮੁ ॥ (੬੪-੯, ਸਿਰੀਰਾਗੁ, ਮਃ ੧)

Almighty is beyond comprehension, the Unknowable, beyond the grasp of mind (Agam-Inaccessible), All-powerful and Merciful Creator.

ਸਭ ਦੁਨੀ ਆਵਣ ਜਾਵਣੀ ; ਮੁਕਾਮੁ ਏਕੁ ਰਹੀਮੁ ॥੬॥ (੬੪-੧੦, ਸਿਰੀਰਾਗੁ, ਮਃ ੧)

All the world comes and goes-only the Merciful Almighty is permanent. ||6||

ਮੁਕਾਮੁ ਤਿਸ ਨੋ ਆਖੀਐ ; ਜਿਸੁ ਸਿਸਿ ਨ ਹੋਵੀ ਲੇਖੁ ॥ (੬੪-੧੦, ਸਿਰੀਰਾਗੁ, ਮਃ ੧)

Call permanent only the One, who does not have destiny inscribed upon His Forehead.

ਅਸਮਾਨੁ ਧਰਤੀ ਚਲਸੀ ; ਮੁਕਾਮੁ ਓਹੀ ਏਕੁ ॥੭॥ (੬੪-੧੧, ਸਿਰੀਰਾਗੁ, ਮਃ ੧)

The sky and the earth shall pass away; He alone is permanent. ||7||

ਦਿਨ ਰਵਿ ਚਲੈ , ਨਿਸਿ ਸਸਿ ਚਲੈ ; ਤਾਰਿਕਾ ਲਖ , ਪਲੋਇ ॥ (੬੪-੧੧, ਸਿਰੀਰਾਗੁ, ਮਃ ੧)

The day and the sun shall pass away; the night and the moon shall pass away; the hundreds of thousands of stars shall disappear.

ਮੁਕਾਮੁ , ਓਹੀ ਏਕੁ ਹੈ ; ਨਾਨਕਾ , ਸਚੁ ਬੁਗੋਇ ॥੮॥੧੭॥ (੬੪-੧੨, ਸਿਰੀਰਾਗੁ, ਮਃ ੧)

He alone is permanent; Guru Nanak speaks the Truth. ||8||17||

ਮਹਲੇ ਪਹਿਲੇ , ਸਤਾਰਹ ਅਸਟਪਦੀਆ ॥ (੬੪-੧੩)

Seventeen Ashtapadees Of The First Guru.

ਸਿਰੀਰਾਗੁ , ਮਹਲਾ ੩ ; ਘਰੁ ੧ , ਅਸਟਪਦੀਆ (੬੪-੧੪)

Sri Raag, Third Guru, First House, Ashtapadees:

ੴ ; ਸਤਿਗੁਰ ਪ੍ਰਸਾਦਿ ॥ (੬੪-੧੪)

There is only one Almighty without duality (Eak), the life within the entire creation (Ongkaar), the truth form in all ages and time dimensions (Sat), the destroyer of ignorance darkness (Gu) and the illuminator of knowledge brightness (Ru), Grace (Persad) means the Almighty who is the life form of all is obtainable with the Guru's grace.

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ; ਬਿਨੁ ਗੁਰ ਭਗਤਿ ਨ ਹੋਇ ॥ (੬੪-੧੫, ਸਿਰੀਰਾਗੁ, ਮਃ ੩)

By Almighty's Grace, the Gurmukh practices devotion; without the Guru, there is no devotional worship.

ਆਪੈ ਆਪੁ ਮਿਲਾਏ ਬੂਝੈ ; (‘ਬੂੱਝੈ’ ਨੂੰ ਭਾਰਾ ਬੋਲੋ)
ਤਾ ਨਿਰਮਲੁ ਹੋਵੈ ਕੋਇ ॥ (੬੪-੧੫, ਸਿਰੀਰਾਗੁ, ਮਃ ੩)

One who merges his own self into Him understands, and so becomes pure.

ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ; ਸੋਈ ਭਗਤੁ ਇਕਾਤੀ ਜੀਉ ॥੩॥ (੯੮-੧੦, ਮਾਝ, ਮਃ ੫)

He alone is a devotee, who becomes Gurmukh, whose heart is filled with the Almighty, Har, Har. ||3||

ਅਮੋਘ ਦਰਸਨ ; ਬੇਅੰਤ ਅਪਾਰਾ ॥ (੯੮-੧੧, ਮਾਝ, ਮਃ ੫)

Forever fruitful is the Blessed Vision of His Darshan; He is Infinite and Incomparable.

ਵਡ ਸਮਰਥੁ ; ਸਦਾ ਦਾਤਾਰਾ ॥ (੯੮-੧੧, ਮਾਝ, ਮਃ ੫)

He is Awesome and All-powerful; He is forever the Great Giver.

ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ;
ਗਤਿ ਨਾਨਕ , ਵਿਰਲੀ ਜਾਤੀ ਜੀਉ ॥੪॥੬॥੧੩॥ (੯੮-੧੨, ਮਾਝ, ਮਃ ੫)

As Gurmukh, chant the Naam, the Name of the Almighty, and you shall be carried across. Guru Nanak says, rare are those who know this state! ||4||6||13||

ਮਾਝ , ਮਹਲਾ ੫ ॥ (੯੮-੧੩)

Maajh, Fifth Guru:

ਕਹਿਆ ਕਰਣਾ ; ਦਿਤਾ ਲੈਣਾ ॥ (੯੮-੧੩, ਮਾਝ, ਮਃ ੫)

As You command, I obey; as You give, I receive.

ਗਰੀਬਾ ਅਨਾਥਾ ; ਤੇਰਾ ਮਾਣਾ ॥ (੯੮-੧੩, ਮਾਝ, ਮਃ ੫)

You are the Pride of the meek and the poor.

ਸਭ ਕਿਛੁ ਤੂੰਹੈ , ਤੂੰਹੈ ਮੇਰੇ ਪਿਆਰੇ ;
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥ (੯੮-੧੩, ਮਾਝ, ਮਃ ੫)

You are everything; You are my Beloved. I am a sacrifice to Your Creative Power. ||1||

ਭਾਣੈ ਉਝੜ ; ਭਾਣੈ ਰਾਹਾ ॥ (੯੮-੧੪, ਮਾਝ, ਮਃ ੫)

By Your Will, we wander in the wilderness; by Your Will, we find the path.

ਭਾਣੈ ; ਹਰਿ ਗੁਣ ਗੁਰਮੁਖਿ ਗਾਵਾਹਾ ॥ (੯੮-੧੪, ਮਾਝ, ਮਃ ੫)

By Your Will, we become Gurmukh and sing the Glorious Praises of the Almighty.

ਭਾਣੈ , ਭਰਮਿ ਭਵੈ ਬਹੁ ਜੂਨੀ ; ਸਭ ਕਿਛੁ ਤਿਸੈ ਰਜਾਈ ਜੀਉ ॥੨॥ (੯੮-੧੫, ਮਾਝ, ਮਃ ੫)

By Your Will, we wander in doubt through countless lifetimes. Everything happens by Your Will. ||2||

ਨਾ ਕੋ ਮੂਰਖੁ ; ਨਾ ਕੋ ਸਿਆਣਾ ॥ (੯੮-੧੫, ਮਾਝ, ਮਃ ੫)

No one is foolish, and no one is clever.

ਵਰਤੈ ਸਭ ਕਿਛੁ ; ਤੇਰਾ ਭਾਣਾ ॥ (੯੮-੧੬, ਮਾਝ, ਮਃ ੫)

Your Will determines everything;

ਅਗਮ ਅਗੋਚਰ ਬੇਅੰਤ ਅਥਾਹਾ ;
ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥ (੯੮-੧੬, ਮਾਝ, ਮਃ ੫)

You are beyond the grasp of mind (Agam-Inaccessible), beyond the reach of sensors (Agochar-Incomprehensible), Infinite and Unfathomable. Your Value cannot be expressed. ||3||

ਖਾਕੁ ਸੰਤਨ ਕੀ ; ਦੇਹੁ ਪਿਆਰੇ ॥ (੯੮-੧੭, ਮਾਝ, ਮਃ ੫)

Please bless me with the dust of the Saints, O my Beloved.

ਆਇ ਪਇਆ ; ਹਰਿ ਤੇਰੈ ਦੁਆਰੈ ॥ (੯੮-੧੭, ਮਾਝ, ਮਃ ੫)

I have come and fallen at Your Door, O Almighty.

ਦਰਸਨੁ ਪੇਖਤ ਮਨੁ ਆਘਾਵੈ ;
ਨਾਨਕ , ਮਿਲਣੁ ਸੁਭਾਈ ਜੀਉ ॥੪॥੭॥੧੪॥ (੯੮-੧੭, ਮਾਝ, ਮਃ ੫)

Gazing upon the Blessed Vision of His Darshan, my mind is fulfilled. Guru Nanak says, with natural ease, I merge into Him. ||4||7||14||

ਮਾਝ , ਮਹਲਾ ੫ ॥ (੯੮-੧੮)

Maajh, Fifth Guru:

ਦੁਖੁ ਤਦੇ ; ਜਾ ਵਿਸਰਿ ਜਾਵੈ ॥ (੯੮-੧੮, ਮਾਝ, ਮਃ ੫)

They forget the Almighty, and they suffer in pain.

ਭੁਖ ਵਿਆਪੈ ; ਬਹੁ ਬਿਧਿ ਧਾਵੈ ॥ (੯੮-੧੮, ਮਾਝ, ਮਃ ੫)

Afflicted with hunger, they run around in all directions.

ਸਿਮਰਤ ਨਾਮੁ ਸਦਾ ਸੁਹੇਲਾ ; ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥ (੯੮-੧੯, ਮਾਝ, ਮਃ ੫)

Meditating in remembrance on the Naam, they are happy forever. The Almighty, Merciful to the meek, bestows it upon them. ||1||

ਸਤਿਗੁਰੁ ਮੇਰਾ ; ਵਡ ਸਮਰਥਾ ॥ (੯੮-੧੯, ਮਾਝ, ਮਃ ੫)

My True Guru is absolutely All-powerful.

ਜੀਇ ਸਮਾਲੀ ; ਤਾ ਸਭੁ ਦੁਖੁ ਲਥਾ ॥ (੯੯-੧, ਮਾਝ, ਮਃ ੫)

When I dwell upon Him in my soul, all my sorrows depart.

ਚਿੰਤਾ ਰੋਗੁ ਗਈ ਹਉ ਪੀੜਾ ; ਆਪਿ ਕਰੇ ਪ੍ਰਤਿਪਾਲਾ ਜੀਉ ॥੨॥ (੯੯-੧, ਮਾਝ, ਮਃ ੫)

The sickness of anxiety and the disease of ego are cured; He Himself cherishes me. ||2||

ਬਾਰਿਕ ਵਾਂਗੀ ; ਹਉ ਸਭ ਕਿਛੁ ਮੰਗਾ ॥ (੯੯-੨, ਮਾਝ, ਮਃ ੫)

Like a child, I ask for everything.

ਦੇਦੇ ਤੋਟਿ ਨਾਹੀ ; ਪ੍ਰਭ ਰੰਗਾ ॥ (ਦੇਂਦੇ ਬੋਲੋ) (੯੯-੨, ਮਾਝ, ਮਃ ੫)

Almighty is Bountiful and Beautiful; He never comes up empty.

ਪੈਰੀ ਪੈ ਪੈ ਬਹੁਤੁ ਮਨਾਈ ; ਦੀਨ ਦਇਆਲ ਗੋਪਾਲਾ ਜੀਉ ॥੩॥ (੯੯-੨, ਮਾਝ, ਮਃ ੫)

Again and again, I fall at His Feet. He is Merciful to the meek, the Sustainer of the World. ||3||

ਹਉ ਬਲਿਹਾਰੀ ; ਸਤਿਗੁਰ ਪੂਰੇ ॥ (੯੯-੩, ਮਾਝ, ਮਃ ੫)

I am a sacrifice to the Perfect True Guru,

ਜਿਨਿ ਬੰਧਨ ਕਾਟੇ ; ਸਗਲੇ ਮੇਰੇ ॥ (੯੯-੩, ਮਾਝ, ਮਃ ੫)

who has shattered all my bonds.

ਹਿਰਦੈ ਨਾਮੁ ਦੇ ਨਿਰਮਲ ਕੀਏ ;
ਨਾਨਕ , ਰੰਗਿ ਰਸਾਲਾ ਜੀਉ ॥੪॥੮॥੧੫॥ (੯੯-੪, ਮਾਝ, ਮਃ ੫)

With the Naam, the Name of the Almighty, in my heart, I have been purified. Guru Nanak says, His Love has imbued me with nectar. ||4||8||15||

ਮਾਝ , ਮਹਲਾ ੫ ॥ (੯੯-੪)

Maajh, Fifth Guru:

ਲਾਲ ਗੋਪਾਲ ; ਦਇਆਲ ਰੰਗੀਲੇ ॥ (੯੯-੪, ਮਾਝ, ਮਃ ੫)

O my Love, Sustainer of the World, Merciful, Loving Almighty,

ਗਹਿਰ ਗੰਭੀਰ ; ਬੇਅੰਤ ਗੋਵਿੰਦੇ ॥ (੯੯-੫, ਮਾਝ, ਮਃ ੫)

Profoundly Deep, Infinite Almighty of the Universe,

ਊਚ ਅਥਾਹ ਬੇਅੰਤ ਸੁਆਮੀ ; ਸਿਮਰਿ ਸਿਮਰਿ ਹਉ ਜੀਵਾਂ ਜੀਉ ॥੧॥ (੯੯-੫, ਮਾਝ, ਮਃ ੫)

Highest of the High, Unfathomable, Infinite Almighty and Master: continually remembering You in deep meditation, I live. ||1||

ਦੁਖ ਭੰਜਨ ; ਨਿਧਾਨ ਅਮੋਲੇ ॥ (੯੯-੬, ਮਾਝ, ਮਃ ੫)

O Destroyer of pain, Priceless Treasure,

ਨਿਰਭਉ ਨਿਰਵੈਰ ; ਅਥਾਹ ਅਤੋਲੇ ॥ (੯੯-੬, ਮਾਝ, ਮਃ ੫)

Fearless, free of hate, Unfathomable, Immeasurable,

ਅਕਾਲ ਮੂਰਤਿ ਅਜੂਨੀ ਸੰਭੌ ; ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥ (੯੯-੬, ਮਾਝ, ਮਃ ੫)

of Undying Form, Unborn, Self-illumined: remembering You in meditation, my mind is filled with a deep and profound peace. ||2||

ਸਦਾ ਸੰਗੀ ; ਹਰਿ ਰੰਗ ਗੋਪਾਲਾ ॥ (੯੯-੭, ਮਾਝ, ਮਃ ੫)

The Joyous Almighty, the Sustainer of the World, is my constant Companion.

ਊਚ ਨੀਚ ; ਕਰੇ ਪ੍ਰਤਿਪਾਲਾ ॥ (੯੯-੭, ਮਾਝ, ਮਃ ੫)

He cherishes the high and the low.

ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ; ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥ (੯੯-੭, ਮਾਝ, ਮਃ ੫)

The Nectar of the Name satisfies my mind. As Gurmukh, I drink in the Ambrosial Nectar. ||3||

ਦੁਖਿ ਸੁਖਿ ; ਪਿਆਰੇ ਤੁਧੁ ਧਿਆਈ ॥ (੯੯-੮, ਮਾਝ, ਮਃ ੫)

In suffering and in comfort, I meditate on You, O Beloved.

ਏਹ ਸੁਮਤਿ ; ਗੁਰੂ ਤੇ ਪਾਈ ॥ (ਸੁ-ਮੱਤਿ ਬੋਲੋ) (੯੯-੮, ਮਾਝ, ਮਃ ੫)

I have obtained this sublime understanding from the Guru.

ਨਾਨਕ ਕੀ ਧਰ , ਤੂੰਹੈ ਠਾਕੁਰ ;
ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥ (੯੯-੯, ਮਾਝ, ਮਃ ੫)

You are Guru Nanak's Support, O my Almighty and Master; through Your Love, I swim across to the other side. ||4||9||16||

ਮਾਝ , ਮਹਲਾ ੫ ॥ (੯੯-੧੦)

Maajh, Fifth Guru:

ਧੰਨੁ ਸੁ ਵੇਲਾ ; ਜਿਤੁ ਮੈ ਸਤਿਗੁਰੁ ਮਿਲਿਆ ॥ (੯੯-੧੦, ਮਾਝ, ਮਃ ੫)

Blessed is that time when I meet the True Guru.

ਸਫਲੁ ਦਰਸਨੁ ; ਨੇਤ੍ਰ ਪੇਖਤ ਤਰਿਆ ॥ (੯੯-੧੦, ਮਾਝ, ਮਃ ੫)

Gazing upon the Fruitful Vision of His Darshan, I have been saved.

ਧੰਨੁ ਮੂਰਤ ਚਸੇ ਪਲ ਘੜੀਆ ; ਧੰਨਿ ਸੁ ਓਇ ਸੰਜੋਗਾ ਜੀਉ ॥੧॥ (੯੯-੧੦, ਮਾਝ, ਮਃ ੫)

Blessed are the hours, the minutes and the seconds-blessed is that Union with Him. ||1||

ਉਦਮੁ ਕਰਤ ; ਮਨੁ ਨਿਰਮਲੁ ਹੋਆ ॥ (੯੯-੧੧, ਮਾਝ, ਮਃ ੫)

Making the effort, my mind has become pure.

ਹਰਿ ਮਾਰਗਿ ਚਲਤ ; ਭ੍ਰਮੁ ਸਗਲਾ ਖੋਇਆ ॥ (੯੯-੧੧, ਮਾਝ, ਮਃ ੫)

Walking on the Almighty's Path, my doubts have all been cast out.

ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ;
ਮਿਟਿ ਗਏ ਸਗਲੇ ਰੋਗਾ ਜੀਉ ॥੨॥ (੯੯-੧੨, ਮਾਝ, ਮਃ ੫)

The True Guru has inspired me to hear the Treasure of the Naam; all my illness has been dispelled. ||2||

ਅੰਤਰਿ ਬਾਹਰਿ ; ਤੇਰੀ ਬਾਣੀ ॥ (੯੯-੧੩, ਮਾਝ, ਮਃ ੫)

The Word of Your Bani is inside and outside as well.

ਤੁਧੁ ਆਪਿ ਕਥੀ ; ਤੈ ਆਪਿ ਵਖਾਣੀ ॥ (੯੯-੧੩, ਮਾਝ, ਮਃ ੫)

You Yourself chant it, and You Yourself speak it.

ਗੁਰਿ ਕਹਿਆ ਸਭੁ ਏਕੋ ਏਕੋ ; ਅਵਰੁ ਨ ਕੋਈ ਹੋਇਗਾ ਜੀਉ ॥੩॥ (੯੯-੧੩, ਮਾਝ, ਮਃ ੫)

The Guru has said that He is One-All is the One. There shall never be any other. ||3||

ਅੰਮ੍ਰਿਤ ਰਸੁ ਹਰਿ ; ਗੁਰ ਤੇ ਪੀਆ ॥ (੯੯-੧੪, ਮਾਝ, ਮਃ ੫)

I drink in the Almighty's Ambrosial Essence from the Guru;

ਹਰਿ ਪੈਨਣੁ ਨਾਮੁ ; ਭੋਜਨੁ ਥੀਆ ॥ (੯੯-੧੪, ਮਾਝ, ਮਃ ੫)

the Almighty's Name has become my clothing and food.

ਨਾਮਿ ਰੰਗ ਨਾਮਿ ਚੋਜ ਤਮਾਸੇ ;
ਨਾਉ ਨਾਨਕ , ਕੀਨੇ ਭੋਗਾ ਜੀਉ ॥੪॥੧੦॥੧੭॥ (੯੯-੧੪, ਮਾਝ, ਮਃ ੫)

The Name is my delight, the Name is my play and entertainment. Guru Nanak says, I have made the Name my enjoyment. ||4||10||17||

ਮਾਝ , ਮਹਲਾ ੫ ॥ (੯੯-੧੫)

Maajh, Fifth Guru:

ਸਗਲ ਸੰਤਨ ਪਹਿ ; ਵਸਤੁ ਇਕ ਮਾਂਗਉ ॥ (੯੯-੧੫, ਮਾਝ, ਮਃ ੫)

I beg of all the Saints: please, give me the merchandise.

ਕਰਉ ਬਿਨੰਤੀ ; ਮਾਨੁ ਤਿਆਗਉ ॥ (੯੯-੧੬, ਮਾਝ, ਮਃ ੫)

I offer my prayers-I have forsaken my pride.

ਵਾਰਿ ਵਾਰਿ ਜਾਈ ਲਖ ਵਰੀਆ ; ਦੇਹੁ ਸੰਤਨ ਕੀ ਧੂਰਾ ਜੀਉ ॥੧॥ (੯੯-੧੬, ਮਾਝ, ਮਃ ੫)

I am a sacrifice, hundreds of thousands of times a sacrifice, and I pray: please, give me the dust of the feet of the Saints. ||1||

ਤੁਮ ਦਾਤੇ ; ਤੁਮ ਪੁਰਖ ਬਿਧਾਤੇ ॥ (੯੯-੧੭, ਮਾਝ, ਮਃ ੫)

You are the Giver, You are the Architect of Destiny.

ਤੁਮ ਸਮਰਥ ; ਸਦਾ ਸੁਖਦਾਤੇ ॥ (੯੯-੧੭, ਮਾਝ, ਮਃ ੫)

You are All-powerful, the Giver of Eternal Peace.

ਸਭ ਕੋ , ਤੁਮ ਹੀ ਤੇ ਵਰਸਾਵੈ ;
ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥ (੯੯-੧੭, ਮਾਝ, ਮਃ ੫)

You bless everyone. Please bring my life to fulfillment. ||2||

ਦਰਸਨਿ ਤੇਰੈ ; ਭਵਨ ਪੁਨੀਤਾ ॥ (੯੯-੧੮, ਮਾਝ, ਮਃ ੫)

The body-temple is sanctified by the Blessed Vision of Your Darshan,

ਆਤਮ , ਗੜੁ ਬਿਖਮੁ ; ਤਿਨਾ ਹੀ ਜੀਤਾ ॥ (੯੯-੧੮, ਮਾਝ, ਮਃ ੫)

and thus, the impregnable fort of the soul is conquered.

ਤੁਮ ਦਾਤੇ ਤੁਮ ਪੁਰਖ ਬਿਧਾਤੇ ; ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥ (੯੯-੧੯, ਮਾਝ, ਮਃ ੫)

You are the Giver, You are the Architect of Destiny. There is no other warrior as great as You. ||3||

ਰੇਨੁ ਸੰਤਨ ਕੀ ; ਮੇਰੈ ਮੁਖਿ ਲਾਗੀ ॥ (੧੦੦-੧, ਮਾਝ, ਮਃ ੫)

I applied the dust of the feet of the Saints to my face.

ਦੁਰਮਤਿ ਬਿਨਸੀ ; ਕੁਬੁਧਿ ਅਭਾਗੀ ॥ (ਕੁਬੁੱਧਿ ਬੋਲੋ) (੧੦੦-੧, ਮਾਝ, ਮਃ ੫)

My evil-mindedness disappeared, along with my misfortune and false-mindedness.

ਸਚ ਘਰਿ ਬੈਸਿ ਰਹੇ ਗੁਣ ਗਾਏ ;
ਨਾਨਕ , ਬਿਨਸੇ ਕੂਰਾ ਜੀਉ ॥੪॥੧੧॥੧੮॥ (੧੦੦-੧, ਮਾਝ, ਮਃ ੫)

I sit in the true home of my self; I sing His Glorious Praises. Guru Nanak says, my falsehood has vanished! ||4||11||18||

ਮਾਝ , ਮਹਲਾ ੫ ॥ (੧੦੦-੨)

Maajh, Fifth Guru:

ਵਿਸਰੁ ਨਾਹੀ ; ਏਵਡ ਦਾਤੇ ॥ (੧੦੦-੨, ਮਾਝ, ਮਃ ੫)

I shall never forget You-You are such a Great Giver!

ਕਰਿ ਕਿਰਪਾ ; ਭਗਤਨ ਸੰਗਿ ਰਾਤੇ ॥ (ਰਾੱਤੇ ਬੋਲੋ) (੧੦੦-੨, ਮਾਝ, ਮਃ ੫)

Please grant Your Grace, and imbue me with the love of devotional worship.

ਦਿਨਸੁ ਰੈਣਿ ਜਿਉ ਤੁਧੁ ਧਿਆਈ ;
ਏਹੁ ਦਾਨੁ ਮੋਹਿ ਕਰਣਾ ਜੀਉ ॥੧॥ (੧੦੦-੩, ਮਾਝ, ਮਃ ੫)

If it pleases You, let me meditate on You day and night; please, grant me this gift! ||1||

ਮਾਟੀ ਅੰਧੀ ; ਸੁਰਤਿ ਸਮਾਈ ॥ (੧੦੦-੩, ਮਾਝ, ਮਃ ੫)

Into this blind clay, You have infused awareness.

ਸਭ ਕਿਛੁ ਦੀਆ ; ਭਲੀਆ ਜਾਈ ॥ (੧੦੦-੪, ਮਾਝ, ਮਃ ੫)

Everything, everywhere which You have given is good.

ਅਨਦ ਬਿਨੋਦ ਚੋਜ ਤਮਾਸੇ ; ਤੁਧੁ ਭਾਵੈ ਸੋ ਹੋਣਾ ਜੀਉ ॥੨॥ (੧੦੦-੪, ਮਾਝ, ਮਃ ੫)

Bliss, joyful celebrations, wondrous plays and entertainment-whatever pleases You, comes to pass. ||2||

ਜਿਸ ਦਾ ਦਿਤਾ ; ਸਭੁ ਕਿਛੁ ਲੈਣਾ ॥ (੧੦੦-੫, ਮਾਝ, ਮਃ ੫)

Everything we receive is a gift from Him

ਛਤੀਹ ਅੰਮ੍ਰਿਤ ; ਭੋਜਨੁ ਖਾਣਾ ॥ (੧੦੦-੫, ਮਾਝ, ਮਃ ੫)

-the thirty-six delicious foods to eat,

ਸੇਜ ਸੁਖਾਲੀ ਸੀਤਲੁ ਪਵਣਾ ; ਸਹਜ ਕੇਲ ਰੰਗ ਕਰਣਾ ਜੀਉ ॥੩॥ (੧੦੦-੫, ਮਾਝ, ਮਃ ੫)

cozy beds, cooling breezes, peaceful joy and the experience of pleasure. ||3||

ਸਾ ਬੁਧਿ ਦੀਜੈ ; ਜਿਤੁ ਵਿਸਰਹਿ ਨਾਹੀ ॥ (੧੦੦-੬, ਮਾਝ, ਮਃ ੫)

Give me that state of mind, by which I may not forget You.

ਸਾ ਮਤਿ ਦੀਜੈ ; ਜਿਤੁ ਤੁਧੁ ਧਿਆਈ ॥ (੧੦੦-੬, ਮਾਝ, ਮਃ ੫)

Give me that understanding, by which I may meditate on You.

ਸਾਸ ਸਾਸ ਤੇਰੇ ਗੁਣ ਗਾਵਾ ;
ਓਟ ਨਾਨਕ , ਗੁਰ ਚਰਣਾ ਜੀਉ ॥੪॥੧੨॥੧੯॥ (੧੦੦-੬, ਮਾਝ, ਮਃ ੫)

I sing Your Glorious Praises with each and every breath. Guru Nanak takes the Support of the Guru's Feet. ||4||12||19||

ਮਾਝ , ਮਹਲਾ ੫ ॥ (੧੦੦-੭)

Maajh, Fifth Guru:

ਸਿਫਤਿ ਸਾਲਾਹਣੁ ; ਤੇਰਾ ਹੁਕਮੁ ਰਜਾਈ ॥ (੧੦੦-੭, ਮਾਝ, ਮਃ ੫)

To praise You is to follow Your Command and Your Will.

ਸੋ ਗਿਆਨੁ ਧਿਆਨੁ ; ਜੋ ਤੁਧੁ ਭਾਈ ॥ (੧੦੦-੮, ਮਾਝ, ਮਃ ੫)

That which pleases You is spiritual wisdom and meditation.

ਸੋਈ ਜਪੁ ਜੋ ਪ੍ਰਭ ਜੀਉ ਭਾਵੈ ; ਭਾਣੈ ਪੂਰ ਗਿਆਨਾ ਜੀਉ ॥੧॥ (੧੦੦-੮, ਮਾਝ, ਮਃ ੫)

That which pleases Almighty is chanting and meditation; to be in harmony with His Will is perfect spiritual wisdom. ||1||

ਅੰਮ੍ਰਿਤੁ ਨਾਮੁ ਤੇਰਾ ; ਸੋਈ ਗਾਵੈ ॥ ਜੋ ਸਾਹਿਬ ; ਤੇਰੈ ਮਨਿ ਭਾਵੈ ॥ (੧੦੦-੯, ਮਾਝ, ਮਃ ੫)

He alone sings Your Ambrosial Naam, who is pleasing to Your Mind, O my Almighty and Master.

ਤੂੰ ਸੰਤਨ ਕਾ , ਸੰਤ ਤੁਮਾਰੇ ; ਸੰਤ ਸਾਹਿਬ ਮਨੁ ਮਾਨਾ ਜੀਉ ॥੨॥ (੧੦੦-੯, ਮਾਝ, ਮਃ ੫)

You belong to the Saints, and the Saints belong to You. The minds of the Saints are attuned to You, O my Almighty and Master. ||2||

ਤੂੰ ; ਸੰਤਨ ਕੀ ਕਰਹਿ ਪ੍ਰਤਿਪਾਲਾ ॥ (੧੦੦-੧੦, ਮਾਝ, ਮਃ ੫)

You cherish and nurture the Saints.

ਸੰਤ ਖੇਲਹਿ ; ਤੁਮ ਸੰਗਿ ਗੋਪਾਲਾ ॥ (੧੦੦-੧੦, ਮਾਝ, ਮਃ ੫)

The Saints play with You, O Sustainer of the World.

ਅਪੁਨੇ ਸੰਤ ਤੁਧੁ ਖਰੇ ਪਿਆਰੇ ; ਤੂ ਸੰਤਨ ਕੇ ਪ੍ਰਾਨਾ ਜੀਉ ॥੩॥ (੧੦੦-੧੦, ਮਾਝ, ਮਃ ੫)

Your Saints are very dear to You. You are the breath of life of the Saints. ||3||

ਉਨ ਸੰਤਨ ਕੈ ; ਮੇਰਾ ਮਨੁ ਕੁਰਬਾਨੇ ॥ (੧੦੦-੧੧, ਮਾਝ, ਮਃ ੫)

My mind is a sacrifice to those Saints who know You,

ਜਿਨ ਤੂੰ ਜਾਤਾ ; ਜੋ ਤੁਧੁ ਮਨਿ ਭਾਨੇ ॥ (੧੦੦-੧੧, ਮਾਝ, ਮਃ ੫)

and are pleasing to Your Mind.

ਤਿਨ ਕੈ ਸੰਗਿ ਸਦਾ ਸੁਖੁ ਪਾਇਆ ;
ਹਰਿ ਰਸ ਨਾਨਕ , ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥ (੧੦੦-੧੨, ਮਾਝ, ਮਃ ੫)

In their company I have found a lasting peace. Guru Nanak is satisfied and fulfilled with the Sublime Essence of the Almighty. ||4||13||20||

ਮਾਝ , ਮਹਲਾ ੫ ॥ (੧੦੦-੧੩)

Maajh, Fifth Guru

ਤੂੰ ਜਲਨਿਧਿ ; ਹਮ ਮੀਨ ਤੁਮਾਰੇ ॥ (੧੦੦-੧੩, ਮਾਝ, ਮਃ ੫)

You are the Ocean of Treasure, and I am nothing just like your fish.

ਤੇਰਾ ਨਾਮੁ ਬੂੰਦ ; ਹਮ ਚਾਤ੍ਰਿਕ ਤਿਖਹਾਰੇ ॥ (੧੦੦-੧੩, ਮਾਝ, ਮਃ ੫)

Your Name is the drop of water, and I am a thirsty rainbird.

ਤੁਮਰੀ ਆਸ ਪਿਆਸਾ ਤੁਮਰੀ ; ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥ (੧੦੦-੧੩, ਮਾਝ, ਮਃ ੫)

You are my hope, and You are my thirst. My mind is absorbed in You. ||1||

ਜਿਉ ਬਾਰਿਕੁ ; ਪੀ ਖੀਰੁ , ਅਘਾਵੈ ॥ (੧੦੦-੧੪, ਮਾਝ, ਮਃ ੫)

Just as the baby is satisfied by drinking milk,

ਜਿਉ ਨਿਰਧਨੁ ; ਧਨੁ ਦੇਖਿ ਸੁਖੁ ਪਾਵੈ ॥ (੧੦੦-੧੪, ਮਾਝ, ਮਃ ੫)

and the poor person is pleased by seeing wealth,

ਤ੍ਰਿਖਾਵੰਤ , ਜਲੁ ਪੀਵਤ ਠੰਢਾ ;
ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨॥ (੧੦੦-੧੫, ਮਾਝ, ਮਃ ੫)

and the thirsty person is refreshed by drinking cool water, so is this mind drenched with delight in the Almighty. ||2||

ਜਿਉ ਅੰਧਿਆਰੈ ; ਦੀਪਕੁ ਪਰਗਾਸਾ ॥ (੧੦੦-੧੫, ਮਾਝ, ਮਃ ੫)

Just as the darkness is lit up by the lamp,

ਭਰਤਾ ਚਿਤਵਤ ; ਪੂਰਨ ਆਸਾ ॥ (੧੦੦-੧੬, ਮਾਝ, ਮਃ ੫)

and the hopes of the wife are fulfilled by thinking about her husband,

ਮਿਲਿ ਪ੍ਰੀਤਮ , ਜਿਉ ਹੋਤ ਅਨੰਦਾ ;
ਤਿਉ ਹਰਿ ਰੰਗਿ , ਮਨੁ ਰੰਗੀਨਾ ਜੀਉ ॥੩॥ (੧੦੦-੧੬, ਮਾਝ, ਮਃ ੫)

and people are filled with bliss upon meeting their beloved, so is my mind imbued with the Almighty's Love. ||3||

ਸੰਤਨ ਮੋਕਉ ; ('ਮੋ-ਕਉ' ਬੋਲੋ)
ਹਰਿ ਮਾਰਗਿ ਪਾਇਆ ॥ (੧੦੦-੧੭, ਮਾਝ, ਮਃ ੫)

The Saints have set me upon the Almighty's Path.

ਸਾਧ ਕ੍ਰਿਪਾਲਿ ; ਹਰਿ ਸੰਗਿ ਗਿਝਾਇਆ ॥ (੧੦੦-੧੭, ਮਾਝ, ਮਃ ੫)

By the Grace of the Holy Saint, I have been attuned to the Almighty.

ਹਰਿ ਹਮਰਾ ਹਮ ਹਰਿ ਕੇ ਦਾਸੇ ;
ਨਾਨਕ , ਸਬਦੁ ਗੁਰੂ ਸਚੁ , ਦੀਨਾ ਜੀਉ ॥੪॥੧੪॥੨੧॥ (੧੦੦-੧੮, ਮਾਝ, ਮਃ ੫)

The Almighty is mine, and I am the slave of the Almighty. Guru Guru Nanak says, the Guru has blessed me with the True Guru's Sermons (Gurbani). ||4||14||21||

ਮਾਝ , ਮਹਲਾ ੫ ॥ (੧੦੦-੧੮)
Maajh, Fifth Guru:

ਅੰਮ੍ਰਿਤ ਨਾਮੁ ; ਸਦਾ ਨਿਰਮਲੀਆ ॥ (੧੦੦-੧੯, ਮਾਝ, ਮਃ ੫)
The Ambrosial Naam, the Name of the Almighty, is eternally pure.

ਸੁਖਦਾਈ ; ਦੂਖ ਬਿਡਾਰਨ ਹਰੀਆ ॥ (੧੦੦-੧੯, ਮਾਝ, ਮਃ ੫)
The Almighty is the Giver of Peace and the Dispeller of sorrow.

ਅਵਰਿ ਸਾਦ ਚਖਿ ਸਗਲੇ ਦੇਖੇ ;
ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥ (੧੦੦-੧੯, ਮਾਝ, ਮਃ ੫)
I have seen and tasted all other flavors, but to my mind, the Subtle Essence of the Almighty is the sweetest of all. ||1||

ਜੋ ਜੋ ਪੀਵੈ ; ਸੋ ਤ੍ਰਿਪਤਾਵੈ ॥ (੧੦੧-੧, ਮਾਝ, ਮਃ ੫)
Whoever drinks this in, is satisfied.

ਅਮਰੁ ਹੋਵੈ ; ਜੋ ਨਾਮ ਰਸੁ ਪਾਵੈ ॥ (੧੦੧-੧, ਮਾਝ, ਮਃ ੫)
Whoever obtains the Sublime Essence of the Naam becomes immortal.

ਨਾਮ ਨਿਧਾਨ ਤਿਸਹਿ ਪਰਾਪਤਿ ;
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥ (੧੦੧-੧, ਮਾਝ, ਮਃ ੫)
The Treasure of the Naam is obtained by one whose mind is filled with the True Guru's Sermons (Gurbani). ||2||

ਜਿਨਿ ਹਰਿ ਰਸੁ ਪਾਇਆ ; ਸੋ ਤ੍ਰਿਪਤਿ ਅਘਾਨਾ ॥ (੧੦੧-੨, ਮਾਝ, ਮਃ ੫)
One who obtains the Sublime Essence of the Almighty is satisfied and fulfilled.

ਜਿਨਿ ਹਰਿ ਸਾਦੁ ਪਾਇਆ ; ਸੋ ਨਾਹਿ ਡੁਲਾਨਾ ॥ (੧੦੧-੩, ਮਾਝ, ਮਃ ੫)
One who obtains this Flavor of the Almighty does not waver.

ਤਿਸਹਿ ਪਰਾਪਤਿ ਹਰਿ ਹਰਿ ਨਾਮਾ ;
ਜਿਸੁ ਮਸਤਕਿ ਭਾਗੀਠਾ ਜੀਉ ॥੩॥ (੧੦੧-੩, ਮਾਝ, ਮਃ ੫)
One who has this destiny written on his forehead obtains the Name of the Almighty, Har, Har. ||3||

ਹਰਿ ਇਕਸੁ ਹਥਿ ਆਇਆ ; ਵਰਸਾਣੇ ਬਹੁਤੇਰੇ ॥ (੧੦੧-੪, ਮਾਝ, ਮਃ ੫)

The Almighty has come into the hands of the One, the Guru, who has blessed so many with good fortune.

ਤਿਸੁ ਲਗਿ ; ਮੁਕਤੁ ਭਏ ਘਣੇਰੇ ॥ (੧੦੧-੪, ਮਾਝ, ਮਃ ੫)

Attached to Him, a great many have been liberated.

ਨਾਮੁ ਨਿਧਾਨਾ , ਗੁਰਮੁਖਿ ਪਾਈਐ ;
ਕਹੁ ਨਾਨਕ , ਵਿਰਲੀ ਡੀਠਾ ਜੀਉ ॥੪॥੧੫॥੨੨॥ (੧੦੧-੪, ਮਾਝ, ਮਃ ੫)

The Gurmukh obtains the Treasure of the Naam; says Guru Nanak, those who see the Almighty are very rare. ||4||15||22||

ਮਾਝ , ਮਹਲਾ ੫ ॥ (੧੦੧-੫)

Maajh, Fifth Guru:

ਨਿਧਿ ਸਿਧਿ ਰਿਧਿ ; ਹਰਿ ਹਰਿ ਹਰਿ ਮੇਰੈ ॥ (੧੦੧-੫, ਮਾਝ, ਮਃ ੫)

My Almighty, Har, Har, Har, is the nine treasures, the supernatural spiritual powers of the Siddhas, wealth and prosperity.

ਜਨਮੁ ਪਦਾਰਥੁ ; ਗਹਿਰ ਗੰਭੀਰੈ ॥ (੧੦੧-੬, ਮਾਝ, ਮਃ ੫)

He is the Deep and Profound Treasure of Life.

ਲਾਖ ਕੋਟ ਖੁਸੀਆ ਰੰਗ ਰਾਵੈ ;
ਜੋ ਗੁਰ ਲਾਗਾ ਪਾਈ ਜੀਉ ॥੧॥ (ਪਾਂਈ ਬੋਲੋ) (੧੦੧-੬, ਮਾਝ, ਮਃ ੫)

Hundreds of thousands, even millions of pleasures and delights are enjoyed by one who falls at the Guru's Feet. ||1||

ਦਰਸਨੁ ਪੇਖਤ ; ਭਏ ਪੁਨੀਤਾ ॥ (੧੦੧-੭, ਮਾਝ, ਮਃ ੫)

Gazing upon the Blessed Vision of His Darshan, all are sanctified,

ਸਗਲ ਉਧਾਰੇ ; ਭਾਈ ਮੀਤਾ ॥ (੧੦੧-੭, ਮਾਝ, ਮਃ ੫)

and all family and friends are saved.

ਅਗਮ ਅਗੋਚਰੁ ਸੁਆਮੀ ਅਪੁਨਾ ;
ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥ (੧੦੧-੭, ਮਾਝ, ਮਃ ੫)

By Guru's Grace, I meditate on the True Almighty who is beyond the grasp of mind (Agam-Inaccessible) and beyond the reach of sensors (Agochar-Incomprehensible). ||2||

ਜਾ ਕਉ ਖੋਜਹਿ ; ਸਰਬ ਉਪਾਏ ॥
ਵਡਭਾਗੀ ; ਦਰਸਨੁ ਕੋ ਵਿਰਲਾ ਪਾਏ ॥ (੧੦੧-੮, ਮਾਝ, ਮਃ ੫)

The One, the Guru, who is sought by all-only a few, by great good fortune, receive His Darshan.

ਊਚ ਅਪਾਰ ਅਗੋਚਰ ਥਾਨਾ ; ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥ (੧੦੧-੯, ਮਾਝ, ਮਃ ੫)

His Place is lofty, infinite and beyond the reach of sensors (Agochar-Incomprehensible); the Guru has shown me that palace. ||3||

ਗਹਿਰ ਗੰਭੀਰ ; ਅੰਮ੍ਰਿਤ ਨਾਮੁ ਤੇਰਾ ॥ (੧੦੧-੯, ਮਾਝ, ਮਃ ੫)

Your Ambrosial Name is deep and profound.

ਮੁਕਤਿ ਭਇਆ ; ਜਿਸੁ ਰਿਦੈ ਵਸੇਰਾ ॥ (੧੦੧-੧੦, ਮਾਝ, ਮਃ ੫)

That person is liberated, in whose heart You dwell.

ਗੁਰਿ , ਬੰਧਨ ਤਿਨ ਕੇ ਸਗਲੇ ਕਾਟੇ ;
ਜਨ ਨਾਨਕ , ਸਹਜਿ ਸਮਾਈ ਜੀਉ ॥੪॥੧੬॥੨੩॥ (੧੦੧-੧੦, ਮਾਝ, ਮਃ ੫)

The Guru cuts away all his bonds; O Servant Guru Nanak, he is absorbed in the poise of intuitive peace. ||4||16||23||

ਮਾਝ , ਮਹਲਾ ੫ ॥ (੧੦੧-੧੧)

Maajh, Fifth Guru:

ਪ੍ਰਭ ਕਿਰਪਾ ਤੇ ; ਹਰਿ ਹਰਿ ਧਿਆਵਉ ॥ (੧੦੧-੧੧, ਮਾਝ, ਮਃ ੫)

By Almighty's Grace, I meditate on the Almighty, Har, Har.

ਪ੍ਰਭੂ ਦਇਆ ਤੇ ; ਮੰਗਲੁ ਗਾਵਉ ॥ (੧੦੧-੧੧, ਮਾਝ, ਮਃ ੫)

By Almighty's Kindness, I sing the songs of joy.

ਊਠਤ ਬੈਠਤ ਸੋਵਤ ਜਾਗਤ ;
ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥ (ਅ-ਵਰਦਾ ਬੋਲੋ) (੧੦੧-੧੨, ਮਾਝ, ਮਃ ੫)

While standing and sitting, while sleeping and while awake, meditate on the Almighty, all your life. ||1||

ਨਾਮੁ ਅਉਖਧੁ ; ਮੋ ਕਉ ਸਾਧੂ ਦੀਆ ॥ (੧੦੧-੧੨, ਮਾਝ, ਮਃ ੫)

The Holy Saint has given me the Medicine of the Naam.

ਕਿਲਬਿਖ ਕਾਟੇ ; ਨਿਰਮਲੁ ਥੀਆ ॥ (੧੦੧-੧੩, ਮਾਝ, ਮਃ ੫)

My sins have been cut out, and I have become pure.

ਅਨਦੁ ਭਇਆ , ਨਿਕਸੀ ਸਭ ਪੀਰਾ ;
ਸਗਲ ਬਿਨਾਸੇ ਦਰਦਾ ਜੀਉ ॥੨॥ (੧੦੧-੧੩, ਮਾਝ, ਮਃ ੫)

I am filled with bliss, and all my pains have been taken away. All my suffering has been dispelled. ||2||

ਜਿਸ ਕਾ ਅੰਗੁ ਕਰੇ ; ਮੇਰਾ ਪਿਆਰਾ ॥
ਸੋ ਮੁਕਤਾ ; ਸਾਗਰ ਸੰਸਾਰਾ ॥ (੧੦੧-੧੪, ਮਾਝ, ਮਃ ੫)

One who has my Beloved on his side, is liberated from the world-ocean.

ਸਤਿ ਕਰੇ , ਜਿਨਿ ਗੁਰੂ ਪਛਾਤਾ ;
ਸੋ ਕਾਹੇ ਕਉ ਡਰਦਾ ਜੀਉ ॥੩॥ (੧੦੧-੧੪, ਮਾਝ, ਮਃ ੫)

One who recognizes the Guru practices Truth; why should he be afraid? ||3||

ਜਬ ਤੇ ; ਸਾਧੂ ਸੰਗਤਿ ਪਾਏ ॥
ਗੁਰ ਭੇਟਤ ; ਹਉ ਗਈ ਬਲਾਏ ॥ (੧੦੧-੧੫, ਮਾਝ, ਮਃ ੫)

Since I found the Company of the Holy and met the Guru, the demon of pride has departed.

ਸਾਸਿ ਸਾਸਿ ਹਰਿ ਗਾਵੈ ਨਾਨਕੁ ;
ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥ **('ਪੜਦਾ' ਨੂੰ ਪੋਲਾ ਬੋਲੋ)**

With each and every breath, Guru Nanak sings the Almighty's Praises. The True Guru has covered my sins. ||4||17||24||

ਮਾਝ , ਮਹਲਾ ੫ ॥ (੧੦੧-੧੬)

Maajh, Fifth Guru:

ਓਤਿ ਪੋਤਿ ; ਸੇਵਕ ਸੰਗਿ ਰਾਤਾ ॥ **(ਰਾੱਤਾ ਬੋਲੋ)** (੧੦੧-੧੬, ਮਾਝ, ਮਃ ੫)

Through and through, the Almighty is intermingled with His servant.

ਪ੍ਰਭ ਪ੍ਰਤਿਪਾਲੇ ; ਸੇਵਕ ਸੁਖਦਾਤਾ ॥ (੧੦੧-੧੭, ਮਾਝ, ਮਃ ੫)

Almighty, the Giver of Peace, cherishes His servant.

ਪਾਣੀ ਪਖਾ ਪੀਸਉ ਸੇਵਕ ਕੈ ; ਠਾਕੁਰ ਹੀ ਕਾ ਆਹਰੁ ਜੀਉ ॥੧॥ (੧੦੧-੧੭, ਮਾਝ, ਮਃ ੫)

I carry the water, wave the fan, and grind the grain for the servant of my Almighty and Master. ||1||

ਕਾਟਿ ਸਿਲਕ ; ਪ੍ਰਭਿ ਸੇਵਾ ਲਾਇਆ ॥ (੧੦੧-੧੮, ਮਾਝ, ਮਃ ੫)

Almighty has cut the noose from around my neck; He has placed me in His Service.

ਹੁਕਮੁ ਸਾਹਿਬ ਕਾ ; ਸੇਵਕ ਮਨਿ ਭਾਇਆ ॥ (੧੦੧-੧੮, ਮਾਝ, ਮਃ ੫)

The Almighty and Master's Command is pleasing to the mind of His servant.

ਸੋਈ ਕਮਾਵੈ, ਜੋ ਸਾਹਿਬ ਭਾਵੈ ;
ਸੇਵਕੁ , ਅੰਤਰਿ ਬਾਹਰਿ ਮਾਹਰੁ ਜੀਉ ॥੨॥ (੧੦੧-੧੮, ਮਾਝ, ਮਃ ੫)

He does that which pleases his Almighty and Master. Inwardly and outwardly, the servant knows his Almighty. ||2||

ਤੂੰ ਦਾਨਾ ਠਾਕੁਰੁ ; ਸਭ ਬਿਧਿ ਜਾਨਹਿ ॥ (੧੦੧-੧੯, ਮਾਝ, ਮਃ ੫)

You are the All-knowing Almighty and Master; You know all ways and means.

ਠਾਕੁਰ ਕੇ ਸੇਵਕ ; ਹਰਿ ਰੰਗ ਮਾਣਹਿ ॥ (੧੦੨-੧, ਮਾਝ, ਮਃ ੫)

The servant of the Almighty and Master enjoys the Love and Affection of the Almighty.

ਜੋ ਕਿਛੁ ਠਾਕੁਰ ਕਾ , ਸੋ ਸੇਵਕ ਕਾ ;
ਸੇਵਕੁ , ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥ (੧੦੨-੧, ਮਾਝ, ਮਃ ੫)

That which belongs to the Almighty and Master, belongs to His servant. The servant becomes distinguished in association with his Almighty and Master. ||3||

ਅਪੁਨੈ ਠਾਕੁਰਿ ; ਜੋ ਪਹਿਰਾਇਆ ॥
ਬਹੁਰਿ ਨ ਲੇਖਾ ; ਪੁਛਿ ਬੁਲਾਇਆ ॥ (੧੦੨-੨, ਮਾਝ, ਮਃ ੫)

He, whom the Almighty and Master dresses in the robes of honor, is not called to answer for his account any longer.

ਤਿਸੁ ਸੇਵਕ ਕੈ , ਨਾਨਕ ਕੁਰਬਾਣੀ ;

ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥੨੫॥ (੧੦੨-੨, ਮਾਝ, ਮਃ ੫)

Guru Nanak is a sacrifice to that servant. He is the pearl of the deep and unfathomable Ocean of Almighty. ||4||18||25||

ਮਾਝ , ਮਹਲਾ ੫ ॥ (੧੦੨-੩)

Maajh, Fifth Guru:

ਸਭ ਕਿਛੁ ਘਰ ਮਹਿ ; ਬਾਹਰਿ ਨਾਹੀ ॥ (੧੦੨-੩, ਮਾਝ, ਮਃ ੫)

Everything is within the home of the self; there is nothing beyond.

ਬਾਹਰਿ ਟੋਲੈ ; ਸੋ ਭਰਮਿ ਭੁਲਾਹੀ ॥ (੧੦੨-੪, ਮਾਝ, ਮਃ ੫)

One who searches outside is deluded by doubt.

ਗੁਰਪਰਸਾਦੀ , ਜਿਨੀ ਅੰਤਰਿ ਪਾਇਆ ;
ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ (੧੦੨-੪, ਮਾਝ, ਮਃ ੫)

By Guru's Grace, one who has found the Almighty within is happy, inwardly and outwardly. ||1||

ਝਿਮਿ ਝਿਮਿ ਵਰਸੈ ; ਅੰਮ੍ਰਿਤ ਧਾਰਾ ॥ (੧੦੨-੫, ਮਾਝ, ਮਃ ੫)

Slowly, gently, drop by drop, the stream of nectar trickles down within.

ਮਨੁ ਪੀਵੈ ; ਸੁਨਿ ਸਬਦੁ ਬੀਚਾਰਾ ॥ (੧੦੨-੫, ਮਾਝ, ਮਃ ੫)

The mind drinks it in, hearing and reflecting on the True Guru's Sermons (Gurbani).

ਅਨਦ ਬਿਨੋਦ ਕਰੇ ਦਿਨ ਰਾਤੀ ; ਸਦਾ ਸਦਾ ਹਰਿ ਕੇਲਾ ਜੀਉ ॥੨॥ (੧੦੨-੫, ਮਾਝ, ਮਃ ੫)

It enjoys bliss and ecstasy day and night, and plays with the Almighty forever and ever. ||2||

ਜਨਮ ਜਨਮ ਕਾ ; ਵਿਛੁੜਿਆ ਮਿਲਿਆ ॥ (੧੦੨-੬, ਮਾਝ, ਮਃ ੫)

I have now been united with the Almighty after having been separated and cut off from Him for so many lifetimes;

ਸਾਧ ਕ੍ਰਿਪਾ ਤੇ ; ਸੂਕਾ ਹਰਿਆ ॥ (੧੦੨-੬, ਮਾਝ, ਮਃ ੫)

by the Grace of the Holy Saint, the dried-up branches have blossomed forth again in their greenery.

ਸੁਮਤਿ ਪਾਏ ਨਾਮੁ ਧਿਆਏ ; (ਸੁ-ਮੱਤਿ ਬੋਲੋ)

ਗੁਰਮੁਖਿ ਹੋਏ ਮੇਲਾ ਜੀਉ ॥੩॥ (੧੦੨-੭, ਮਾਝ, ਮਃ ੫)

I have obtained this sublime understanding, and I meditate on the Naam; as Gurmukh, I have met the Almighty. ||3||

ਜਲ ਤਰੰਗੁ ਜਿਉ ; ਜਲਹਿ ਸਮਾਇਆ ॥ (੧੦੨-੭, ਮਾਝ, ਮਃ ੫)

As the waves of water merge again with the water,

ਤਿਉ ਜੋਤੀ ਸੰਗਿ ; ਜੋਤਿ ਮਿਲਾਇਆ ॥ (੧੦੨-੭, ਮਾਝ, ਮਃ ੫)

so does my light merge again into the Light.

ਕਹੁ ਨਾਨਕ , ਭ੍ਰਮ ਕਟੇ ਕਿਵਾੜਾ ;
ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥ (੧੦੨-੮, ਮਾਝ, ਮਃ ੫)

Says Guru Nanak, the veil of illusion has been cut away, and I shall not go out wandering any more. ||4||19||26||

ਮਾਝ , ਮਹਲਾ ੫ ॥ (੧੦੨-੯)

Maajh, Fifth Guru:

ਤਿਸੁ ਕੁਰਬਾਣੀ ; ਜਿਨਿ ਤੂੰ ਸੁਣਿਆ ॥ (੧੦੨-੯, ਮਾਝ, ਮਃ ੫)

I am a sacrifice to those who have heard of You.

ਤਿਸੁ ਬਲਿਹਾਰੀ ; ਜਿਨਿ ਰਸਨਾ ਭਣਿਆ ॥ (੧੦੨-੯, ਮਾਝ, ਮਃ ੫)

I am a sacrifice to those whose tongues speak of You.

ਵਾਰਿ ਵਾਰਿ ਜਾਈ ਤਿਸੁ ਵਿਟਹੁ ;
ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥੧॥ (੧੦੨-੯, ਮਾਝ, ਮਃ ੫)

Again and again, I am a sacrifice to those who meditate on You with mind and body. ||1||

ਤਿਸੁ ਚਰਣ ਪਖਾਲੀ ; ਜੋ ਤੇਰੈ ਮਾਰਗਿ ਚਾਲੈ ॥ (੧੦੨-੧੦, ਮਾਝ, ਮਃ ੫)

I wash the feet of those who walk upon Your Path.

ਨੈਨ ਨਿਹਾਲੀ ; ਤਿਸੁ ਪੁਰਖ ਦਇਆਲੈ ॥ (੧੦੨-੧੦, ਮਾਝ, ਮਃ ੫)

With my eyes, I long to behold those kind people.

ਮਨੁ ਦੇਵਾ ਤਿਸੁ ਅਪੁਨੇ ਸਾਜਨ ;

ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥ (੧੦੨-੧੧, ਮਾਝ, ਮਃ ੫)

I offer my mind to those friends, who have met the Guru and found Almighty. ||2||

ਸੇ ਵਡਭਾਗੀ ; ਜਿਨਿ ਤੁਮ ਜਾਣੇ ॥ (੧੦੨-੧੨, ਮਾਝ, ਮਃ ੫)

Very fortunate are those who know You.

ਸਭ ਕੈ ਮਧੇ ; ਅਲਿਪਤ ਨਿਰਬਾਣੇ ॥ (ਅ-ਲਿਪਤ ਬੋਲੋ) (੧੦੨-੧੨, ਮਾਝ, ਮਃ ੫)

In the midst of all, they remain detached and balanced in Nirvaanaa.

ਸਾਧ ਕੈ ਸੰਗਿ , ਉਨਿ ਭਉਜਲੁ ਤਰਿਆ ;
ਸਗਲ ਦੂਤ ਉਨਿ ਸਾਧੇ ਜੀਉ ॥੩॥ (੧੦੨-੧੨, ਮਾਝ, ਮਃ ੫)

In the Saadh Sangat, the Company of the Holy, they cross over the terrifying worldly materialistic ocean, and conquer all their evil passions. ||3||

ਤਿਨ ਕੀ ਸਰਣਿ ਪਰਿਆ ; ਮਨੁ ਮੇਰਾ ॥ (੧੦੨-੧੩, ਮਾਝ, ਮਃ ੫)

My mind has entered their Sanctuary.

ਮਾਣੁ ਤਾਣੁ ਤਜਿ ; ਮੋਹੁ ਅੰਧੇਰਾ ॥ (੧੦੨-੧੩, ਮਾਝ, ਮਃ ੫)

I have renounced my pride in my own strength, and the darkness of emotional attachment.

ਨਾਮੁ ਦਾਨੁ ਦੀਜੈ ਨਾਨਕ ਕਉ ;
ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥ (੧੦੨-੧੪, ਮਾਝ, ਮਃ ੫)

Please bless Guru Nanak with the Gift of the Naam, the Name of the Almighty who is beyond the grasp of mind (Agam-Inaccessible) and Unfathomable. ||4||20||27||

ਮਾਝ , ਮਹਲਾ ੫ ॥ (੧੦੨-੧੪)

Maajh, Fifth Guru:

ਤੂੰ ਪੇਡੁ ; ਸਾਖ ਤੇਰੀ ਫੂਲੀ ॥ (੧੦੨-੧੫, ਮਾਝ, ਮਃ ੫)

You are the tree; Your branches have blossomed forth.

ਤੂੰ ਸੂਖਮੁ ; ਹੋਆ ਅਸਥੂਲੀ ॥ (੧੦੨-੧੫, ਮਾਝ, ਮਃ ੫)

From the very small and subtle, You have become huge and manifest.

ਤੂੰ ਜਲਨਿਧਿ , ਤੂੰ ਫੇਨੁ ਬੁਦਬੁਦਾ ;

ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥ (੧੦੨-੧੫, ਮਾਝ, ਮਃ ੫)

You are the Ocean of Water, and You are the foam and the bubbles on its surface. I cannot see any other except You, Almighty. ||1||

ਤੂੰ ਸੂਤੁ ; ਮਣੀਏ ਭੀ ਤੂੰਹੈ ॥ (੧੦੨-੧੬, ਮਾਝ, ਮਃ ੫)

You are the thread, and You are also the beads.

ਤੂੰ ਗੰਠੀ ; ਮੇਰੁ ਸਿਰਿ ਤੂੰਹੈ ॥ (੧੦੨-੧੬, ਮਾਝ, ਮਃ ੫)

You are the knot, and You are the primary bead of the maalaa.

ਆਦਿ ਮਧਿ ਅੰਤਿ ਪ੍ਰਭੁ ਸੋਈ ;
ਅਵਰੁ ਨ ਕੋਇ ਦਿਖਾਲੀਐ ਜੀਉ ॥੨॥ (੧੦੨-੧੬, ਮਾਝ, ਮਃ ੫)

In the beginning, in the middle and in the end, there is Almighty. I cannot see any other except You, Almighty. ||2||

ਤੂੰ ਨਿਰਗੁਣੁ ; ਸਰਗੁਣੁ ਸੁਖਦਾਤਾ ॥ (੧੦੨-੧੭, ਮਾਝ, ਮਃ ੫)

You transcend all qualities, and You possess the supreme qualities. You are the Giver of peace.

ਤੂੰ ਨਿਰਬਾਣੁ ; ਰਸੀਆ ਰੰਗਿ ਰਾਤਾ ॥ (ਰਾੱਤਾ ਬੋਲੋ) (੧੦੨-੧੭, ਮਾਝ, ਮਃ ੫)

You are detached in Nirvaanaa, and You are the Enjoyer, imbued with love.

ਅਪਣੇ ਕਰਤਬ ਆਪੇ ਜਾਣਹਿ ; ਆਪੇ ਤੁਧੁ ਸਮਾਲੀਐ ਜੀਉ ॥੩॥ (੧੦੨-੧੮, ਮਾਝ, ਮਃ ੫)

You Yourself know Your Own Ways; You dwell upon Yourself. ||3||

ਤੂੰ ਠਾਕੁਰੁ ; ਸੇਵਕੁ ਫੁਨਿ ਆਪੇ ॥ (੧੦੨-੧੮, ਮਾਝ, ਮਃ ੫)

You are the Master, and then again, You are the servant.

ਤੂੰ ਗੁਪਤੁ ਪਰਗਟੁ ; ਪ੍ਰਭ ਆਪੇ ॥ (੧੦੨-੧੯, ਮਾਝ, ਮਃ ੫)

O Almighty, You Yourself are the Manifest and the Unmanifest.

ਨਾਨਕ ਦਾਸੁ , ਸਦਾ ਗੁਣ ਗਾਵੈ ;
ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥੨੧॥੨੮॥ (੧੦੨-੧੯, ਮਾਝ, ਮਃ ੫)

Slave Guru Nanak sings Your Glorious Praises forever. Please, just for a moment, bless him with Your Glance of Grace. ||4||21||28||

ਮਾਝ , ਮਹਲਾ ੫ ॥ (੧੦੩-੧)

Maajh, Fifth Guru:

ਸਫਲ ਸੁ ਬਾਣੀ ; ਜਿਤੁ ਨਾਮੁ ਵਖਾਣੀ ॥ (੧੦੩-੧, ਮਾਝ, ਮਃ ੫)

Blessed are those words, by which the Naam is chanted.

ਗੁਰਪਰਸਾਦਿ ; ਕਿਨੈ ਵਿਰਲੈ ਜਾਣੀ ॥ (੧੦੩-੧, ਮਾਝ, ਮਃ ੫)

Rare are those who know this, by Guru's Grace.

ਧੰਨੁ ਸੁ ਵੇਲਾ , ਜਿਤੁ ਹਰਿ ਗਾਵਤ ਸੁਨਣਾ ;
ਆਏ ਤੇ ਪਰਵਾਨਾ ਜੀਉ ॥੧॥ (੧੦੩-੨, ਮਾਝ, ਮਃ ੫)

Blessed is that time when one sings and hears the Almighty's Name. Blessed and approved is the coming of such a one. ||1||

ਸੇ ਨੇਤ੍ਰ ਪਰਵਾਣੁ ; ਜਿਨੀ ਦਰਸਨੁ ਪੇਖਾ ॥ (੧੦੩-੨, ਮਾਝ, ਮਃ ੫)

Those eyes which behold the Blessed Vision of the Almighty's Darshan are approved and accepted.

ਸੇ ਕਰ ਭਲੇ ; ਜਿਨੀ ਹਰਿ ਜਸੁ ਲੇਖਾ ॥ (੧੦੩-੩, ਮਾਝ, ਮਃ ੫)

Those hands which write the Praises of the Almighty are good.

ਸੇ ਚਰਣ ਸੁਹਾਵੇ , ਜੋ ਹਰਿ ਮਾਰਗਿ ਚਲੇ ;
ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥ (੧੦੩-੩, ਮਾਝ, ਮਃ ੫)

Those feet which walk in the Almighty's Way are beautiful. I am a sacrifice to that Congregation in which the Almighty is recognized. ||2||

ਸੁਣਿ ਸਾਜਨ ; ਮੇਰੇ ਮੀਤ ਪਿਆਰੇ ॥ (੧੦੩-੪, ਮਾਝ, ਮਃ ੫)

Listen, O my beloved friends and companions:

ਸਾਧਸੰਗਿ ; ਖਿਨ ਮਾਹਿ ਉਧਾਰੇ ॥ (੧੦੩-੪, ਮਾਝ, ਮਃ ੫)

in the Saadh Sangat, the Company of the Holy, you shall be saved in an instant.

ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ;
ਮਿਟਿ ਗਏ ਆਵਣ ਜਾਣਾ ਜੀਉ ॥੩॥ (੧੦੩-੪, ਮਾਝ, ਮਃ ੫)

Your sins will be cut out; your mind will be immaculate and pure. Your comings and goings shall cease. ||3||

ਦੁਇ ਕਰ ਜੋੜਿ ; ਇਕੁ ਬਿਨਉ ਕਰੀਜੈ ॥ (੧੦੩-੫, ਮਾਝ, ਮਃ ੫)

With my palms pressed together, I offer this prayer:

ਕਰਿ ਕਿਰਪਾ ; ਡੁਬਦਾ ਪਥਰੁ ਲੀਜੈ ॥ (੧੦੩-੬, ਮਾਝ, ਮਃ ੫)

please bless me with Your Mercy, and save this sinking stone.

ਨਾਨਕ ਕਉ , ਪ੍ਰਭ ਭਏ ਕ੍ਰਿਪਾਲਾ ;
ਪ੍ਰਭ ਨਾਨਕ , ਮਨਿ ਭਾਣਾ ਜੀਉ ॥੪॥੨੨॥੨੯॥ (੧੦੩-੬, ਮਾਝ, ਮਃ ੫)

Almighty has become merciful to Guru Nanak; Almighty is pleasing to Guru Nanak's mind. ||4||22||29||

ਮਾਝ , ਮਹਲਾ ੫ ॥ (੧੦੩-੭)

Maajh, Fifth Guru:

ਅੰਮ੍ਰਿਤ ਬਾਣੀ ; ਹਰਿ ਹਰਿ ਤੇਰੀ ॥ (੧੦੩-੭, ਮਾਝ, ਮਃ ੫)

The Word of Your Bani, Almighty, is Ambrosial Nectar.

ਸੁਣਿ ਸੁਣਿ ; ਹੋਵੈ ਪਰਮ ਗਤਿ ਮੇਰੀ ॥ (੧੦੩-੭, ਮਾਝ, ਮਃ ੫)

Hearing it again and again, I am elevated to the supreme heights.

ਜਲਨਿ ਬੁਝੀ , ਸੀਤਲੁ ਹੋਇ ਮਨੂਆ ; **(‘ਬੁਝੀ’ ਨੂੰ ਪੋਲਾ ਬੋਲੋ)**
ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥ (੧੦੩-੭, ਮਾਝ, ਮਃ ੫)

The burning within me has been extinguished, and my mind has been cooled and soothed, by the Blessed Vision of the True Guru. ||1||

ਸੂਖੁ ਭਇਆ ; ਦੁਖੁ ਦੂਰਿ ਪਰਾਨਾ ॥ (੧੦੩-੮, ਮਾਝ, ਮਃ ੫)

Happiness is obtained, and sorrow runs far away,

ਸੰਤ ਰਸਨ ; ਹਰਿ ਨਾਮੁ ਵਖਾਨਾ ॥ (੧੦੩-੮, ਮਾਝ, ਮਃ ੫)

when the Saints chant the Almighty's Name.

ਜਲ ਥਲ ਨੀਰਿ ਭਰੇ ਸਰ ਸੁਭਰ ; ਬਿਰਥਾ ਕੋਇ ਨ ਜਾਏ ਜੀਉ ॥੨॥ (੧੦੩-੯, ਮਾਝ, ਮਃ ੫)

The sea, the dry land, and the lakes are filled with the Water of the Almighty's Name; no place is left empty. ||2||

ਦਇਆ ਧਾਰੀ ; ਤਿਨਿ ਸਿਰਜਨਹਾਰੇ ॥ **(‘ਸਿਰਜਨ-ਹਾਰੇ’ ਬੋਲੋ)** (੧੦੩-੯, ਮਾਝ, ਮਃ ੫)

The Creator has showered His Kindness;

ਜੀਅ ਜੰਤ ; ਸਗਲੇ ਪ੍ਰਤਿਪਾਰੇ ॥ (੧੦੩-੧੦, ਮਾਝ, ਮਃ ੫)

He cherishes and nurtures all beings and creatures.

ਮਿਹਰਵਾਨ ਕਿਰਪਾਲ ਦਇਆਲਾ ; ਸਗਲੇ ਤ੍ਰਿਪਤਿ ਅਘਾਏ ਜੀਉ ॥੩॥ (੧੦੩-੧੦, ਮਾਝ, ਮਃ ੫)

He is Merciful, Kind and Compassionate. All are satisfied and fulfilled through Him. ||3||

ਵਣੁ ਤ੍ਰਿਣੁ ਤ੍ਰਿਭਵਣੁ ; ਕੀਤੋਨੁ ਹਰਿਆ ॥ (੧੦੩-੧੧, ਮਾਝ, ਮਃ ੫)

The woods, the meadows and the three worlds are rendered green.

ਕਰਣਹਾਰਿ ; ਖਿਨ ਭੀਤਰਿ ਕਰਿਆ ॥ (੧੦੩-੧੧, ਮਾਝ, ਮਃ ੫)

The Doer of all did this in an instant.

ਗੁਰਮੁਖਿ ਨਾਨਕ , ਤਿਸੈ ਅਰਾਧੇ ;
ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥ (੧੦੩-੧੧, ਮਾਝ, ਮਃ ੫)

As Gurmukh, Guru Nanak meditates on the One who fulfills the desires of the mind. ||4||23||30||

ਮਾਝ , ਮਹਲਾ ੫ ॥ (੧੦੩-੧੨)

Maajh, Fifth Guru:

ਤੂੰ ਮੇਰਾ ਪਿਤਾ ; ਤੂੰਹੈ ਮੇਰਾ ਮਾਤਾ ॥ (੧੦੩-੧੨, ਮਾਝ, ਮਃ ੫)

You are my Father, and You are my Mother.

ਤੂੰ ਮੇਰਾ ਬੰਧਪੁ ; ਤੂੰ ਮੇਰਾ ਭ੍ਰਾਤਾ ॥ (੧੦੩-੧੩, ਮਾਝ, ਮਃ ੫)

You are my Relative, and You are my Brother.

ਤੂੰ ਮੇਰਾ ਰਾਖਾ ਸਭਨੀ ਥਾਈ ; ਤਾ ਭਉ ਕੇਹਾ ਕਾੜਾ ਜੀਉ ॥੧॥ (੧੦੩-੧੩, ਮਾਝ, ਮਃ ੫)

You are my Protector everywhere; why should I feel any fear or anxiety? ||1||

ਤੁਮਰੀ ਕ੍ਰਿਪਾ ਤੇ ; ਤੁਧੁ ਪਛਾਣਾ ॥ (੧੦੩-੧੪, ਮਾਝ, ਮਃ ੫)

By Your Grace, I recognize You.

ਤੂੰ ਮੇਰੀ ਓਟ ; ਤੂੰਹੈ ਮੇਰਾ ਮਾਣਾ ॥ (੧੦੩-੧੪, ਮਾਝ, ਮਃ ੫)

You are my Shelter, and You are my Honor.

ਤੁਝ ਬਿਨੁ ਦੂਜਾ ਅਵਰੁ ਨ ਕੋਈ ; ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥ (੧੦੩-੧੪, ਮਾਝ, ਮਃ ੫)
Without You, there is no other; the entire Universe is the Arena of Your Play. ||2||

ਜੀਅ ਜੰਤ ; ਸਭਿ ਤੁਧੁ ਉਪਾਏ ॥ (੧੦੩-੧੫, ਮਾਝ, ਮਃ ੫)
You have created all beings and creatures.

ਜਿਤੁ ਜਿਤੁ ਭਾਣਾ ; ਤਿਤੁ ਤਿਤੁ ਲਾਏ ॥ (੧੦੩-੧੫, ਮਾਝ, ਮਃ ੫)
As it pleases You, You assign tasks to one and all.

ਸਭ ਕਿਛੁ ਕੀਤਾ ਤੇਰਾ ਹੋਵੈ ; ਨਾਹੀ ਕਿਛੁ ਅਸਾੜਾ ਜੀਉ ॥੩॥ (੧੦੩-੧੫, ਮਾਝ, ਮਃ ੫)
All things are Your Doing; we can do nothing ourselves. ||3||

ਨਾਮੁ ਧਿਆਇ ; ਮਹਾ ਸੁਖੁ ਪਾਇਆ ॥ (੧੦੩-੧੬, ਮਾਝ, ਮਃ ੫)
Meditating on the Naam, I have found great peace.

ਹਰਿ ਗੁਣ ਗਾਇ ; ਮੇਰਾ ਮਨੁ ਸੀਤਲਾਇਆ ॥ (੧੦੩-੧੬, ਮਾਝ, ਮਃ ੫)
Singing the Glorious Praises of the Almighty, my mind is cooled and soothed.

ਗੁਰਿ ਪੂਰੈ , ਵਜੀ ਵਾਧਾਈ ;
ਨਾਨਕ , ਜਿਤਾ ਬਿਖਾੜਾ ਜੀਉ ॥੪॥੨੪॥੩੧॥ (੧੦੩-੧੭, ਮਾਝ, ਮਃ ੫)
Through the Perfect Guru, congratulations are pouring in-Guru Nanak is victorious on the arduous battlefield of life! ||4||24||31||

ਮਾਝ , ਮਹਲਾ ੫ ॥ (੧੦੩-੧੮)
Maajh, Fifth Guru:

ਜੀਅ ਪ੍ਰਾਣ ਪ੍ਰਭ ; ਮਨਹਿ ਅਧਾਰਾ ॥ (੧੦੩-੧੮, ਮਾਝ, ਮਃ ੫)
Almighty is the Breath of Life of my soul, the Support of my mind.

ਭਗਤ ਜੀਵਹਿ ; ਗੁਣ ਗਾਇ ਅਪਾਰਾ ॥ (੧੦੩-੧੮, ਮਾਝ, ਮਃ ੫)
His devotees live by singing the Glorious Praises of the Infinite Almighty.

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ;

ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥ (੧੦੩-੧੮, ਮਾਝ, ਮਃ ੫)

The Ambrosial Name of the Almighty is the Treasure of Excellence. Meditating, meditating on the Almighty's Name, I have found peace. ||1||

ਮਨਸਾ ਧਾਰਿ ; ਜੋ ਘਰ ਤੇ ਆਵੈ ॥
ਸਾਧਸੰਗਿ ; ਜਨਮੁ ਮਰਣੁ ਮਿਟਾਵੈ ॥ (੧੦੩-੧੯, ਮਾਝ, ਮਃ ੫)

One whose heart's desires lead him from his own home to the Saadh Sangat, the Company of the Holy, shall be rid of the cycle of birth and death.

ਆਸ ਮਨੋਰਥੁ ਪੂਰਨੁ ਹੋਵੈ ; ਭੇਟਤ ਗੁਰ ਦਰਸਾਇਆ ਜੀਉ ॥੨॥ (੧੦੪-੧, ਮਾਝ, ਮਃ ੫)

His hopes and desires are fulfilled, when he gains the Blessed Vision of the Guru's Darshan. ||2||

ਅਗਮ ਅਗੋਚਰ ਕਿਛੁ ਮਿਤਿ ; ਨਹੀ ਜਾਨੀ ॥ (੧੦੪-੧, ਮਾਝ, ਮਃ ੫)

The limits of the Inaccessible and Incomprehensible Almighty cannot be known.

ਸਾਧਿਕ ਸਿਧ ; ਧਿਆਵਹਿ ਗਿਆਨੀ ॥ (੧੦੪-੨, ਮਾਝ, ਮਃ ੫)

The seekers, the Siddhas, those beings of miraculous spiritual powers, and the spiritual teachers, all meditate on Him.

ਖੁਦੀ ਮਿਟੀ , ਚੂਕਾ ਭੋਲਾਵਾ ;
ਗੁਰਿ , ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥ (੧੦੪-੨, ਮਾਝ, ਮਃ ੫)

Thus, their egos are erased, and their doubts are dispelled. The Guru has enlightened their minds. ||3||

ਅਨਦ ਮੰਗਲ ; ਕਲਿਆਣ ਨਿਧਾਨਾ ॥
ਸੂਖ ਸਹਜ ; ਹਰਿ ਨਾਮੁ ਵਖਾਨਾ ॥ (੧੦੪-੩, ਮਾਝ, ਮਃ ੫)

I chant the Name of the Almighty, the Treasure of bliss, joy, salvation, intuitive peace and poise.

ਹੋਇ ਕ੍ਰਿਪਾਲੁ ਸੁਆਮੀ ਅਪਨਾ ;
ਨਾਉ ਨਾਨਕ , ਘਰ ਮਹਿ ਆਇਆ ਜੀਉ ॥੪॥੨੫॥੩੨॥ (੧੦੪-੪, ਮਾਝ, ਮਃ ੫)

When my Almighty and Master blessed me with His Mercy, Guru Nanak says, then His Name entered the home of my mind. ||4||25||32||

ਮਾਝ , ਮਹਲਾ ੫ ॥ (੧੦੪-੪)

Maajh, Fifth Guru:

ਸੁਣਿ ਸੁਣਿ ਜੀਵਾ ; ਸੋਇ ਤੁਮਾਰੀ ॥ (੧੦੪-੫, ਮਾਝ, ਮਃ ੫)

Hearing about You (Almighty), is the source of my life.

ਤੂੰ ਪ੍ਰੀਤਮੁ ਠਾਕੁਰੁ ; ਅਤਿ ਭਾਰੀ ॥ (੧੦੪-੫, ਮਾਝ, ਮਃ ੫)

You are my Beloved, my Almighty and Master, Utterly Great.

ਤੁਮਰੇ ਕਰਤਬ ਤੁਮ ਹੀ ਜਾਣਹੁ ; ਤੁਮਰੀ ਓਟ ਗੋੁਪਾਲਾ ਜੀਉ ॥੧॥ (੧੦੪-੫, ਮਾਝ, ਮਃ ੫)

You alone know Your Ways; I grasp Your Support, Almighty of the World. ||1||

ਗੁਣ ਗਾਵਤ ; ਮਨੁ ਹਰਿਆ ਹੋਵੈ ॥ (੧੦੪-੬, ਮਾਝ, ਮਃ ੫)

Singing Your Glorious Praises, my mind is rejuvenated.

ਕਥਾ ਸੁਣਤ ; ਮਲੁ ਸਗਲੀ ਖੋਵੈ ॥ (੧੦੪-੬, ਮਾਝ, ਮਃ ੫)

Hearing Your Sermon, all filth is removed.

ਭੇਟਤ ਸੰਗਿ ਸਾਧ ਸੰਤਨ ਕੈ ; ਸਦਾ ਜਪਉ ਦਇਆਲਾ ਜੀਉ ॥੨॥ (੧੦੪-੬, ਮਾਝ, ਮਃ ੫)

Joining the Saadh Sangat, the Company of the Holy, I meditate forever on the Merciful Almighty. ||2||

ਪ੍ਰਭੁ ਅਪੁਨਾ ; ਸਾਸਿ ਸਾਸਿ ਸਮਾਰਉ ॥ (੧੦੪-੭, ਮਾਝ, ਮਃ ੫)

I dwell on my Almighty with each and every breath.

ਇਹ ਮਤਿ ; ਗੁਰਪ੍ਰਸਾਦਿ ਮਨਿ ਧਾਰਉ ॥ (੧੦੪-੭, ਮਾਝ, ਮਃ ੫)

This understanding has been implanted within my mind, by Guru's Grace.

ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ; ਸਰਬ ਮਇਆ ਪ੍ਰਤਿਪਾਲਾ ਜੀਉ ॥੩॥ (੧੦੪-੮, ਮਾਝ, ਮਃ ੫)

By Your Grace, the Divine Light has dawned. The Merciful Almighty cherishes everyone. ||3||

ਸਤਿ ਸਤਿ ਸਤਿ ; ਪ੍ਰਭੁ ਸੋਈ ॥ (੧੦੪-੮, ਮਾਝ, ਮਃ ੫)

True, True, True is that Almighty.

ਸਦਾ ਸਦਾ ਸਦ ; ਆਪੇ ਹੋਈ ॥ (੧੦੪-੯, ਮਾਝ, ਮਃ ੫)

Forever, forever and ever, He Himself is.

ਚਲਿਤ ਤੁਮਾਰੇ ਪ੍ਰਗਟ ਪਿਆਰੇ ;

ਦੇਖਿ ਨਾਨਕ , ਭਏ ਨਿਹਾਲਾ ਜੀਉ ॥੪॥੨੬॥੩੩॥ (੧੦੪-੯, ਮਾਝ, ਮਃ ੫)

Your Playful Ways are revealed, O my Beloved. Beholding them, Guru Nanak is enraptured. ||4||26||33||

ਮਾਝ , ਮਹਲਾ ੫ ॥ (੧੦੪-੧੦)

Maajh, Fifth Guru:

ਹੁਕਮੀ ; ਵਰਸਣ ਲਾਗੇ ਮੇਹਾ ॥ (੧੦੪-੧੦, ਮਾਝ, ਮਃ ੫)

By His Command, the rain begins to fall.

ਸਾਜਨ ਸੰਤ ਮਿਲਿ ; ਨਾਮੁ ਜਪੇਹਾ ॥ (੧੦੪-੧੦, ਮਾਝ, ਮਃ ੫)

The Saints and friends have met to chant the Naam.

ਸੀਤਲ ਸਾਂਤਿ ਸਹਜ ਸੁਖੁ ਪਾਇਆ ;
ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥ (ਠਾਂਢਿ ਬੋਲੋ) (੧੦੪-੧੦, ਮਾਝ, ਮਃ ੫)

Serene tranquility and peaceful ease have come; Almighty Himself has brought a deep and profound peace. ||1||

ਸਭੁ ਕਿਛੁ ; ਬਹੁਤੋ ਬਹੁਤੁ ਉਪਾਇਆ ॥ (੧੦੪-੧੧, ਮਾਝ, ਮਃ ੫)

Almighty has produced everything in great abundance.

ਕਰਿ ਕਿਰਪਾ ਪ੍ਰਭਿ ; ਸਗਲ ਰਜਾਇਆ ॥ (੧੦੪-੧੧, ਮਾਝ, ਮਃ ੫)

Granting His Grace, Almighty has satisfied all.

ਦਾਤਿ ਕਰਹੁ ਮੇਰੇ ਦਾਤਾਰਾ ; ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥ (੧੦੪-੧੨, ਮਾਝ, ਮਃ ੫)

Bless us with Your Gifts, O my Great Giver. All beings and creatures are satisfied. ||2||

ਸਚਾ ਸਾਹਿਬੁ ; ਸਚੀ ਨਾਈ ॥ (੧੦੪-੧੨, ਮਾਝ, ਮਃ ੫)

True is the Master, and True is His Name.

ਗੁਰਪਰਸਾਦਿ ; ਤਿਸੁ ਸਦਾ ਧਿਆਈ ॥ (੧੦੪-੧੩, ਮਾਝ, ਮਃ ੫)

By Guru's Grace, I meditate forever on Him.

ਜਨਮ ਮਰਣ ਭੈ ਕਾਟੇ ਮੋਹਾ ; ਬਿਨਸੇ ਸੋਗ ਸੰਤਾਪੇ ਜੀਉ ॥੩॥ (੧੦੪-੧੩, ਮਾਝ, ਮਃ ੫)

The fear of birth and death has been dispelled; emotional attachment, sorrow and suffering have been erased. ||3||

ਸਾਸਿ ਸਾਸਿ ; ਨਾਨਕੁ ਸਾਲਾਹੇ ॥ (੧੦੪-੧੩, ਮਾਝ, ਮਃ ੫)

With each and every breath, Guru Nanak praises the Almighty.

ਸਿਮਰਤ ਨਾਮੁ ; ਕਾਟੇ ਸਭਿ ਫਾਹੇ ॥ (੧੦੪-੧੪, ਮਾਝ, ਮਃ ੫)

Meditating in remembrance on the Name, all bonds are cut away.

ਪੂਰਨ ਆਸ ਕਰੀ ਖਿਨ ਭੀਤਰਿ ;
ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥ (੧੦੪-੧੪, ਮਾਝ, ਮਃ ੫)

One's hopes are fulfilled in an instant, chanting the Glorious Praises of the Almighty, Har, Har, Har. ||4||27||34||

ਮਾਝ , ਮਹਲਾ ੫ ॥ (੧੦੪-੧੫)

Maajh, Fifth Guru:

ਆਉ ਸਾਜਨ ਸੰਤ ; ਮੀਤ ਪਿਆਰੇ ॥ (੧੦੪-੧੫, ਮਾਝ, ਮਃ ੫)

Come, dear friends, Saints and companions:

ਮਿਲਿ ਗਾਵਹ ; ਗੁਣ ਅਗਮ ਅਪਾਰੇ ॥ (੧੦੪-੧੫, ਮਾਝ, ਮਃ ੫)

let us join together and sing the Glorious Praises of the Inaccessible and Infinite Almighty.

ਗਾਵਤ ਸੁਣਤ , ਸਭੇ ਹੀ ਮੁਕਤੇ ;
ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥ (੧੦੪-੧੬, ਮਾਝ, ਮਃ ੫)

Those who sing and hear these praises are liberated, so let us meditate on the One who created us. ||1||

ਜਨਮ ਜਨਮ ਕੇ ; ਕਿਲਬਿਖ ਜਾਵਹਿ ॥ (੧੦੪-੧੬, ਮਾਝ, ਮਃ ੫)

The sins of countless incarnations depart,

ਮਨਿ ਚਿੰਦੇ ; ਸੇਈ ਫਲ ਪਾਵਹਿ ॥ (੧੦੪-੧੭, ਮਾਝ, ਮਃ ੫)

and we receive the fruits of the mind's desires.

ਸਿਮਰਿ ਸਾਹਿਬੁ ਸੋ ਸਚੁ ਸੁਆਮੀ ;

ਰਿਜਕੁ ਸਭਸੁ ਕਉ ਦੀਏ ਜੀਉ ॥੨॥ (੧੦੪-੧੭, ਮਾਝ, ਮਃ ੫)

So meditate on that Almighty, our True Almighty and Master, who gives sustenance to all. ||2||

ਨਾਮੁ ਜਪਤ ; ਸਰਬ ਸੁਖੁ ਪਾਈਐ ॥ (੧੦੪-੧੮, ਮਾਝ, ਮਃ ੫)

Chanting the Naam, all pleasures are obtained.

ਸਭੁ ਭਉ ਬਿਨਸੈ ; ਹਰਿ ਹਰਿ ਧਿਆਈਐ ॥ (੧੦੪-੧੮, ਮਾਝ, ਮਃ ੫)

All fears are erased, meditating on the Name of the Almighty, Har, Har.

ਜਿਨਿ ਸੇਵਿਆ ਸੋ ਪਾਰਗਿਰਾਮੀ ; ਕਾਰਜ ਸਗਲੇ ਥੀਏ ਜੀਉ ॥੩॥ (੧੦੪-੧੮, ਮਾਝ, ਮਃ ੫)

One who serves the Almighty swims across to the other side, and all his affairs are resolved. ||3||

ਆਇ ਪਇਆ ; ਤੇਰੀ ਸਰਣਾਈ ॥ (੧੦੪-੧੯, ਮਾਝ, ਮਃ ੫)

I have come to Your Sanctuary;

ਜਿਉ ਭਾਵੈ ; ਤਿਉ ਲੈਹਿ ਮਿਲਾਈ ॥ (੧੦੪-੧੯, ਮਾਝ, ਮਃ ੫)

if it pleases You, unite me with You.

ਕਰਿ ਕਿਰਪਾ , ਪ੍ਰਭੁ ਭਗਤੀ ਲਾਵਹੁ ;
ਸਚੁ ਨਾਨਕ , ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥ (੧੦੫-੧, ਮਾਝ, ਮਃ ੫)

Shower Your Mercy upon me, Almighty; let me be committed to devotional worship. Guru Nanak drinks in the Ambrosial Nectar of Truth. ||4||28||35||

ਮਾਝ , ਮਹਲਾ ੫ ॥ (੧੦੫-੧)

Maajh, Fifth Guru:

ਭਏ ਕ੍ਰਿਪਾਲ ; ਗੋਵਿੰਦ ਗੁਸਾਈ ॥ **(ਗੁਸਾਂਈ ਬੋਲ)** (੧੦੫-੨, ਮਾਝ, ਮਃ ੫)

The Almighty of the Universe, the Support of the earth, has become Merciful;

ਮੇਘੁ ਵਰਸੈ ; ਸਭਨੀ ਥਾਈ ॥ (੧੦੫-੨, ਮਾਝ, ਮਃ ੫)

the rain is falling everywhere.

ਦੀਨ ਦਇਆਲ ;
ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ ॥੧॥ **(ਠਾਂਢਿ ਬੋਲੋ)** (੧੦੫-੨, ਮਾਝ, ਮਃ ੫)

He is Merciful to the meek, always Kind and Gentle; the Creator has brought cooling relief. ||1||

ਅਪੁਨੇ ਜੀਅ ਜੰਤ ; ਪ੍ਰਤਿਪਾਰੇ ॥ (੧੦੫-੩, ਮਾਝ, ਮ: ੫)

He cherishes all His beings and creatures,

ਜਿਉ ਬਾਰਿਕ ; ਮਾਤਾ ਸੰਮਾਰੇ ॥ (੧੦੫-੩, ਮਾਝ, ਮ: ੫)

as the mother cares for her children.

ਦੁਖ ਭੰਜਨ , ਸੁਖ ਸਾਗਰ ਸੁਆਮੀ ; ਦੇਤ ਸਗਲ ਆਹਾਰੇ ਜੀਉ ॥੨॥ (੧੦੫-੩, ਮਾਝ, ਮ: ੫)

The Destroyer of pain, the Ocean of Peace, the Almighty and Master gives sustenance to all. ||2||

ਜਲਿ ਥਲਿ ; ਪੂਰਿ ਰਹਿਆ ਮਿਹਰਵਾਨਾ ॥ (੧੦੫-੪, ਮਾਝ, ਮ: ੫)

The Merciful Almighty is totally pervading and permeating the water and the land.

ਸਦ ਬਲਿਹਾਰਿ ; ਜਾਈਐ ਕੁਰਬਾਨਾ ॥ (੧੦੫-੪, ਮਾਝ, ਮ: ੫)

I am forever devoted, a sacrifice to Him.

ਰੈਣਿ ਦਿਨਸੁ ਤਿਸੁ ਸਦਾ ਧਿਆਈ ;
ਜਿ ਖਿਨ ਮਹਿ ਸਗਲ ਉਧਾਰੇ ਜੀਉ ॥੩॥ (੧੦੫-੫, ਮਾਝ, ਮ: ੫)

Night and day, I always meditate on Him; in an instant, He saves all. ||3||

ਰਾਖਿ ਲੀਏ ਸਗਲੇ ; ਪ੍ਰਭਿ ਆਪੇ ॥ (੧੦੫-੫, ਮਾਝ, ਮ: ੫)

Almighty Himself protects all;

ਉਤਰਿ ਗਏ ; ਸਭ ਸੋਗ ਸੰਤਾਪੇ ॥ (੧੦੫-੬, ਮਾਝ, ਮ: ੫)

He drives out all sorrow and suffering.

ਨਾਮੁ ਜਪਤ , ਮਨੁ ਤਨੁ ਹਰੀਆਵਲੁ ;
ਪ੍ਰਭ ਨਾਨਕ , ਨਦਰਿ ਨਿਹਾਰੇ ਜੀਉ ॥੪॥੨੯॥੩੬॥ (੧੦੫-੬, ਮਾਝ, ਮ: ੫)

Chanting the Naam, the Name of the Almighty, the mind and body are rejuvenated. Guru Nanak says, Almighty has bestowed His Glance of Grace. ||4||29||36||

ਮਾਝ , ਮਹਲਾ ੫ ॥ (੧੦੫-੭)

Maajh, Fifth Guru:

ਜਿਥੈ ਨਾਮੁ ਜਪੀਐ ; ਪ੍ਰਭ ਪਿਆਰੇ ॥ (੧੦੫-੭, ਮਾਝ, ਮ: ੫)

Where the Naam, the Name of Almighty the Beloved is chanted

ਸੇ ਅਸਥਲ ; ਸੋਇਨ ਚਉਬਾਰੇ ॥ (੧੦੫-੭, ਮਾਝ, ਮਃ ੫)

-those barren places become mansions of gold.

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ; ਸੇਈ ਨਗਰ ਉਜਾੜੀ ਜੀਉ ॥੧॥ (੧੦੫-੭, ਮਾਝ, ਮਃ ੫)

Where the Naam, the Name of my Almighty of the Universe is not chanted-those towns are like the barren wilderness. ||1||

ਹਰਿ , ਰੁਖੀ ਰੋਟੀ ਖਾਇ ; ਸਮਾਲੇ ॥ (੧੦੫-੮, ਮਾਝ, ਮਃ ੫)

One who meditates as he eats dry bread,

ਹਰਿ ਅੰਤਰਿ ਬਾਹਰਿ ; ਨਦਰਿ ਨਿਹਾਲੇ ॥ (੧੦੫-੮, ਮਾਝ, ਮਃ ੫)

sees the Blessed Almighty inwardly and outwardly.

ਖਾਇ ਖਾਇ , ਕਰੇ ਬਦਫੈਲੀ ; ਜਾਣੁ ਵਿਸੂ ਕੀ ਵਾੜੀ ਜੀਉ ॥੨॥ (੧੦੫-੯, ਮਾਝ, ਮਃ ੫)

Know this well, that one who eats and eats while practicing evil, is like a field of poisonous plants. ||2||

ਸੰਤਾ ਸੇਤੀ ; ਰੰਗੁ ਨ ਲਾਏ ॥ (੧੦੫-੯, ਮਾਝ, ਮਃ ੫)

One who does not feel love for the Saints,

ਸਾਕਤ ਸੰਗਿ ; ਵਿਕਰਮ ਕਮਾਏ ॥ (੧੦੫-੧੦, ਮਾਝ, ਮਃ ੫)

misbehaves in the company of the wicked shaaktas, the faithless cynics;

ਦੁਲਭ ਦੇਹ ਖੋਈ ਅਗਿਆਨੀ ;
ਜੜ ਅਪੁਣੀ ਆਪਿ ਉਪਾੜੀ ਜੀਉ ॥੩॥ (੧੦੫-੧੦, ਮਾਝ, ਮਃ ੫)

he wastes this human body, so difficult to obtain. In his ignorance, he tears up his own roots. ||3||

ਤੇਰੀ ਸਰਣਿ ; ਮੇਰੇ ਦੀਨ ਦਇਆਲਾ ॥ (੧੦੫-੧੧, ਮਾਝ, ਮਃ ੫)

I seek Your Sanctuary, O my Almighty, Merciful to the meek,

ਸੁਖ ਸਾਗਰ ; ਮੇਰੇ ਗੁਰ ਗੋਪਾਲਾ ॥ (੧੦੫-੧੧, ਮਾਝ, ਮਃ ੫)

Ocean of Peace, my Guru, Sustainer of the world.

ਕਰਿ ਕਿਰਪਾ ਨਾਨਕੁ ਗੁਣ ਗਾਵੈ ;
ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥ (੧੦੫-੧੧, ਮਾਝ, ਮਃ ੫)

Shower Your Mercy upon Guru Nanak, that he may sing Your Glorious Praises; please, preserve my honor. ||4||30||37||

ਮਾਝ , ਮਹਲਾ ੫ ॥ (੧੦੫-੧੨)

Maajh, Fifth Guru:

ਚਰਣ ਠਾਕੁਰ ਕੇ ; ਰਿਦੈ ਸਮਾਣੇ ॥ (੧੦੫-੧੨, ਮਾਝ, ਮਃ ੫)

I cherish in my heart the Feet of my Almighty and Master.

ਕਲਿ ਕਲੇਸ ਸਭ ; ਦੂਰਿ ਪਇਆਣੇ ॥ (੧੦੫-੧੨, ਮਾਝ, ਮਃ ੫)

All my troubles and sufferings have run away.

ਸਾਂਤਿ ਸੂਖ ਸਹਜ ਧੁਨਿ ਉਪਜੀ ; ਸਾਧੂ ਸੰਗਿ ਨਿਵਾਸਾ ਜੀਉ ॥੧॥ (੧੦੫-੧੩, ਮਾਝ, ਮਃ ੫)

The music of intuitive peace, poise and tranquility wells up within; I dwell in the Saadh Sangat, the Company of the Holy. ||1||

ਲਾਗੀ ਪ੍ਰੀਤਿ ; ਨ ਤੂਟੈ ਮੂਲੇ ॥ (੧੦੫-੧੩, ਮਾਝ, ਮਃ ੫)

The bonds of love with the Almighty are never broken.

ਹਰਿ ਅੰਤਰਿ ਬਾਹਰਿ ; ਰਹਿਆ ਭਰਪੂਰੇ ॥ (੧੦੫-੧੪, ਮਾਝ, ਮਃ ੫)

The Almighty is totally permeating and pervading inside and out.

ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ;
ਕਾਟੀ ਜਮ ਕੀ ਫਾਸਾ ਜੀਉ ॥੨॥ (੧੦੫-੧੪, ਮਾਝ, ਮਃ ੫)

Meditating, meditating, meditating in remembrance on Him, singing His Glorious Praises, the noose of death is cut away. ||2||

ਅੰਮ੍ਰਿਤੁ ਵਰਖੈ ; ਅਨਹਦ ਬਾਣੀ ॥ (੧੦੫-੧੫, ਮਾਝ, ਮਃ ੫)

The Ambrosial Nectar, the Unstruck Melody of Gurbani rains down continually;

ਮਨ ਤਨ ਅੰਤਰਿ ; ਸਾਂਤਿ ਸਮਾਣੀ ॥ (੧੦੫-੧੫, ਮਾਝ, ਮਃ ੫)

deep within my mind and body, peace and tranquility have come.

ਤ੍ਰਿਪਤਿ ਅਘਾਇ ਰਹੇ ਜਨ ਤੇਰੇ ;
ਸਤਿਗੁਰਿ ਕੀਆ ਦਿਲਾਸਾ ਜੀਉ ॥੩॥ (੧੦੫-੧੫, ਮਾਝ, ਮਃ ੫)

Your humble servants remain satisfied and fulfilled, and the True Guru blesses them with encouragement and comfort. ||3||

ਜਿਸ ਕਾ ਸਾ ; ਤਿਸ ਤੇ ਫਲੁ ਪਾਇਆ ॥ (੧੦੫-੧੬, ਮਾਝ, ਮਃ ੫)

We are His, and from Him, we receive our rewards.

ਕਰਿ ਕਿਰਪਾ ; ਪ੍ਰਭ ਸੰਗਿ ਮਿਲਾਇਆ ॥ (੧੦੫-੧੬, ਮਾਝ, ਮਃ ੫)

Showering His Mercy upon us, Almighty has united us with Him.

ਆਵਣ ਜਾਣ ਰਹੇ ਵਡਭਾਗੀ ;
ਨਾਨਕ , ਪੂਰਨ ਆਸਾ ਜੀਉ ॥੪॥੩੧॥੩੮॥ (੧੦੫-੧੭, ਮਾਝ, ਮਃ ੫)

Our comings and goings have ended, and through great good fortune, Guru Nanak says, our hopes are fulfilled. ||4||31||38||

ਮਾਝ , ਮਹਲਾ ੫ ॥ (੧੦੫-੧੭)

Maajh, Fifth Guru:

ਮੀਹੁ ਪਇਆ ; ਪਰਮੇਸਰਿ ਪਾਇਆ ॥ (੧੦੫-੧੭, ਮਾਝ, ਮਃ ੫)

The rain has fallen; I have found the Transcendent Almighty.

ਜੀਅ ਜੰਤ ਸਭਿ ; ਸੁਖੀ ਵਸਾਇਆ ॥ (੧੦੫-੧੮, ਮਾਝ, ਮਃ ੫)

All beings and creatures dwell in peace.

ਗਇਆ ਕਲੇਸੁ ਭਇਆ ਸੁਖੁ ਸਾਚਾ ;
ਹਰਿ ਹਰਿ ਨਾਮੁ ਸਮਾਲੀ ਜੀਉ ॥੧॥ (੧੦੫-੧੮, ਮਾਝ, ਮਃ ੫)

Suffering has been dispelled, and true happiness has dawned, as we meditate on the Name of the Almighty, Har, Har. ||1||

ਜਿਸ ਕੇ ਸੇ ; ਤਿਨ ਹੀ ਪ੍ਰਤਿਪਾਰੇ ॥ (੧੦੫-੧੯, ਮਾਝ, ਮਃ ੫)

The One, to whom we belong, cherishes and nurtures us.

ਪਾਰਬ੍ਰਹਮ ਪ੍ਰਭ ; ਭਏ ਰਖਵਾਰੇ ॥ (੧੦੫-੧੯, ਮਾਝ, ਮਃ ੫)

The Supreme Almighty has become our Protector.

ਸੁਣੀ ਬੇਨੰਤੀ ਠਾਕੁਰਿ ਮੇਰੈ ; ਪੂਰਨ ਹੋਈ ਘਾਲੀ ਜੀਉ ॥੨॥ (੧੦੫-੧੯, ਮਾਝ, ਮਃ ੫)

My Almighty and Master has heard my prayer; my efforts have been rewarded. ||2||

ਸਰਬ ਜੀਆ ਕਉ ; ਦੇਵਣਹਾਰਾ ॥ (੧੦੬-੧, ਮਾਝ, ਮਃ ੫)

He is the Giver of all souls.

ਗੁਰਪਰਸਾਦੀ ; ਨਦਰਿ ਨਿਹਾਰਾ ॥ (੧੦੬-੧, ਮਾਝ, ਮਃ ੫)

By Guru's Grace, He blesses us with His Glance of Grace.

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ; ਸਾਧੂ ਚਰਨ ਪਖਾਲੀ ਜੀਉ ॥੩॥ (੧੦੬-੨, ਮਾਝ, ਮਃ ੫)

The beings in the water, on the land and in the sky are all satisfied; I wash the Feet of the Holy. ||3||

ਮਨ ਕੀ ਇਛ ; ਪੁਜਾਵਣਹਾਰਾ ॥ (੧੦੬-੨, ਮਾਝ, ਮਃ ੫)

He is the Fulfiller of the desires of the mind.

ਸਦਾ ਸਦਾ ; ਜਾਈ ਬਲਿਹਾਰਾ ॥ (੧੦੬-੩, ਮਾਝ, ਮਃ ੫)

Forever and ever, I am a sacrifice to Him.

ਨਾਨਕ , ਦਾਨੁ ਕੀਆ ਦੁਖ ਭੰਜਨਿ ;
ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥ (ਰੱਤੇ ਬੋਲੋ) (੧੦੬-੩, ਮਾਝ, ਮਃ ੫)

Guru Nanak says, the Destroyer of pain has given this Gift; I am imbued with the Love of the Delightful Almighty. ||4||32||39||

ਮਾਝ , ਮਹਲਾ ੫ ॥ (੧੦੬-੪)

Maajh, Fifth Guru:

ਮਨੁ ਤਨੁ ਤੇਰਾ ; ਧਨੁ ਭੀ ਤੇਰਾ ॥ (੧੦੬-੪, ਮਾਝ, ਮਃ ੫)

Mind and body are Yours; all wealth is Yours.

ਤੂੰ ਠਾਕੁਰੁ ਸੁਆਮੀ ; ਪ੍ਰਭੁ ਮੇਰਾ ॥ (੧੦੬-੪, ਮਾਝ, ਮਃ ੫)

You are my Lord, my Almighty and Master.

ਜੀਉ ਪਿੰਡੁ ਸਭੁ ਰਾਸਿ ਤੁਮਾਰੀ ; ਤੇਰਾ ਜੋਰੁ ਗੋਪਾਲਾ ਜੀਉ ॥੧॥ (੧੦੬-੪, ਮਾਝ, ਮਃ ੫)

Body and soul and all riches are Yours. Yours is the Power, O Almighty of the World. ||1||

ਸਦਾ ਸਦਾ ; ਤੂੰਹੈ ਸੁਖਦਾਈ ॥ (੧੦੬-੫, ਮਾਝ, ਮਃ ੫)

Forever and ever, You are the Giver of Peace.

ਨਿਵਿ ਨਿਵਿ ; ਲਾਗਾ ਤੇਰੀ ਪਾਈ ॥ (੧੦੬-੫, ਮਾਝ, ਮਃ ੫)

I bow down and fall at Your Feet.

ਕਾਰ ਕਮਾਵਾ , ਜੇ ਤੁਧੁ ਭਾਵਾ ; ਜਾ ਤੂੰ ਦੇਹਿ ਦਇਆਲਾ ਜੀਉ ॥੨॥ (੧੦੬-੬, ਮਾਝ, ਮਃ ੫)

I act as it pleases You, as You cause me to act, Kind and Compassionate Dear Almighty. ||2||

ਪ੍ਰਭ ਤੁਮ ਤੇ ਲਹਣਾ ; ਤੂੰ ਮੇਰਾ ਗਹਣਾ ॥ (੧੦੬-੬, ਮਾਝ, ਮਃ ੫)

O Almighty, from You I receive; You are my decoration.

ਜੋ ਤੂੰ ਦੇਹਿ ; ਸੋਈ ਸੁਖੁ ਸਹਣਾ ॥ (੧੦੬-੭, ਮਾਝ, ਮਃ ੫)

Whatever You give me, brings me happiness.

ਜਿਥੈ ਰਖਹਿ ਬੈਕੁੰਠੁ ਤਿਥਾਈ ; ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥੩॥ (੧੦੬-੭, ਮਾਝ, ਮਃ ੫)

Wherever You keep me, is heaven. You are the Cherisher of all. ||3||

ਸਿਮਰਿ ਸਿਮਰਿ ; ਨਾਨਕ ਸੁਖੁ ਪਾਇਆ ॥ (੧੦੬-੮, ਮਾਝ, ਮਃ ੫)

Meditating, meditating in remembrance, Guru Nanak has found peace.

ਆਠ ਪਹਰ ; ਤੇਰੇ ਗੁਣ ਗਾਇਆ ॥ (੧੦੬-੮, ਮਾਝ, ਮਃ ੫)

Twenty-four hours a day, I sing Your Glorious Praises.

ਸਗਲ ਮਨੋਰਥ ਪੂਰਨ ਹੋਏ ;
ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥ (੧੦੬-੮, ਮਾਝ, ਮਃ ੫)

All my hopes and desires are fulfilled; I shall never again suffer sorrow. ||4||33||40||

ਮਾਝ , ਮਹਲਾ ੫ ॥ (੧੦੬-੯)

Maajh, Fifth Guru:

ਪਾਰਬ੍ਰਹਮਿ ਪ੍ਰਭਿ ; ਮੇਘੁ ਪਠਾਇਆ ॥ (੧੦੬-੯, ਮਾਝ, ਮਃ ੫)

The Supreme Almighty has unleashed the rain clouds.

ਜਲਿ ਥਲਿ ਮਹੀਅਲਿ ; ਦਹ ਦਿਸਿ ਵਰਸਾਇਆ ॥ (੧੦੬-੯, ਮਾਝ, ਮਃ ੫)

Over the sea and over the land-over all the earth's surface, in all directions, He has brought the rain.

ਸਾਂਤਿ ਭਈ ਬੁਝੀ ਸਭ ਤ੍ਰਿਸਨਾ ; (‘ਬੁਝੀ’ ਨੂੰ ਪੋਲਾ ਬੋਲੋ)
ਅਨਦੁ ਭਇਆ ਸਭ ਠਾਈ ਜੀਉ ॥੧॥ (੧੦੬-੧੦, ਮਾਝ, ਮਃ ੫)

Peace has come, and the thirst of all has been quenched; there is joy and ecstasy everywhere. ||1||

ਸੁਖਦਾਤਾ ; ਦੁਖ ਭੰਜਨਹਾਰਾ ॥ (੧੦੬-੧੧, ਮਾਝ, ਮਃ ੫)

He is the Giver of Peace, the Destroyer of pain.

ਆਪੇ ਬਖਸਿ ਕਰੇ ; ਜੀਅ ਸਾਰਾ ॥ (੧੦੬-੧੧, ਮਾਝ, ਮਃ ੫)

He gives and forgives all beings.

ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ;
ਪਇ ਪੈਰੀ ਤਿਸਹਿ ਮਨਾਈ ਜੀਉ ॥੨॥ (੧੦੬-੧੧, ਮਾਝ, ਮਃ ੫)

He Himself nurtures and cherishes His Creation. I fall at His Feet and surrender to Him. ||2||

ਜਾ ਕੀ ਸਰਣਿ ਪਇਆ ; ਗਤਿ ਪਾਈਐ ॥ (੧੦੬-੧੨, ਮਾਝ, ਮਃ ੫)

Seeking His Sanctuary, salvation is obtained.

ਸਾਸਿ ਸਾਸਿ ; ਹਰਿ ਨਾਮੁ ਧਿਆਈਐ ॥ (੧੦੬-੧੨, ਮਾਝ, ਮਃ ੫)

With each and every breath, I meditate on the Almighty's Name.

ਤਿਸੁ ਬਿਨੁ , ਹੋਰੁ ਨ ਦੂਜਾ ਠਾਕੁਰੁ ;
ਸਭ ਤਿਸੈ ਕੀਆ , ਜਾਈ ਜੀਉ ॥੩॥ (੧੦੬-੧੩, ਮਾਝ, ਮਃ ੫)

Without Him, there is no other Almighty and Master. All places belong to Him. ||3||

ਤੇਰਾ ਮਾਣੁ ; ਤਾਣੁ ਪ੍ਰਭ ਤੇਰਾ ॥ (੧੦੬-੧੩, ਮਾਝ, ਮਃ ੫)

Yours is the Honor, Almighty, and Yours is the Power.

ਤੂੰ ਸਚਾ ਸਾਹਿਬੁ ; ਗੁਣੀ ਗਹੇਰਾ ॥ (੧੦੬-੧੩, ਮਾਝ, ਮਃ ੫)

You are the True Almighty and Master, the Ocean of Excellence.

ਨਾਨਕੁ ਦਾਸੁ ਕਹੈ ਬੇਨੰਤੀ ;

ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥ (੧੦੬-੧੪, ਮਾਝ, ਮਃ ੫)

Servant Guru Nanak utters this prayer: may I meditate on You twenty-four hours a day. ||4||34||41||

ਮਾਝ , ਮਹਲਾ ੫ ॥ (੧੦੬-੧੫)

Maajh, Fifth Guru:

ਸਭੇ ਸੁਖ ਭਏ ; ਪ੍ਰਭ ਤੁਠੇ ॥ (੧੦੬-੧੫, ਮਾਝ, ਮਃ ੫)

All happiness comes, when Almighty is pleased.

ਗੁਰ ਪੂਰੇ ਕੇ ਚਰਣ ; ਮਨਿ ਵੁਠੇ ॥ (੧੦੬-੧੫, ਮਾਝ, ਮਃ ੫)

The Feet of the Perfect Guru dwell in my mind.

ਸਹਜ ਸਮਾਧਿ ਲਗੀ ਲਿਵ ਅੰਤਰਿ ; ਸੋ ਰਸੁ ਸੋਈ ਜਾਣੈ ਜੀਉ ॥੧॥ (੧੦੬-੧੫, ਮਾਝ, ਮਃ ੫)

I am naturally absorbed in the state of Samaadhi deep within. Almighty alone knows this sweet pleasure. ||1||

ਅਗਮ ਅਗੋਚਰੁ ; ਸਾਹਿਬੁ ਮੇਰਾ ॥ (੧੦੬-੧੬, ਮਾਝ, ਮਃ ੫)

My Almighty and Master is beyond the grasp of mind (Agam-Inaccessible) and beyond the reach of sensors (Agochar-Incomprehensible).

ਘਟ ਘਟ ਅੰਤਰਿ ; ਵਰਤੈ ਨੇਰਾ ॥ (੧੦੬-੧੬, ਮਾਝ, ਮਃ ੫)

Deep within each and every heart, He dwells near and close at hand.

ਸਦਾ ਅਲਿਪਤੁ ਜੀਆ ਕਾ ਦਾਤਾ ; (ਅ-ਲਿਪਤੁ ਬੋਲੋ)
ਕੋ ਵਿਰਲਾ ਆਪੁ ਪਛਾਣੈ ਜੀਉ ॥੨॥ (੧੦੬-੧੬, ਮਾਝ, ਮਃ ੫)

He is always detached; He is the Giver of souls. How rare is that person who understands his own self. ||2||

ਪ੍ਰਭ ਮਿਲਣੈ ਕੀ ; ਏਹ ਨੀਸਾਣੀ ॥ (੧੦੬-੧੭, ਮਾਝ, ਮਃ ੫)

This is the sign of union with Almighty:

ਮਨਿ ; ਇਕੋ ਸਚਾ ਹੁਕਮੁ ਪਛਾਣੀ ॥ (੧੦੬-੧੭, ਮਾਝ, ਮਃ ੫)

in the mind, the Command of the True Almighty is recognized.

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ; ਅਨਦੁ ਖਸਮ ਕੈ ਭਾਣੈ ਜੀਉ ॥੩॥ (੧੦੬-੧੮, ਮਾਝ, ਮਃ ੫)

Intuitive peace and poise, contentment, enduring satisfaction and bliss come through the Pleasure of the Master's Will. ||3||

ਹਥੀ ਦਿਤੀ ; (ਹੱਥੀ ਬੋਲੋ)
ਪ੍ਰਭਿ ਦੇਵਣਹਾਰੈ ॥ (੧੦੬-੧੮, ਮਾਝ, ਮਃ ੫)

Almighty, the Great Giver, has given me His Hand.

ਜਨਮ ਮਰਣ ਰੋਗ ; ਸਭਿ ਨਿਵਾਰੇ ॥ (੧੦੬-੧੯, ਮਾਝ, ਮਃ ੫)

He has erased all the sickness of birth and death.

ਨਾਨਕ ਦਾਸ , ਕੀਏ ਪ੍ਰਭਿ ਅਪੁਨੇ ;
ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥ (੧੦੬-੧੯, ਮਾਝ, ਮਃ ੫)

Guru Nanak says, those whom Almighty has made His slaves, rejoice in the pleasure of singing the Kirtan of the Almighty's Praises. ||4||35||42||

ਮਾਝ , ਮਹਲਾ ੫ ॥ (੧੦੭-੧)

Maajh, Fifth Guru:

ਕੀਨੀ ਦਇਆ ;
ਗੋਪਾਲ ਗੁਸਾਈ ॥ (ਗੁਸਾਂਈ ਬੋਲੋ) (੧੦੭-੧, ਮਾਝ, ਮਃ ੫)

The Life of the World, the Sustainer of the Earth, has showered His Mercy;

ਗੁਰ ਕੇ ਚਰਣ ; ਵਸੇ ਮਨ ਮਾਹੀ ॥ (੧੦੭-੧, ਮਾਝ, ਮਃ ੫)

the Guru's Feet have come to dwell within my mind.

ਅੰਗੀਕਾਰੁ ਕੀਆ ਤਿਨਿ ਕਰਤੈ ; ਦੁਖ ਕਾ ਡੇਰਾ ਢਾਹਿਆ ਜੀਉ ॥੧॥ (੧੦੭-੨, ਮਾਝ, ਮਃ ੫)

The Creator has made me His Own. He has destroyed the city of sorrow. ||1||

ਮਨਿ ਤਨਿ ਵਸਿਆ ; ਸਚਾ ਸੋਈ ॥ (੧੦੭-੨, ਮਾਝ, ਮਃ ੫)

The True One abides within my mind and body;

ਬਿਖੜਾ ਥਾਨੁ ; ਨ ਦਿਸੈ ਕੋਈ ॥ (੧੦੭-੨, ਮਾਝ, ਮਃ ੫)

no place seems difficult to me now.

ਦੂਤ ਦੁਸਮਣ ਸਭਿ ਸਜਣ ਹੋਏ ; ਏਕੋ ਸੁਆਮੀ ਆਹਿਆ ਜੀਉ ॥੨॥ (੧੦੭-੩, ਮਾਝ, ਮਃ ੫)

All the evil-doers and enemies have now become my friends. I long only for my Almighty and Master. ||2||

ਜੋ ਕਿਛੁ ਕਰੇ ; ਸੁ ਆਪੇ ਆਪੈ ॥ (੧੦੭-੩, ਮਾਝ, ਮਃ ੫)

Whatever He does, He does all by Himself.

ਬੁਧਿ ਸਿਆਣਪ ; ਕਿਛੂ ਨ ਜਾਪੈ ॥ (੧੦੭-੪, ਮਾਝ, ਮਃ ੫)

No one can know His Ways.

ਆਪਣਿਆ ਸੰਤਾ ਨੋ ਆਪਿ ਸਹਾਈ ;
ਪ੍ਰਭਿ , ਭਰਮ ਭੁਲਾਵਾ ਲਾਹਿਆ ਜੀਉ ॥੩॥ (੧੦੭-੪, ਮਾਝ, ਮਃ ੫)

He Himself is the Helper and Support of His Saints. Almighty has cast out my doubts and delusions. ||3||

ਚਰਣ ਕਮਲ ; ਜਨ ਕਾ ਆਧਾਰੋ ॥ (੧੦੭-੫, ਮਾਝ, ਮਃ ੫)

His Lotus Feet are the Support of His humble servants.

ਆਠ ਪਹਰ ; ਰਾਮ ਨਾਮੁ ਵਾਪਾਰੋ ॥ (੧੦੭-੫, ਮਾਝ, ਮਃ ੫)

Twenty-four hours a day, they deal in the Name of the Almighty.

ਸਹਜ ਅਨੰਦ ਗਾਵਹਿ ਗੁਣ ਗੋਵਿੰਦ ;
ਪ੍ਰਭ ਨਾਨਕ , ਸਰਬ ਸਮਾਹਿਆ ਜੀਉ ॥੪॥੩੬॥੪੩॥ (੧੦੭-੫)

Prays Guru Nanak, I seek the Sanctuary of the Saints; please, reveal to me Your Sight (Darshan). ||3||

ਸੰਤਨ ਕੈ ਪਰਸਾਦਿ ; ਹਰਿ ਹਰਿ ਪਾਇਆ ਰਾਮ ॥ (੫੪੩-੬, ਬਿਹਾਗੜਾ, ਮਃ ੫)

By the Grace of the Saints, I have obtained Almighty.

ਇਛ ਪੁੰਨੀ ਮਨਿ ਸਾਂਤਿ ; ਤਪਤਿ ਬੁਝਾਇਆ ਰਾਮ ॥ (੫੪੩-੬, ਬਿਹਾਗੜਾ, ਮਃ ੫)

My desires are fulfilled, and my mind is at peace; the fire within has been quenched.

ਸਫਲਾ ਸੁ ਦਿਨਸ ਰੈਣੇ ਸੁਹਾਵੀ ; ਅਨਦ ਮੰਗਲ ਰਸੁ ਘਨਾ ॥ (੫੪੩-੭, ਬਿਹਾਗੜਾ, ਮਃ ੫)

Fruitful is that day, and beauteous is that night, and countless are the joys, celebrations and pleasures.

ਪ੍ਰਗਟੇ ਗੁਪਾਲ ਗੋਬਿੰਦ ਲਾਲਨ ; ਕਵਨ ਰਸਨਾ ਗੁਣ ਭਨਾ ॥ (੫੪੩-੭, ਬਿਹਾਗੜਾ, ਮਃ ੫)

Master of the Universe, the Beloved Sustainer of the World, has been revealed. With what tongue can I speak of His Glory?

ਭ੍ਰਮ ਲੋਭ ਮੋਹ ਬਿਕਾਰ ਥਾਕੇ ; ਮਿਲਿ ਸਖੀ ਮੰਗਲੁ ਗਾਇਆ ॥ (੫੪੩-੮, ਬਿਹਾਗੜਾ, ਮਃ ੫)

Doubt, greed, worldly attachment and evil desires are taken away; joining with my companions, I sing the songs of joy.

ਨਾਨਕੁ ਪਇਅੰਪੈ ਸੰਤ ਜੰਪੈ ;
ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥ (੫੪੩-੮, ਬਿਹਾਗੜਾ, ਮਃ ੫)

Prays Guru Nanak, I meditate on the Saint, who has led me to merge with Almighty. ||4||2||

ਬਿਹਾਗੜਾ , ਮਹਲਾ ੫ ॥ (੫੪੩-੯)

Bihaagraa, Fifth Mahl:

ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ; ਅਨਦਿਨੁ ਨਾਮੁ ਵਖਾਣਾ ਰਾਮ ॥(੫੪੩-੯, ਬਿਹਾਗੜਾ, ਮਃ ੫)

Shower Your Mercy upon me, Dear Guru, Dear Perfect Supreme Creator (Almighty), that I chant Almighty’s Name (Naam), night and day.

ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ; ਮਿਠਾ ਲਾਗੈ ਤੇਰਾ ਭਾਣਾ ਰਾਮ ॥ (੫੪੩-੧੦, ਬਿਹਾਗੜਾ, ਮਃ ੫)

I recite Ambrosial Guru’s Shabad (Gurbani), praising Almighty, Your Will is sweet to me, Almighty.

ਕਰਿ ਦਇਆ ਮਇਆ ਗੋਪਾਲ ਗੋਬਿੰਦ ; ਕੋਇ ਨਾਹੀ ਤੁਝ ਬਿਨਾ ॥ (੫੪੩-੧੦, ਬਿਹਾਗੜਾ, ਮਃ ੫)

Show kindness and compassion, Dear Sustainer of the Word, Master of the Universe; without You, I have no other.

ਸਮਰਥ ਅਗਥ ਅਪਾਰ ਪੂਰਨ ; (ਸਮੱਰਥ ਬੋਲੋ)
ਜੀਉ ਤਨੁ ਧਨੁ ਤੁਮ੍ ਮਨਾ ॥ (੫੪੩-੧੧, ਬਿਹਾਗੜਾ, ਮਃ ੫)

Almighty, sublime, infinite, perfect Master; my soul, body, wealth and mind are all Yours.

ਮੂਰਖ ਮੁਗਧ ਅਨਾਥ ਚੰਚਲ ; ਬਲਹੀਨ ਨੀਚ ਅਜਾਣਾ ॥ (੫੪੩-੧੨, ਬਿਹਾਗੜਾ, ਮਃ ੫)

I am foolish, stupid, masterless, fickle, powerless, lowly and ignorant.

ਬਿਨਵੰਤਿ ਨਾਨਕ , ਸਰਣਿ ਤੇਰੀ ; ਰਖਿ ਲੇਹੁ ਆਵਣ ਜਾਣਾ ॥੧॥ (੫੪੩-੧੨, ਬਿਹਾਗੜਾ, ਮਃ ੫)

Prays Guru Nanak, I seek Your Sanctuary, please save me from coming and going in reincarnation. ||1||

ਸਾਧਹ ਸਰਣੀ ਪਾਈਐ ਹਰਿ ਜੀਉ ; ਗੁਣ ਗਾਵਹ ਹਰਿ ਨੀਤਾ ਰਾਮ ॥(੫੪੩-੧੩, ਬਿਹਾਗੜਾ, ਮਃ ੫)

In the Sanctuary of the Holy Saints, I have found the Dear Almighty, and I constantly sing the Praises of Almighty's Virtues.

ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ;
ਸਭ ਪਤਿਤ , ਪੁਨੀਤਾ ਰਾਮ ॥ (੫੪੩-੧੩, ਬਿਹਾਗੜਾ, ਮਃ ੫)

Applying the dust of the devotees to the mind and body, Dear Almighty, all sinners are sanctified.

ਪਤਿਤਾ ਪੁਨੀਤਾ , ਹੋਹਿ ਤਿਨ੍ ਸੰਗਿ ; ਜਿਨ੍ ਬਿਧਾਤਾ ਪਾਇਆ ॥ (੫੪੩-੧੪, ਬਿਹਾਗੜਾ, ਮਃ ੫)

The sinners are sanctified in the company of those who have met the Creator Almighty.

ਨਾਮ ਰਾਤੇ ਜੀਅ ਦਾਤੇ ; ਨਿਤ ਦੇਹਿ ਚੜਹਿ ਸਵਾਇਆ ॥ (ਰੱਤੇ ਬੋਲੋ) (੫੪੩-੧੫, ਬਿਹਾਗੜਾ, ਮਃ ੫)

Imbued with Almighty's Name (Naam), they are given the gift of the life of the soul; their gifts increase day by day.

ਰਿਧਿ ਸਿਧਿ ਨਵ ਨਿਧਿ , ਹਰਿ ਜਪਿ ; ਜਿਨੀ ਆਤਮੁ ਜੀਤਾ ॥ (੫੪੩-੧੫, ਬਿਹਾਗੜਾ, ਮਃ ੫)

Wealth, the supernatural spiritual powers, and the nine treasures come to those who meditate on Almighty, and conquer their own mind.

ਬਿਨਵੰਤਿ ਨਾਨਕੁ , ਵਡਭਾਗਿ ਪਾਈਅਹਿ ; ਸਾਧ ਸਾਜਨ ਮੀਤਾ ॥੨॥(੫੪੩-੧੬, ਬਿਹਾਗੜਾ, ਮਃ ੫)

Prays Guru Nanak, it is only by great good fortune that the Holy Saints, Almighty's companions, are found, O friends. ||2||

ਜਿਨੀ ਸਚੁ ਵਣੰਜਿਆ ਹਰਿ ਜੀਉ ; ਸੇ ਪੂਰੇ ਸਾਹਾ ਰਾਮ ॥ (੫੪੩-੧੬, ਬਿਹਾਗੜਾ, ਮਃ ੫)

Those who deal in Truth, Dear Almighty, are the perfect bankers.

ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ; ਹਰਿ ਕੀਰਤਨੁ ਲਾਹਾ ਰਾਮ ॥ (੫੪੩-੧੭, ਬਿਹਾਗੜਾ, ਮਃ ੫)

They possess the great treasure, Dear Almighty, and they reap the profit of Almighty's Praise.

ਕਾਮੁ ਕ੍ਰੋਧੁ ਨ ਲੋਭੁ ਬਿਆਪੈ ;
ਜੋ ਜਨ ਪ੍ਰਭ ਸਿਉ ਰਾਤਿਆ ॥ **(ਰੱਤਿਆ ਬੋਲੋ)** (੫੪੩-੧੭, ਬਿਹਾਗੜਾ, ਮਃ ੫)
Sexual desire, anger and greed do not cling to those who are attuned to Almighty.

ਏਕੁ ਜਾਨਹਿ ਏਕੁ ਮਾਨਹਿ ; ਰਾਮ ਕੈ ਰੰਗਿ ਮਾਤਿਆ ॥ **(ਮੱਤਿਆ ਬੋਲੋ)** (੫੪੩-੧੮, ਬਿਹਾਗੜਾ, ਮਃ ੫)
They know the One, and they believe in the One; they are intoxicated with Almighty's Love.

ਲਗਿ ਸੰਤ ਚਰਣੀ , ਪੜੇ ਸਰਣੀ ; ਮਨਿ ਤਿਨਾ ਓਮਾਹਾ ॥ (੫੪੩-੧੮, ਬਿਹਾਗੜਾ, ਮਃ ੫)
They fall at the Feet of the Saints, and seek their Sanctuary; their minds are filled with joy.

ਬਿਨਵੰਤਿ ਨਾਨਕੁ , ਜਿਨ ਨਾਮੁ ਪਲੈ ; ਸੇਈ ਸਚੇ ਸਾਹਾ ॥੩॥ (੫੪੩-੧੯, ਬਿਹਾਗੜਾ, ਮਃ ੫)
Prays Guru Nanak, those who have Almighty's Name (Naam) in their laps are the true bankers. ||3||

ਨਾਨਕ ਸੋਈ ਸਿਮਰੀਐ ਹਰਿ ਜੀਉ ; ਜਾ ਕੀ ਕਲ ਧਾਰੀ ਰਾਮ ॥ (੫੪੩-੧੯, ਬਿਹਾਗੜਾ, ਮਃ ੫)
Guru Nanak says, remember that Dear Almighty, who supports all by His strength.

ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ; ਕਰਤਾ ਪੁਰਖੁ ਮੁਰਾਰੀ ਰਾਮ ॥ (੫੪੪-੧, ਬਿਹਾਗੜਾ, ਮਃ ੫)
In their minds, the Gurmukhs do not forget the Dear Almighty, the Primal Creator.

ਦੂਖੁ ਰੋਗੁ ਨ ਭਉ ਬਿਆਪੈ ; ਜਿਨ੍ਹੀ ਹਰਿ ਹਰਿ ਧਿਆਇਆ ॥ (੫੪੪-੨, ਬਿਹਾਗੜਾ, ਮਃ ੫)
Pain, disease and fear do not cling to those who concentrate on Almighty.

ਸੰਤ ਪ੍ਰਸਾਦਿ ਤਰੇ ਭਵਜਲੁ ; ਪੂਰਬਿ ਲਿਖਿਆ ਪਾਇਆ ॥ (੫੪੪-੨, ਬਿਹਾਗੜਾ, ਮਃ ੫)
By the Grace of the Saints, they cross over the terrifying worldly ocean, and obtain their pre-ordained destiny.

ਵਜੀ ਵਧਾਈ ਮਨਿ ਸਾਂਤਿ ਆਈ ; ਮਿਲਿਆ ਪੁਰਖੁ ਅਪਾਰੀ ॥ (੫੪੪-੩, ਬਿਹਾਗੜਾ, ਮਃ ੫)
They are congratulated and applauded, their minds are at peace, and they meet the infinite Almighty.

ਬਿਨਵੰਤਿ ਨਾਨਕੁ , ਸਿਮਰਿ ਹਰਿ ਹਰਿ ; ਇਛ ਪੁੰਨੀ ਹਮਾਰੀ ॥੪॥੩॥ (੫੪੪-੩, ਬਿਹਾਗੜਾ, ਮਃ ੫)
Prays Guru Nanak, by remembering Almighty, my desires are fulfilled. ||4||3||

ਬਿਹਾਗੜਾ , ਮਹਲਾ ੫ ; ਘਰੁ ੨ (੫੪੪-੫)
Bihaagraa, Fifth Mahl, Second House:

ੴ ; ਸਤਿਨਾਮੁ ਗੁਰਪ੍ਰਸਾਦਿ ॥ (੫੪੪-੫)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਵਧੁ , ਸੁਖ ਰੈਨੜੀਏ ; ਪ੍ਰਿਅ ਪ੍ਰੇਮੁ ਲਗਾ ॥ (੫੪੪-੬, ਬਿਹਾਗੜਾ, ਮਃ ੫)

O peaceful night, grow longer, I have come to enshrine love for my Beloved.

ਘਟੁ , ਦੁਖ ਨੀਦੜੀਏ ; ਪਰਸਉ ਸਦਾ ਪਗਾ ॥ ('ਪਗਾ' ਪੋਲਾ ਬੋਲੋ) (੫੪੪-੬, ਬਿਹਾਗੜਾ, ਮਃ ੫)

O painful sleep, grow shorter, so that I may constantly grasp His Feet.

ਪਗ ਧੂਰਿ ਬਾਂਛਉ ਸਦਾ ਜਾਚਉ ; ਨਾਮ ਰਸਿ ਬੈਰਾਗਨੀ ॥ (੫੪੪-੬, ਬਿਹਾਗੜਾ, ਮਃ ੫)

I long for the dust of His Feet, and beg for His Name; for His Love, I have renounced the world.

ਪ੍ਰਿਅ ਰੰਗਿ ਰਾਤੀ ਸਹਜ ਮਾਤੀ ; ਮਹਾ ਦੁਰਮਤਿ ਤਿਆਗਨੀ ॥(ਮਾੱਤੀ ਬੋਲੋ)(੫੪੪-੭,ਬਿਹਾਗੜਾ,ਮਃ ੫)

I am imbued with the Love of my Beloved, and I am naturally intoxicated with it; I have forsaken my awful evil-mindedness.

ਗਹਿ ਭੁਜਾ ਲੀਨ੍ੀ ਪ੍ਰੇਮ ਭੀਨੀ ; ਮਿਲਨੁ ਪ੍ਰੀਤਮ ਸਚ ਮਗਾ ॥ (੫੪੪-੭, ਬਿਹਾਗੜਾ, ਮਃ ੫)

He has taken me by the arm, and I am saturated with His Love; I have met my Beloved on the Path of Truth.

ਬਿਨਵੰਤਿ ਨਾਨਕ , ਧਾਰਿ ਕਿਰਪਾ ; ਰਹਉ ਚਰਣਹ ਸੰਗਿ ਲਗਾ ॥੧॥ (੫੪੪-੮, ਬਿਹਾਗੜਾ, ਮਃ ੫)

Prays Guru Nanak, please Almighty, shower Your Mercy on me, that I may remain attached to Your Feet. ||1||

ਮੇਰੀ ਸਖੀ ਸਹੇਲੜੀਹੋ ; ਪ੍ਰਭ ਕੈ ਚਰਣਿ ਲਗਹ ॥ (੫੪੪-੯, ਬਿਹਾਗੜਾ, ਮਃ ੫)

O my friends and companions, let us remain attached to Almighty's Feet.

ਮਨਿ ਪ੍ਰਿਅ ਪ੍ਰੇਮੁ ਘਣਾ ; ਹਰਿ ਕੀ ਭਗਤਿ ਮੰਗਹ ॥ (੫੪੪-੯, ਬਿਹਾਗੜਾ, ਮਃ ੫)

Within my mind is great love for my Beloved; I beg for Almighty's meditation.

ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ; ਜਾਇ ਮਿਲੀਐ ਹਰਿ ਜਨਾ ॥ (੫੪੪-੯, ਬਿਹਾਗੜਾ, ਮਃ ੫)

Almighty's meditation is obtained, concentrate on Almighty and meet Almighty's humble servants.

ਮਾਨੁ ਮੋਹੁ ਬਿਕਾਰੁ ਤਜੀਐ ; ਅਰਪਿ ਤਨੁ ਧਨੁ ਇਹੁ ਮਨਾ ॥ (੫੪੪-੧੦, ਬਿਹਾਗੜਾ, ਮਃ ੫)

Renounce pride, attachment and evil-acts, and dedicate this body, wealth and mind to Him.

ਬਡ ਪੁਰਖ ਪੂਰਨ ਗੁਣ ਸੰਪੂਰਨ ; ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥(੫੪੪-੧੧,ਬਿਹਾਗੜਾ,ਮਃ ੫)

Almighty is great, perfect, glorious, absolutely perfect; meeting Almighty, the wall of doubt is torn down.

ਬਿਨਵੰਤਿ ਨਾਨਕ , ਸੁਣਿ ਮੰਤ੍ਰੁ ਸਖੀਏ ;
ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥ (੫੪੪-੧੧, ਬਿਹਾਗੜਾ, ਮਃ ੫)

Prays Guru Nanak, hear these teachings, O friends - chant Almighty's Name constantly, over and over again. ||2||

ਹਰਿ ਨਾਰਿ ਸੁਹਾਗਣੇ ; ਸਭਿ ਰੰਗ ਮਾਣੇ ॥ (੫੪੪-੧੨, ਬਿਹਾਗੜਾ, ਮਃ ੫)

Almighty's bride is an obedient wife; she enjoys all pleasures.

ਰਾਂਡ , ਨ ਬੈਸਈ ; ਪ੍ਰਭ ਪੁਰਖ ਚਿਰਾਣੇ ॥ (੫੪੪-੧੨, ਬਿਹਾਗੜਾ, ਮਃ ੫)

She does not sit around like a widow, because Almighty lives forever.

ਨਹ ਦੂਖ ਪਾਵੈ ਪ੍ਰਭ ਧਿਆਵੈ ; ਧੰਨਿ ਤੇ ਬਡਭਾਗੀਆ ॥ (੫੪੪-੧੩, ਬਿਹਾਗੜਾ, ਮਃ ੫)

She does not suffer pain, she meditates on Almighty; she is blessed, and very fortunate.

ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ; ਨਾਮ ਰਸਿ ਰੰਗਿ , ਜਾਗੀਆ ॥(੫੪੪-੧੩, ਬਿਹਾਗੜਾ, ਮਃ ੫)

She sleeps in peaceful ease, her sins are erased, and she wakes to the joy and love of Almighty's Name (Naam).

ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ ; ਪ੍ਰਿਅ ਬਚਨ ਮੀਠੇ ਭਾਣੇ ॥ (੫੪੪-੧੪, ਬਿਹਾਗੜਾ, ਮਃ ੫)

She remains absorbed in her Beloved, Almighty's Name is her ornament. The Words of her Beloved are sweet and pleasing to her.

ਬਿਨਵੰਤਿ ਨਾਨਕ , ਮਨ ਇਛ ਪਾਈ ;
ਹਰਿ ਮਿਲੇ ਪੁਰਖ ਚਿਰਾਣੇ ॥੩॥ (੫੪੪-੧੫, ਬਿਹਾਗੜਾ, ਮਃ ੫)

Prays Guru Nanak, I have obtained my mind's desires; I have met my eternal Husband Almighty. ||3||

ਤਿਤੁ ਗ੍ਰਿਹਿ ਸੋਹਿਲੜੇ ; ਕੋਡ ਅਨੰਦਾ ॥ (੫੪੪-੧੫, ਬਿਹਾਗੜਾ, ਮਃ ੫)

The songs of bliss resound, and millions of pleasures are found in that house;

ਮਨਿ ਤਨਿ ਰਵਿ ਰਹਿਆ ; ਪ੍ਰਭ ਪਰਮਾਨੰਦਾ ॥ (੫੪੪-੧੬, ਬਿਹਾਗੜਾ, ਮਃ ੫)

the mind and body are permeated by Almighty, He is the supreme bliss.

ਹਰਿ ਕੰਤ ਅਨੰਤ ਦਇਆਲ ਸ੍ਰੀਧਰ ; ਗੋਬਿੰਦ ਪਤਿਤ ਉਧਾਰਣੋ ॥ (੫੪੪-੧੬, ਬਿਹਾਗੜਾ, ਮਃ ੫)

My Husband Almighty is infinite and merciful; He is Almighty of wealth, Master of the Universe, the Liberator of sinners.

ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ; ਭੈ ਸਿੰਧੁ ਸਾਗਰ ਤਾਰਣੋ ॥ (੫੪੪-੧੭, ਬਿਹਾਗੜਾ, ਮਃ ੫)

Almighty, the Giver of Mercy, Almighty, the Destroyer of pride, carries us across the terrifying worldly ocean.

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ; ਇਹੁ ਬਿਰਦੁ ਸੁਆਮੀ ਸੰਦਾ ॥ (੫੪੪-੧੭, ਬਿਹਾਗੜਾ, ਮਃ ੫)

Almighty lovingly embraces whoever comes to Almighty's Sanctuary, this is the way of the Master (Almighty).

ਬਿਨਵੰਤਿ ਨਾਨਕ , ਹਰਿ ਕੰਤੁ ਮਿਲਿਆ ;
ਸਦਾ ਕੇਲ ਕਰੰਦਾ ॥੪॥੧॥੪॥ (੫੪੪-੧੮, ਬਿਹਾਗੜਾ, ਮਃ ੫)

Prays Guru Nanak, I have met my Husband Almighty, who plays with me forever. ||4||1||4||

ਬਿਹਾਗੜਾ , ਮਹਲਾ ੫ ॥ (੫੪੪-੧੯)

Bihaagraa, Fifth Mahl:

ਹਰਿ ਚਰਣ ਸਰੋਵਰ ; ਤਹ ਕਰਹੁ ਨਿਵਾਸੁ ਮਨਾ ॥ (੫੪੪-੧੯, ਬਿਹਾਗੜਾ, ਮਃ ੫)

Almighty's Feet are the Pool of Ambrosial Nectar; dwelling there, O my mind.

ਕਰਿ ਮਜਨੁ ਹਰਿ ਸਰੇ ; ਸਭਿ ਕਿਲਬਿਖ ਨਾਸੁ ਮਨਾ ॥ (ਮੱਜਨੁ ਬੋਲੋ) (੫੪੫-੧, ਬਿਹਾਗੜਾ, ਮਃ ੫)

Take your cleansing bath in the Ambrosial Pool of Almighty, and all of your sins shall be wiped away, O my soul.

ਕਰਿ ਸਦਾ ਮਜਨੁ ਗੋਬਿੰਦ ਸਜਨੁ ; ਦੁਖ ਅੰਧੇਰਾ ਨਾਸੇ ॥ (ਮੱਜਨੁ ਬੋਲੋ) (੫੪੫-੧, ਬਿਹਾਗੜਾ, ਮਃ ੫)

Take your cleansing ever in Almighty, O friends, and the pain of darkness shall be dispelled.

ਜਨਮ ਮਰਣੁ ਨ ਹੋਇ ਤਿਸ ਕਉ ; ਕਟੈ ਜਮ ਕੇ ਫਾਸੇ ॥ (੫੪੫-੨, ਬਿਹਾਗੜਾ, ਮਃ ੫)

Birth and death shall not touch you, and the noose of Death shall be cut away.

ਮਿਲੁ ਸਾਧਸੰਗੇ ਨਾਮ ਰੰਗੇ ; ਤਹਾ ਪੂਰਨ ਆਸੋ ॥ (੫੪੫-੨, ਬਿਹਾਗੜਾ, ਮਃ ੫)

So join the Saadh Sangat, the Company of the Holy, and be imbued with Almighty's Name (Naam); there, your hopes shall be fulfilled.

ਬਿਨਵੰਤਿ ਨਾਨਕ , ਧਾਰਿ ਕਿਰਪਾ ; ਹਰਿ ਚਰਣ ਕਮਲ ਨਿਵਾਸੋ ॥੧॥ (੫੪੫-੨, ਬਿਹਾਗੜਾ, ਮਃ ੫)

Prays Guru Nanak, shower Your Mercy upon me, Dear Almighty, that I might dwell at Your Lotus Feet. ||1||

ਤਹ ਅਨਦ ਬਿਨੋਦ ਸਦਾ ; ਅਨਹਦ ਝੁਣਕਾਰੋ ਰਾਮ ॥ (੫੪੫-੩, ਬਿਹਾਗੜਾ, ਮਃ ੫)

There is bliss and ecstasy there always, and the unstruck celestial melody resounds there.

ਮਿਲਿ ਗਾਵਹਿ ਸੰਤ ਜਨਾ ; ਪ੍ਰਭ ਕਾ ਜੈਕਾਰੋ ਰਾਮ ॥ (੫੪੫-੪, ਬਿਹਾਗੜਾ, ਮਃ ੫)

Meeting together, the Saints sing Almighty's Praises, and celebrate His Victory.

ਮਿਲਿ ਸੰਤ ਗਾਵਹਿ ਖਸਮ ਭਾਵਹਿ ; ਹਰਿ ਪ੍ਰੇਮ ਰਸ ਰੰਗਿ ਭਿੰਨੀਆ ॥ (੫੪੫-੪, ਬਿਹਾਗੜਾ, ਮਃ ੫)

Meeting together, the Saints sing the Praises of the Master; they are pleasing to Almighty, and saturated with the sublime essence of His love and affection.

ਹਰਿ ਲਾਭੁ ਪਾਇਆ ਆਪੁ ਮਿਟਾਇਆ ; ਮਿਲੇ ਚਿਰੀ ਵਿਛੁੰਨਿਆ ॥ (੫੪੫-੫, ਬਿਹਾਗੜਾ, ਮਃ ੫)

They obtain the profit of Almighty, eliminate their self-conceit, and meet Him, from whom they were separated for so long.

ਗਹਿ ਭੁਜਾ ਲੀਨੇ ਦਇਆ ਕੀਨ੍ਹੇ ; ਪ੍ਰਭ ਏਕ ਅਗਮ ਅਪਾਰੋ ॥ (੫੪੫-੫, ਬਿਹਾਗੜਾ, ਮਃ ੫)

Taking them by the arm, He makes them His own; Almighty, the One, inaccessible and infinite, bestows His kindness.

ਬਿਨਵੰਤਿ ਨਾਨਕ , ਸਦਾ ਨਿਰਮਲ ; ਸਚੁ ਸਬਦੁ ਰੁਣ ਝੁਣਕਾਰੋ ॥੨॥ (੫੪੫-੬, ਬਿਹਾਗੜਾ, ਮਃ ੫)

Prays Guru Nanak, forever pure are those who sing the Praises Guru's Shabad (Gurbani). ||2||

ਸੁਣਿ ਵਡਭਾਗੀਆ ; ਹਰਿ ਅੰਮ੍ਰਿਤ ਬਾਣੀ ਰਾਮ ॥ (੫੪੫-੬, ਬਿਹਾਗੜਾ, ਮਃ ੫)

Listen, O most fortunate ones, to the Ambrosial Guru's Shabad (Gurbani).

ਜਿਨ ਕਉ ਕਰਮਿ ਲਿਖੀ ; ਤਿਸੁ ਰਿਦੈ ਸਮਾਣੀ ਰਾਮ ॥ (੫੪੫-੭, ਬਿਹਾਗੜਾ, ਮਃ ੫)

Guru's Shabad (Gurbani) resides within the heart of the blessed one alone.

ਅਕਥ ਕਹਾਣੀ ਤਿਨੀ ਜਾਣੀ ; **(ਅ-ਕਥ ਬੋਲੋ)**
ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥ (੫੪੫-੭, ਬਿਹਾਗੜਾ, ਮਃ ੫)

He alone knows the story of Almighty which beyond description, unto whom Almighty has shown His Mercy.

ਅਮਰੁ ਥੀਆ ਫਿਰਿ ਨ ਮੂਆ ; ਕਲਿ ਕਲੇਸਾ ਦੁਖ ਹਰੇ ॥ (੫੪੫-੮, ਬਿਹਾਗੜਾ, ਮਃ ੫)

He becomes immortal, and shall not die again; his troubles, disputes and pains are dispelled.

ਹਰਿ ਸਰਣਿ ਪਾਈ ਤਜਿ ਨ ਜਾਈ ; ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥ (੫੪੫-੮, ਬਿਹਾਗੜਾ, ਮਃ ੫)

He finds the Sanctuary of Almighty; he does not forsake Almighty, and does not leave. Almighty's Love is pleasing to his mind and body.

ਬਿਨਵੰਤਿ ਨਾਨਕ , ਸਦਾ ਗਾਈਐ ; ਪਵਿਤ੍ਰ ਅੰਮ੍ਰਿਤ ਬਾਣੀ ॥੩॥ (੫੪੫-੯, ਬਿਹਾਗੜਾ, ਮਃ ੫)

Prays Guru Nanak, sing forever the Sacred Ambrosial Guru's Shabad (Gurbani). ||3||

ਮਨ ਤਨ ਗਲਤੁ ਭਏ ; ਕਿਛੁ ਕਹਣੁ ਨ ਜਾਈ ਰਾਮ ॥ (੫੪੫-੧੦, ਬਿਹਾਗੜਾ, ਮਃ ੫)

My mind and body are intoxicated, this state cannot be described.

ਜਿਸ ਤੇ ਉਪਜਿਅੜਾ ; ਤਿਨਿ ਲੀਆ ਸਮਾਈ ਰਾਮ ॥ (੫੪੫-੧੦, ਬਿਹਾਗੜਾ, ਮਃ ੫)

We originated from Him, and into Him we shall merge once again.

ਮਿਲਿ ਬ੍ਰਹਮ ਜੋਤੀ , ਓਤਿ ਪੋਤੀ ; ਉਦਕੁ ਉਦਕਿ ਸਮਾਇਆ ॥ (੫੪੫-੧੧, ਬਿਹਾਗੜਾ, ਮਃ ੫)

I merge into Almighty's form, through and through, like water merging into water.

ਜਲਿ ਥਲਿ ਮਹੀਅਲਿ ਏਕੁ ਰਵਿਆ ; ਨਹ ਦੂਜਾ ਦ੍ਰਿਸਟਾਇਆ ॥ (੫੪੫-੧੧, ਬਿਹਾਗੜਾ, ਮਃ ੫)

The One Almighty permeates the water, the land and the sky; I do not see any other.

ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ; ਕੀਮਤਿ ਕਹਣੁ ਨ ਜਾਈ ॥ (੫੪੫-੧੨, ਬਿਹਾਗੜਾ, ਮਃ ੫)

He is totally permeating the woods, meadows and the three worlds. I cannot express His worth.

ਬਿਨਵੰਤਿ ਨਾਨਕ , ਆਪਿ ਜਾਣੈ ;
ਜਿਨਿ ਏਹ ਬਣਤ ਬਣਾਈ ॥੪॥੨॥੫॥ (੫੪੫-੧੨, ਬਿਹਾਗੜਾ, ਮਃ ੫)

Prays Guru Nanak, He alone knows; He who created this creation. ||4||2||5||

ਬਿਹਾਗੜਾ , ਮਹਲਾ ੫ ॥ (੫੪੫-੧੩)

Bihaagraa, Fifth Mahl:

ਖੋਜਤ ਸੰਤ ਫਿਰਹਿ ; ਪ੍ਰਭ ਪ੍ਰਾਣ ਅਧਾਰੇ ਰਾਮ ॥ (੫੪੫-੧੩, ਬਿਹਾਗੜਾ, ਮਃ ੫)

The Saints go around, searching for Almighty, the support of their life-forces.

ਤਾਣੁ ਤਨੁ ਖੀਨ ਭਇਆ ; ਬਿਨੁ ਮਿਲਤ ਪਿਆਰੇ ਰਾਮ ॥ (੫੪੫-੧੪, ਬਿਹਾਗੜਾ, ਮਃ ੫)

They lose the strength of their bodies, if they do not merge with their Beloved Almighty.

ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ;
ਕਰਿ ਦਇਆ ਲੜਿ ਲਾਇ ਲੀਜੀਐ ॥ (੫੪੫-੧੪, ਬਿਹਾਗੜਾ, ਮਃ ੫)

Dear Almighty, my Beloved, please, bestow Your kindness upon me, that I may merge with You; by Your Mercy, attach me to the hem of Your robe.

ਦੇਹਿ ਨਾਮੁ ਅਪਨਾ ਜਪਉ ਸੁਆਮੀ ; ਹਰਿ ਦਰਸ ਪੇਖੇ ਜੀਜੀਐ ॥ (੫੪੫-੧੫, ਬਿਹਾਗੜਾ, ਮਃ ੫)

Bless me with Your Name, that I may chant it, Dear Master; beholding Your Sight (Darshan), I live.

ਸਮਰਥ ਪੂਰਨ ਸਦਾ ਨਿਹਚਲ ; ਊਚ ਅਗਮ ਅਪਾਰੇ ॥ (ਸਮੱਰਥ ਬੋਲੋ) (੫੪੫-੧੬, ਬਿਹਾਗੜਾ, ਮਃ ੫)

He is all-powerful, perfect, eternal and unchanging, exalted, unapproachable and infinite.

ਬਿਨਵੰਤਿ ਨਾਨਕ , ਧਾਰਿ ਕਿਰਪਾ ; ਮਿਲਹੁ ਪ੍ਰਾਨ ਪਿਆਰੇ ॥੧॥ (੫੪੫-੧੬, ਬਿਹਾਗੜਾ, ਮਃ ੫)

Prays Guru Nanak, bestow Your Mercy upon me, O Beloved of my soul, that I may merge with You. ||1||

ਜਪ ਤਪ ਬਰਤ ਕੀਨੇ ; ਪੇਖਨ ਕਉ ਚਰਣਾ ਰਾਮ ॥ (੫੪੫-੧੭, ਬਿਹਾਗੜਾ, ਮਃ ੫)

I have practiced chanting, penance and fasting, to see Your Feet, Dear Almighty.

ਤਪਤਿ ਨ ਕਤਹਿ ਬੁਝੈ ; ਬਿਨੁ ਸੁਆਮੀ ਸਰਣਾ ਰਾਮ ॥ (੫੪੫-੧੭, ਬਿਹਾਗੜਾ, ਮਃ ੫)

But still, my burning is not quenched, without the Sanctuary of Master (Almighty).

ਪ੍ਰਭ ਸਰਣਿ ਤੇਰੀ ਕਾਟਿ ਬੇਰੀ ; ਸੰਸਾਰੁ ਸਾਗਰੁ ਤਾਰੀਐ ॥ (੫੪੫-੧੮, ਬਿਹਾਗੜਾ, ਮਃ ੫)

I seek Your Sanctuary, Almighty - please, cut away my bonds and carry me across the worldly ocean.

ਅਨਾਥ ਨਿਰਗੁਨਿ ਕਛੁ ਨ ਜਾਨਾ ; (ਅ-ਨਾਥ ਬੋਲੋ)
ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥ (੫੪੫-੧੮, ਬਿਹਾਗੜਾ, ਮਃ ੫)

I am masterless, worthless, and I know nothing; please do not count up my merits and demerits.

ਦੀਨ ਦਇਆਲ ਗੋਪਾਲ ਪ੍ਰੀਤਮ ; ਸਮਰਥ ਕਾਰਣ ਕਰਣਾ ॥ (੫੪੫-੧੯, ਬਿਹਾਗੜਾ, ਮਃ ੫)

Dear Almighty, Merciful to the meek, Sustainer of the world, O Beloved, Almighty Cause of causes.

ਨਾਨਕ , ਚਾਤ੍ਰਿਕ ਹਰਿ ਬੂੰਦ ਮਾਗੈ ; (ਮਾਂਗੈ ਬੋਲੋ)
ਜਪਿ ਜੀਵਾ ਹਰਿ ਹਰਿ ਚਰਣਾ ॥੨॥ (੫੪੫-੧੯, ਬਿਹਾਗੜਾ, ਮਃ ੫)

Guru Nanak says, the song-bird, begs for the rain-drop of Almighty's Name; meditating on the Feet of Almighty, he lives. ||2||

ਅਮਿਅ ਸਰੋਵਰੋ ; ਪੀਉ ਹਰਿ ਹਰਿ ਨਾਮਾ ਰਾਮ ॥ (੫੪੬-੧, ਬਿਹਾਗੜਾ, ਮਃ ੫)

Drink in the Ambrosial Nectar from the pool of Almighty; chant Almighty's Name (Naam), Har, Har.

ਸੰਤਹ ਸੰਗਿ ਮਿਲੈ ; ਜਪਿ , ਪੂਰਨ ਕਾਮਾ ਰਾਮ ॥ (੫੪੬-੧, ਬਿਹਾਗੜਾ, ਮਃ ੫)

In the Society of the Saints, one meets Almighty; meditating on Him, one's affairs are resolved.

ਸਭ ਕਾਮ ਪੂਰਨ ਦੁਖ ਬਿਦੀਰਨ ; ਹਰਿ ਨਿਮਖ ਮਨਹੁ ਨ ਬੀਸਰੈ ॥ (੫੪੬-੨, ਬਿਹਾਗੜਾ, ਮਃ ੫)

Almighty is the One who accomplishes everything; He is the Dispeller of pain. Never forget Him from your mind, even for an instant.

ਆਨੰਦ ਅਨਦਿਨੁ ਸਦਾ ਸਾਚਾ ; ਸਰਬ ਗੁਣ ਜਗਦੀਸਰੈ ॥ (੫੪੬-੨, ਬਿਹਾਗੜਾ, ਮਃ ੫)

He is blissful, night and day; He is forever True. All Glories are contained in Almighty in the Universe.

ਅਗਣਤ ਊਚ ਅਪਾਰ ਠਾਕੁਰ ; ਅਗਮ ਜਾ ਕੋ ਧਾਮਾ ॥ (ਅ-ਗਣਤ ਬੋਲੋ) (੫੪੬-੩, ਬਿਹਾਗੜਾ, ਮਃ ੫)

Incalculable, lofty and infinite is Almighty and Master, unapproachable is His home.

ਬਿਨਵੰਤਿ ਨਾਨਕ , ਮੇਰੀ ਇਛ ਪੂਰਨ ; ਮਿਲੇ ਸ੍ਰੀਰੰਗ ਰਾਮਾ ॥੩॥ (੫੪੬-੪, ਬਿਹਾਗੜਾ, ਮਃ ੫)

Prays Guru Nanak, my desires are fulfilled; I have met Almighty, the Greatest Lover. ||3||

ਕਈ ਕੋਟਿਕ ਜਗ ਫਲਾ ; ਸੁਣਿ ਗਾਵਨਹਾਰੇ ਰਾਮ ॥ (ਗਾਵਨ-ਹਾਰੇ ਬੋਲੋ) (੫੪੬-੪, ਬਿਹਾਗੜਾ, ਮਃ ੫)

The fruits of many millions of charitable feasts come to those who listen to and sing Almighty's Praise.

ਹਰਿ ਹਰਿ ਨਾਮੁ ਜਪਤ ; ਕੁਲ ਸਗਲੇ ਤਾਰੇ ਰਾਮ ॥ (੫੪੬-੫, ਬਿਹਾਗੜਾ, ਮਃ ੫)

Chanting Almighty's Name (Naam), all one's generations are carried across.

ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ; ਤਾ ਕੀ ਮਹਿਮਾ ਕਿਤ ਗਨਾ ॥ (੫੪੬-੫, ਬਿਹਾਗੜਾ, ਮਃ ੫)

Chanting Almighty's Name (Naam), one is beautified; how many Praises of His can I count?

ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ; ਚਿਤਵੰਤਿ ਦਰਸਨੁ ਸਦ ਮਨਾ ॥ (੫੪੬-੬, ਬਿਹਾਗੜਾ, ਮਃ ੫)

I shall never forget Almighty, He is the Beloved of my soul; my mind constantly yearns for His Sight (Darshan).

ਸੁਭ ਦਿਵਸ ਆਏ ਗਹਿ ਕੰਠਿ ਲਾਏ ; ਪ੍ਰਭ ਊਚ ਅਗਮ ਅਪਾਰੇ ॥ (੫੪੬-੬, ਬਿਹਾਗੜਾ, ਮਃ ੫)

Auspicious is that day, when Almighty, the lofty, inaccessible and infinite, hugs me close in His embrace.

ਬਿਨਵੰਤਿ ਨਾਨਕ , ਸਫਲੁ ਸਭੁ ਕਿਛੁ ;
ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥ (੫੪੬-੭, ਬਿਹਾਗੜਾ, ਮਃ ੫)

Prays Guru Nanak, everything is fruitful , I have met my supremely beloved Almighty. ||4||3||6||

ਬਿਹਾਗੜਾ , ਮਹਲਾ ੫ ; ਛੰਤ ॥ (੫੪੬-੮)

Bihaagraa, Fifth Mahl, Chhant:

ਅਨ ਕਾਏ ਰਾਤੜਿਆ ; ਵਾਟ ਦੁਹੇਲੀ ਰਾਮ ॥ (੫੪੬-੮, ਬਿਹਾਗੜਾ, ਮਃ ੫)

Why are you imbued with the love of another? That path is very dreadful.

ਪਾਪ ਕਮਾਵਦਿਆ ; ਤੇਰਾ ਕੋਇ ਨ ਬੇਲੀ ਰਾਮ ॥ (੫੪੬-੮, ਬਿਹਾਗੜਾ, ਮਃ ੫)

While commiting sins, you have no saviour means that no one can save or undo the sins committed in this lifetime.

ਕੋਏ ਨ ਬੇਲੀ ਹੋਇ ਤੇਰਾ ; ਸਦਾ ਪਛੋਤਾਵਹੇ ॥ (੫੪੬-੯, ਬਿਹਾਗੜਾ, ਮਃ ੫)

There shall be no saviour, and you shall forever regret your actions.

ਗੁਨ ਗੁਪਾਲ ਨ ਜਪਹਿ ਰਸਨਾ ; ਫਿਰਿ ਕਦਹੁ ਸੇ ਦਿਹ ਆਵਹੇ ॥ (੫੪੬-੯, ਬਿਹਾਗੜਾ, ਮਃ ੫)

You have not uttered with your tongue the Virtues of the Sustainer of the World; when will these days come again?

ਤਰਵਰ ਵਿਛੁੰਨੇ ਨਹ ਪਾਤ ਜੁੜਤੇ ; ਜਮ ਮਗਿ ਗਉਨੁ ਇਕੇਲੀ ॥ (੫੪੬-੧੦, ਬਿਹਾਗੜਾ, ਮਃ ੫)

The leaf, separated from the branch, shall not be joined with it again; all alone, it falls on its way to death.

ਬਿਨਵੰਤ ਨਾਨਕ , ਬਿਨੁ ਨਾਮ ਹਰਿ ਕੇ ; ਸਦਾ ਫਿਰਤ ਦੁਹੇਲੀ ॥੧॥ (੫੪੬-੧੦, ਬਿਹਾਗੜਾ, ਮਃ ੫)

Prays Guru Nanak, without Almighty's Name, the soul (subtle body) wanders, forever suffering. ||1||

ਤੂੰ ਵਲ ਵੰਚ ਲੂਕਿ ਕਰਹਿ ; ਸਭ ਜਾਣੈ ਜਾਣੀ ਰਾਮ ॥ (੫੪੬-੧੧, ਬਿਹਾਗੜਾ, ਮਃ ੫)

You are practicing deception secretly, but Almighty, the Knower, knows all.

ਲੇਖਾ ਧਰਮ ਭਇਆ ; ਤਿਲ ਪੀੜੇ ਘਾਣੀ ਰਾਮ ॥ (੫੪੬-੧੧, ਬਿਹਾਗੜਾ, ਮਃ ੫)

When the Righteous Judge (Dharmraj) reads your account, you shall be squeezed like a sesame seed in the oil-press.

ਕਿਰਤ ਕਮਾਣੇ ਦੁਖ ਸਹੁ ਪਰਾਣੀ ; ਅਨਿਕ ਜੋਨਿ ਭ੍ਰਮਾਇਆ ॥ (੫੪੬-੧੨, ਬਿਹਾਗੜਾ, ਮਃ ੫)

For the actions you committed, you shall suffer the penalty; you shall be consigned to countless reincarnations.

ਮਹਾ ਮੋਹਨੀ ਸੰਗਿ ਰਾਤਾ ; ਰਤਨ ਜਨਮੁ ਗਵਾਇਆ ॥ **(ਰੱਤਾ ਬੋਲੋ)** (੫੪੬-੧੨, ਬਿਹਾਗੜਾ, ਮਃ ੫)

Imbued with the love of Maya, the great enticer, you shall lose the jewel of this human life.

ਇਕਸੁ ਹਰਿ ਕੇ ਨਾਮ ਬਾਝਹੁ ; ਆਨ ਕਾਜ ਸਿਆਣੀ ॥ (੫੪੬-੧੩, ਬਿਹਾਗੜਾ, ਮਃ ੫)

Except for the One Almighty's Name, you are clever in everything else.

ਬਿਨਵੰਤ ਨਾਨਕ , ਲੇਖੁ ਲਿਖਿਆ ; ਭਰਮਿ ਮੋਹਿ ਲੁਭਾਣੀ ॥੨॥ (੫੪੬-੧੩, ਬਿਹਾਗੜਾ, ਮਃ ੫)

Prays Guru Nanak, those who have such pre-ordained destiny are attracted to doubt and worldly attachments. ||2||

ਬੀਚੁ ਨ ਕੋਇ ਕਰੇ ; ਅਕ੍ਰਿਤਘਣੁ ਵਿਛੁੜਿ ਪਇਆ ॥ (੫੪੬-੧੪, ਬਿਹਾਗੜਾ, ਮਃ ੫)

No one advocates for the ungrateful person, who is separated from Almighty.

ਆਏ ਖਰੇ ਕਠਿਨ ; ਜਮਕੰਕਰਿ ਪਕੜਿ ਲਇਆ ॥ (੫੪੬-੧੪, ਬਿਹਾਗੜਾ, ਮਃ ੫)

The hard-hearted Messenger of Death comes and seizes him.

ਪਕੜੇ ਚਲਾਇਆ ਅਪਣਾ ਕਮਾਇਆ ; ਮਹਾ ਮੋਹਨੀ ਰਾਤਿਆ ॥ (੫੪੬-੧੫, ਬਿਹਾਗੜਾ, ਮਃ ੫)

He seizes him, and leads him away, to pay for his evil deeds; he was imbued with Maya, the great enticer.

ਗੁਨ ਗੋਵਿੰਦ ਗੁਰਮੁਖਿ ਨ ਜਪਿਆ ; ਤਪਤ ਥੰਮ੍ ਗਲਿ ਲਾਤਿਆ ॥ (੫੪੬-੧੫, ਬਿਹਾਗੜਾ, ਮਃ ੫)

He was not Gurmukh - he did not chant the Praises of Almighty's Virtues; and now, he is pushed to the hot irons pillar attached to his chest.

ਕਾਮ ਕ੍ਰੋਧਿ ਅਹੰਕਾਰਿ ਮੂਠਾ ; ਖੋਇ ਗਿਆਨੁ ਪਛੁਤਾਪਿਆ ॥ (੫੪੬-੧੬, ਬਿਹਾਗੜਾ, ਮਃ ੫)

He is ruined by sexual desire, anger and egotism; deprived of spiritual wisdom, he comes to regret.

ਬਿਨਵੰਤ ਨਾਨਕ , ਸੰਜੋਗਿ ਭੂਲਾ ;
ਹਰਿ ਜਾਪੁ ਰਸਨ ਨ ਜਾਪਿਆ ॥੩॥ (੫੪੬-੧੭, ਬਿਹਾਗੜਾ, ਮਃ ੫)

Prays Guru Nanak, by his cursed destiny he has gone astray; with his tongue, he does not chant Almighty's Name (Naam). ||3||

ਤੁਝ ਬਿਨੁ ਕੋ ਨਾਹੀ ; ਪ੍ਰਭ ਰਾਖਨਹਾਰਾ ਰਾਮ ॥ **(ਰਾਖਨ-ਹਾਰਾ ਬੋਲੋ)** (੫੪੬-੧੭, ਬਿਹਾਗੜਾ, ਮਃ ੫)

Without You, Almighty, no one is our savior.

ਪਤਿਤ ਉਧਾਰਣ ; ਹਰਿ ਬਿਰਦੁ ਤੁਮਾਰਾ ਰਾਮ ॥ (੫੪੬-੧੮, ਬਿਹਾਗੜਾ, ਮਃ ੫)

It is Your Nature, Almighty, to save the sinners.

ਪਤਿਤ ਉਧਾਰਨ ਸਰਨਿ ਸੁਆਮੀ ; ਕ੍ਰਿਪਾ ਨਿਧਿ ਦਇਆਲਾ ॥ (੫੪੬-੧੮, ਬਿਹਾਗੜਾ, ਮਃ ੫)

Dear Savior of sinners, I have entered Your Sanctuary, Dear Master, Compassionate Ocean of Mercy.

ਅੰਧ ਕੂਪ ਤੇ ਉਧਰੁ ਕਰਤੇ ; ਸਗਲ ਘਟ ਪ੍ਰਤਿਪਾਲਾ ॥ (੫੪੬-੧੯, ਬਿਹਾਗੜਾ, ਮਃ ੫)

Please, rescue me from the deep, dark pit, Dear Creator, Cherisher of all hearts.

ਸਰਨਿ ਤੇਰੀ ਕਟਿ ਮਹਾ ਬੇੜੀ ; ਇਕੁ ਨਾਮੁ ਦੇਹਿ ਅਧਾਰਾ ॥ (੫੪੬-੧੯, ਬਿਹਾਗੜਾ, ਮਃ ੫)

I seek Your Sanctuary; please, cut away these heavy bonds, and give me the Support of the One Name.

ਬਿਨਵੰਤ ਨਾਨਕ , ਕਰ ਦੇਇ ਰਾਖਹੁ ; ਗੋਬਿੰਦ ਦੀਨ ਦਇਆਰਾ ॥੪॥ (੫੪੭-੧, ਬਿਹਾਗੜਾ, ਮਃ ੫)

Prays Guru Nanak, please, give me Your Hand and save me, Dear Master of the Universe, Merciful to the meek. ||4||

ਸੋ ਦਿਨੁ ਸਫਲੁ ਗਣਿਆ ; ਹਰਿ ਪ੍ਰਭੂ ਮਿਲਾਇਆ ਰਾਮ ॥ (੫੪੭-੧, ਬਿਹਾਗੜਾ, ਮਃ ੫)

That day is judged to be fruitful, when I merged with my Almighty.

ਸਭਿ ਸੁਖ ਪਰਗਟਿਆ ; ਦੁਖ ਦੂਰਿ ਪਰਾਇਆ ਰਾਮ ॥ (੫੪੭-੨, ਬਿਹਾਗੜਾ, ਮਃ ੫)

Total happiness was revealed, and pain was taken far away.

ਸੁਖ ਸਹਜ ਅਨਦ ਬਿਨੋਦ ਸਦ ਹੀ ; ਗੁਨ ਗੁਪਾਲ ਨਿਤ ਗਾਈਐ ॥ (੫੪੭-੨, ਬਿਹਾਗੜਾ, ਮਃ ੫)

Peace, tranquility, joy and eternal happiness come from constantly singing the Glorious Praises of the Sustainer of the World.

ਭਜੁ ਸਾਧਸੰਗੇ ਮਿਲੇ ਰੰਗੇ ; ਬਹੁੜਿ ਜੋਨਿ ਨ ਧਾਈਐ ॥ (੫੪੭-੩, ਬਿਹਾਗੜਾ, ਮਃ ੫)

Joining the Saadh Sangat, the Company of the Holy, I lovingly remember Almighty; I shall not wander again in reincarnation.

ਗਹਿ ਕੰਠਿ ਲਾਏ ਸਹਜਿ ਸੁਭਾਏ ; ਆਦਿ ਅੰਕੁਰੁ ਆਇਆ ॥ (੫੪੭-੩, ਬਿਹਾਗੜਾ, ਮਃ ੫)

He has naturally hugged me close in His Loving Embrace, and the seed of my primal destiny has sprouted.

ਬਿਨਵੰਤ ਨਾਨਕ , ਆਪਿ ਮਿਲਿਆ ;
ਬਹੁੜਿ ਕਤਹੂ ਨ ਜਾਇਆ ॥੫॥੪॥੭॥ (੫੪੭-੪, ਬਿਹਾਗੜਾ, ਮਃ ੫)

Prays Guru Nanak, He Himself has met me, and He shall never again leave me. ||5||4||7||

ਬਿਹਾਗੜਾ , ਮਹਲਾ ੫ ; ਛੰਤ ॥ (੫੪੭-੫)

Bihaagraa, Fifth Mahl, Chhant:

ਸੁਨਹੁ ਬੇਨੰਤੀਆ ; ਸੁਆਮੀ ਮੇਰੇ ਰਾਮ ॥ (੫੪੭-੫, ਬਿਹਾਗੜਾ, ਮਃ ੫)

Listen to my prayer, O my Dear Master.

ਕੋਟਿ ਅਪ੍ਰਾਧ ਭਰੇ ; ਭੀ ਤੇਰੇ ਚੇਰੇ ਰਾਮ ॥ (੫੪੭-੫, ਬਿਹਾਗੜਾ, ਮਃ ੫)

I am filled with millions of sins, but still, I am Your slave.

ਦੁਖ ਹਰਨ ਕਿਰਪਾ ਕਰਨ ਮੋਹਨ ; ਕਲਿ ਕਲੇਸਹ ਭੰਜਨਾ ॥ (੫੪੭-੬, ਬਿਹਾਗੜਾ, ਮਃ ੫)

Dear Destroyer of pain, Bestower of Mercy, Fascinating Almighty, Destroyer of sorrow and strife,

ਸਰਣਿ ਤੇਰੀ ਰਖਿ ਲੇਹੁ ਮੇਰੀ ;
ਸਰਬਮੈ ਨਿਰੰਜਨਾ ॥ **('ਸਰਬਮੈਂ' ਨਹੀਂ ਬੋਲਣਾ)** (੫੪੭-੬, ਬਿਹਾਗੜਾ, ਮਃ ੫)
I have come to Your Sanctuary; please preserve my honor. You are all-pervading, O Pure (beyond Maya) Almighty.

ਸੁਨਤ ਪੇਖਤ ਸੰਗਿ ਸਭ ਕੈ ; ਪ੍ਰਭ ਨੇਰਹੂ ਤੇ ਨੇਰੇ ॥ (੫੪੭-੭, ਬਿਹਾਗੜਾ, ਮਃ ੫)
He hears and beholds all; Almighty is with us, the nearest of the near.

ਅਰਦਾਸਿ ਨਾਨਕ , ਸੁਨਿ ਸੁਆਮੀ ; ਰਖਿ ਲੇਹੁ ਘਰ ਕੇ ਚੇਰੇ ॥੧॥ (੫੪੭-੭, ਬਿਹਾਗੜਾ, ਮਃ ੫)
Dear Master, hear Guru Nanak's prayer; please save the servants of Your household. ||1||

ਤੂ ਸਮਰਥੁ ਸਦਾ ; ਹਮ ਦੀਨ ਭੇਖਾਰੀ ਰਾਮ ॥ (੫੪੭-੮, ਬਿਹਾਗੜਾ, ਮਃ ੫)
You are eternal and all-powerful; I am a mere beggar, Almighty.

ਮਾਇਆ ਮੋਹਿ ਮਗਨੁ ; ਕਢਿ ਲੇਹੁ ਮੁਰਾਰੀ ਰਾਮ ॥ (੫੪੭-੮, ਬਿਹਾਗੜਾ, ਮਃ ੫)
I am intoxicated with the love of Maya, please save me, Almighty!

ਲੋਭਿ ਮੋਹਿ ਬਿਕਾਰਿ ਬਾਧਿਓ ; ਅਨਿਕ ਦੋਖ ਕਮਾਵਨੇ ॥ (੫੪੭-੮, ਬਿਹਾਗੜਾ, ਮਃ ੫)
Bound down by greed, worldly attachments and evil desire, I have made so many mistakes.

ਅਲਿਪਤ ਬੰਧਨ ਰਹਤ ਕਰਤਾ ; **(ਅ-ਲਿਪਤ ਬੋਲੋ)**
ਕੀਆ ਅਪਨਾ ਪਾਵਨੇ ॥ (੫੪੭-੯, ਬਿਹਾਗੜਾ, ਮਃ ੫)
The creator is both attached and detached from entanglements; one obtains the fruits of his own actions.

ਕਰਿ ਅਨੁਗ੍ਰਹੁ ਪਤਿਤ ਪਾਵਨ ; ਬਹੁ ਜੋਨਿ ਭ੍ਰਮਤੇ , ਹਾਰੀ ॥ (੫੪੭-੯, ਬਿਹਾਗੜਾ, ਮਃ ੫)
Show kindness to me, Dear Purifier of sinners; I am so tired of wandering through reincarnation.

ਬਿਨਵੰਤਿ ਨਾਨਕ , ਦਾਸੁ ਹਰਿ ਕਾ ; ਪ੍ਰਭ ਜੀਅ ਪ੍ਰਾਨ ਅਧਾਰੀ ॥੨॥ (੫੪੭-੧੦, ਬਿਹਾਗੜਾ, ਮਃ ੫)
Prays Guru Nanak, I am the slave of Almighty; Almighty is the Support of my soul, and my life-forces (Pran). ||2||

ਤੂ ਸਮਰਥੁ ਵਡਾ ; ਮੇਰੀ ਮਤਿ ਥੋਰੀ ਰਾਮ ॥ (੫੪੭-੧੦, ਬਿਹਾਗੜਾ, ਮਃ ੫)
You are great and all-powerful; my understanding is so inadequate, Dear Almighty.

ਪਾਲਹਿ ਅਕਿਰਤਘਨਾ ; ਪੂਰਨ ਦ੍ਰਿਸਟਿ ਤੇਰੀ ਰਾਮ ॥ (੫੪੭-੧੧, ਬਿਹਾਗੜਾ, ਮਃ ੫)

You cherish even the ungrateful ones; Your Glance of Grace is perfect, Almighty.

ਅਗਾਧਿ ਬੋਧਿ ਅਪਾਰ ਕਰਤੇ ; ਮੋਹਿ ਨੀਚੁ ਕਛੂ ਨ ਜਾਨਾ ॥ (੫੪੭-੧੧, ਬਿਹਾਗੜਾ, ਮਃ ੫)

Your wisdom is unfathomable, Dear Infinite Creator. I am lowly, and I know nothing.

ਰਤਨੁ ਤਿਆਗਿ , ਸੰਗ੍ਰਹਨ ਕਉਡੀ ; ਪਸੂ ਨੀਚੁ ਇਆਨਾ ॥ (੫੪੭-੧੨, ਬਿਹਾਗੜਾ, ਮਃ ੫)

Forsaking the jewel, I have saved the shell; I am a lowly, ignorant beast.

ਤਿਆਗਿ ਚਲਤੀ ਮਹਾ ਚੰਚਲਿ ; ਦੋਖ ਕਰਿ ਕਰਿ ਜੋਰੀ ॥ (੫੪੭-੧੨, ਬਿਹਾਗੜਾ, ਮਃ ੫)

I have kept that which forsakes me, and is very fickle, continually committing sins, again and again.

ਨਾਨਕ ਸਰਨਿ ਸਮਰਥ ਸੁਆਮੀ ; ਪੈਜ ਰਾਖਹੁ ਮੋਰੀ ॥੩॥ (੫੪੭-੧੩, ਬਿਹਾਗੜਾ, ਮਃ ੫)

Guru Nanak seeks Your Sanctuary, Master (Almighty); please, preserve my honor. ||3||

ਜਾ ਤੇ ਵੀਛੁੜਿਆ ; ਤਿਨਿ ਆਪਿ ਮਿਲਾਇਆ ਰਾਮ ॥ (੫੪੭-੧੩, ਬਿਹਾਗੜਾ, ਮਃ ੫)

I was separated from Him, and now, He has united me with Himself.

ਸਾਧੂ ਸੰਗਮੇ ; ਹਰਿ ਗੁਣ ਗਾਇਆ ਰਾਮ ॥ (੫੪੭-੧੪, ਬਿਹਾਗੜਾ, ਮਃ ੫)

In the Saadh Sangat, the Company of the Holy, I sing the Praises of Almighty's Virtues.

ਗੁਣ ਗਾਇ ਗੋਵਿਦ ਸਦਾ ਨੀਕੇ ;
ਕਲਿਆਣਮੈ ਪਰਗਟ ਭਏ ॥ (ਕਲਿਆਣ-ਮੈ ਬੋਲੋ) (੫੪੭-੧੪, ਬਿਹਾਗੜਾ, ਮਃ ੫)

Singing the Praises of Master of the Universe, the ever-sublime blissful Almighty is revealed to me.

ਸੇਜਾ ਸੁਹਾਵੀ ਸੰਗਿ ਪ੍ਰਭ ਕੈ ; ਆਪਣੇ ਪ੍ਰਭ ਕਰਿ ਲਏ ॥ (੫੪੭-੧੫, ਬਿਹਾਗੜਾ, ਮਃ ੫)

My bed is adorned with Almighty; my Almighty has made me His own.

ਛੋਡਿ ਚਿੰਤ ਅਚਿੰਤ ਹੋਏ ; ਬਹੁੜਿ ਦੂਖੁ ਨ ਪਾਇਆ ॥ (੫੪੭-੧੫, ਬਿਹਾਗੜਾ, ਮਃ ੫)

Abandoning anxiety, I have become carefree, and I shall not suffer in pain any longer.

ਨਾਨਕ , ਦਰਸਨੁ ਪੇਖਿ ਜੀਵੇ ;
ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥ (੫੪੭-੧੬, ਬਿਹਾਗੜਾ, ਮਃ ੫)

Guru Nanak lives by beholding His Sight (Darshan), singing the Praises of Almighty's Virtues, the ocean of excellence. ||4||5||8||

ਬਿਹਾਗੜਾ , ਮਹਲਾ ੫ ਛੰਤ ॥ (੫੪੭-੧੭)
Bihaagraa, Fifth Mahl, Chhant:

ਬੋਲਿ , ਸੁ ਧਰਮੀੜਿਆ ; ਮੋਨਿ ਕਤ ਧਾਰੀ ਰਾਮ ॥ (੫੪੭-੧੭, ਬਿਹਾਗੜਾ, ਮਃ ੫)
Utter (Almighty's Name), O Faithful One, why do you remain silent?

ਤੂ ਨੇਤ੍ਰੀ ਦੇਖਿ ਚਲਿਆ ; ਮਾਇਆ ਬਿਉਹਾਰੀ ਰਾਮ ॥ (੫੪੭-੧੭, ਬਿਹਾਗੜਾ, ਮਃ ੫)
with your eyes, you have seen the treacherous ways of Maya.

ਸੰਗਿ ਤੇਰੈ ਕਛੁ ਨ ਚਾਲੈ ; ਬਿਨਾ ਗੋਬਿੰਦ ਨਾਮਾ ॥ (੫੪੭-੧੮, ਬਿਹਾਗੜਾ, ਮਃ ੫)
Nothing shall go along with you, except Almighty's Name (Naam).

ਦੇਸ ਵੇਸ ਸੁਵਰਨ ਰੂਪਾ ; ਸਗਲ ਊਣੇ ਕਾਮਾ ॥ (੫੪੭-੧੮, ਬਿਹਾਗੜਾ, ਮਃ ੫)
Land, clothes, gold and silver - all of these things are useless.

ਪੁਤ੍ਰ ਕਲਤ੍ਰ ਨ ਸੰਗਿ ਸੋਭਾ ; ਹਸਤ ਘੋਰਿ ਵਿਕਾਰੀ ॥ (੫੪੭-੧੯, ਬਿਹਾਗੜਾ, ਮਃ ੫)
Children, spouse, worldly honors, elephants, horses and other corrupting influences shall not go with you.

ਬਿਨਵੰਤ ਨਾਨਕ ਬਿਨੁ ਸਾਧਸੰਗਮ ; ਸਭ ਮਿਥਿਆ ਸੰਸਾਰੀ ॥੧॥ (੫੪੭-੧੯, ਬਿਹਾਗੜਾ, ਮਃ ੫)
Prays Guru Nanak, without the Saadh Sangat, the Company of the Holy, the whole world is false. ||1||

ਰਾਜਨ ਕਿਉ ਸੋਇਆ ਤੂ ਨੀਦ ਭਰੇ ; ਜਾਗਤ ਕਤ ਨਾਹੀ ਰਾਮ ॥ (੫੪੮-੧, ਬਿਹਾਗੜਾ, ਮਃ ੫)
O king, why are you sleeping? Why don't you wake up to reality?

ਮਾਇਆ ਝੂਠੁ ਰੁਦਨੁ ; ਕੇਤੇ ਬਿਲਲਾਹੀ ਰਾਮ ॥ (੫੪੮-੧, ਬਿਹਾਗੜਾ, ਮਃ ੫)
It is useless to cry and whine about Maya, but so many cry out and bewail.

ਬਿਲਲਾਹਿ ਕੇਤੇ ਮਹਾ ਮੋਹਨ ; ਬਿਨੁ ਨਾਮ ਹਰਿ ਕੇ ਸੁਖੁ ਨਹੀ ॥ (੫੪੮-੨, ਬਿਹਾਗੜਾ, ਮਃ ੫)
So many cry out for Maya, the great enticer, but without Almighty's Name (Naam), there is no peace.

ਸਹਸ ਸਿਆਣਪ ਉਪਾਵ ਥਾਕੇ ; ਜਹ ਭਾਵਤ ਤਹ ਜਾਹੀ ॥ (੫੪੮-੨, ਬਿਹਾਗੜਾ, ਮਃ ੫)
Thousands of clever tricks and efforts will not succeed. One goes wherever Almighty wills him to go.

ਆਦਿ ਅੰਤੇ ਮਧਿ ਪੂਰਨ ; ਸਰਬਤ੍ਰ ਘਟਿ ਘਟਿ ਆਹੀ ॥ (੫੪੮-੩, ਬਿਹਾਗੜਾ, ਮਃ ੫)

In the beginning, in the middle, and in the end, He is all-pervading everywhere; He is in each and every heart.

ਬਿਨਵੰਤ ਨਾਨਕ , ਜਿਨ ਸਾਧਸੰਗਮੁ ;
ਸੇ ਪਤਿ ਸੇਤੀ ਘਰਿ ਜਾਹੀ ॥੨॥ (੫੪੮-੩, ਬਿਹਾਗੜਾ, ਮਃ ੫)

Prays Guru Nanak, those who join the Saadh Sangat go to the house of Almighty with honor. ||2||

ਨਰਪਤਿ , ਜਾਣਿ ਗ੍ਰਹਿਓ ; ਸੇਵਕ ਸਿਆਣੇ ਰਾਮ ॥ (੫੪੮-੪, ਬਿਹਾਗੜਾ, ਮਃ ੫)

O king of mortals, know that your palaces and wise servants shall be of no use in the end.

ਸਰਪਰ ਵੀਛੁੜਣਾ ; ਮੋਹੇ ਪਛੁਤਾਣੇ ਰਾਮ ॥ (੫੪੮-੪, ਬਿਹਾਗੜਾ, ਮਃ ੫)

You shall certainly have to separate yourself from them, and their attachment shall make you feel regret.

ਹਰਿਚੰਦਉਰੀ ਦੇਖਿ ਭੂਲਾ ; ਕਹਾ ਅਸਥਿਤਿ ਪਾਈਐ ॥ (੫੪੮-੫, ਬਿਹਾਗੜਾ, ਮਃ ੫)

Beholding the phantom city, you have gone astray; how can you now find stability?

ਬਿਨੁ ਨਾਮ ਹਰਿ ਕੇ ਆਨ ਰਚਨਾ ; ਅਹਿਲਾ ਜਨਮੁ ਗਵਾਈਐ ॥ (੫੪੮-੫, ਬਿਹਾਗੜਾ, ਮਃ ੫)

Absorbed in things other than Almighty's Name (Naam), this human life is wasted in vain.

ਹਉ ਹਉ ਕਰਤ ਨ ਤ੍ਰਿਸਨ ਬੂਝੈ ; ਨਹ ਕਾਂਮ ਪੂਰਨ ਗਿਆਨੇ ॥ (੫੪੮-੬, ਬਿਹਾਗੜਾ, ਮਃ ੫)

Indulging in egotistical actions, your thirst is not quenched. Your desires are not fulfilled, and you do not attain spiritual wisdom.

ਬਿਨਵੰਤਿ ਨਾਨਕ , ਬਿਨੁ ਨਾਮ ਹਰਿ ਕੇ ; ਕੇਤਿਆ ਪਛੁਤਾਨੇ ॥੩॥ (੫੪੮-੭, ਬਿਹਾਗੜਾ, ਮਃ ੫)

Prays Guru Nanak, without Almighty's Name (Naam), so many have departed with regret. ||3||

ਧਾਰਿ ਅਨੁਗ੍ਰਹੋ ; ਅਪਨਾ ਕਰਿ ਲੀਨਾ ਰਾਮ ॥ (੫੪੮-੭, ਬਿਹਾਗੜਾ, ਮਃ ੫)

Showering His blessings, Almighty has made me His own.

ਭੁਜਾ ਗਹਿ ਕਾਢਿ ਲੀਓ ; ਸਾਧੂ ਸੰਗੁ ਦੀਨਾ ਰਾਮ ॥ (੫੪੮-੮, ਬਿਹਾਗੜਾ, ਮਃ ੫)

Grasping me by the arm, He has pulled me out of the mud, and He has blessed me with the Saadh Sangat, the Company of the Holy.

ਸਾਧਸੰਗਮਿ ਹਰਿ ਅਰਾਧੇ ; ਸਗਲ ਕਲਮਲ ਦੁਖ ਜਲੇ ॥ (੫੪੮-੮, ਬਿਹਾਗੜਾ, ਮਃ ੫)

Worshipping Almighty in the Saadh Sangat, all my sins and sufferings are burnt away.

ਮਹਾ ਧਰਮ , ਸੁ ਦਾਨ ਕਿਰਿਆ ; ਸੰਗਿ ਤੇਰੈ ਸੇ ਚਲੇ ॥ (੫੪੮-੯, ਬਿਹਾਗੜਾ, ਮਃ ੫)

This is the greatest religion, and the best act of charity; this alone shall go along with you.

ਰਸਨਾ ਅਰਾਧੈ ਏਕੁ ਸੁਆਮੀ ; ਹਰਿ ਨਾਮਿ ਮਨੁ ਤਨੁ ਭੀਨਾ ॥ (੫੪੮-੯, ਬਿਹਾਗੜਾ, ਮਃ ੫)

My tongue chants in adoration the Name of the One Master; my mind and body are drenched in Almighty's Name.

ਨਾਨਕ , ਜਿਸ ਨੋ ਹਰਿ ਮਿਲਾਏ ;
ਸੋ ਸਰਬ ਗੁਣ ਪਰਬੀਨਾ ॥੪॥੬॥੯॥ (੫੪੮-੧੦, ਬਿਹਾਗੜਾ, ਮਃ ੫)

Guru Nanak says, whoever Almighty unites with Himself, is filled with all virtues. ||4||6||9||

ਬਿਹਾਗੜੇ ਕੀ ਵਾਰ ; ਮਹਲਾ ੪ (੫੪੮-੧੧)

Vaar of Bihaagraa, Fourth Mahl:

ੴ ; ਸਤਿਗੁਰ ਪ੍ਰਸਾਦਿ ॥ (੫੪੮-੧੧)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਲੋਕ , ਮਃ ੩ ॥ (੫੪੮-੧੨)

Salok, Third Mahl:

ਗੁਰ ਸੇਵਾ ਤੇ ਸੁਖੁ ਪਾਈਐ ; ਹੋਰ ਥੈ ਸੁਖੁ ਨ ਭਾਲਿ ॥ (੫੪੮-੧੨, ਬਿਹਾਗੜਾ, ਮਃ ੩)

Serving the Guru, peace is obtained; do not search for peace anywhere else.

ਗੁਰ ਕੈ ਸਬਦਿ ਮਨੁ ਭੇਦੀਐ ; ਸਦਾ ਵਸੈ ਹਰਿ ਨਾਲਿ ॥ (੫੪੮-੧੨, ਬਿਹਾਗੜਾ, ਮਃ ੩)

The soul is pierced by Guru's Shabad. Almighty dwells ever with the soul.

ਨਾਨਕ , ਨਾਮੁ ਤਿਨਾ ਕਉ ਮਿਲੈ ;
ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥ (੫੪੮-੧੩, ਬਿਹਾਗੜਾ, ਮਃ ੩)

Guru Nanak says, they alone obtain Almighty's Name (Naam), who are blessed by Almighty with His Glance of Grace. ||1||

ਮਃ ੩ ॥ (੫੪੮-੧੩)

Third Mahl:

ਸਿਫਤਿ ਖਜਾਨਾ ਬਖਸ ਹੈ ; ਜਿਸੁ ਬਖਸੈ ਸੋ ਖਰਚੈ ਖਾਇ ॥ (੫੪੮-੧੩, ਬਿਹਾਗੜਾ, ਮਃ ੩)

The treasure of Almighty's Praise is such a blessed gift; he alone obtains it to spend, unto whom Almighty bestows it.

ਸਤਿਗੁਰ ਬਿਨੁ ਹਥਿ ਨ ਆਵਈ ; ਸਭ ਥਕੇ ਕਰਮ ਕਮਾਇ ॥ (੫੪੮-੧੪, ਬਿਹਾਗੜਾ, ਮਃ ੩)

Without the True Guru, it does not come to hand; all have grown weary of performing religious rituals.

ਨਾਨਕ , ਮਨਮੁਖ ਜਗਤੁ ਧਨਹੀਣੁ ਹੈ ; ਅਗੈ ਭੁਖਾ ਕਿ ਖਾਇ ॥੨॥ (੫੪੮-੧੫, ਬਿਹਾਗੜਾ, ਮਃ ੩)

Guru Nanak says, the self-willed manmukhs of the world lack this wealth; when they are hungry in the next world, what will they have to eat there? ||2||

ਪਉੜੀ ॥ (੫੪੮-੧੫)

Pauree:

ਸਭ ਤੇਰੀ ਤੂ ਸਭਸ ਦਾ ; ਸਭ ਤੁਧੁ ਉਪਾਇਆ ॥ (੫੪੮-੧੫, ਬਿਹਾਗੜਾ, ਮਃ ੩)

All are Yours, and You belong to all. You created all.

ਸਭਨਾ ਵਿਚਿ ਤੂ ਵਰਤਦਾ ; ਤੂ ਸਭਨੀ ਧਿਆਇਆ ॥ (੫੪੮-੧੬, ਬਿਹਾਗੜਾ, ਮਃ ੩)

You are pervading within all - all concentrate on You.

ਤਿਸ ਦੀ ਤੂ ਭਗਤਿ ਥਾਇ ਪਾਇਹਿ ; ਜੋ ਤੁਧੁ ਮਨਿ ਭਾਇਆ ॥ (੫੪੮-੧੬, ਬਿਹਾਗੜਾ, ਮਃ ੩)

You accept the meditation of those who are pleasing to Your Mind.

ਜੋ ਹਰਿ ਪ੍ਰਭ ਭਾਵੈ ਸੋ ਥੀਐ ; ਸਭਿ ਕਰਨਿ ਤੇਰਾ ਕਰਾਇਆ ॥ (੫੪੮-੧੭, ਬਿਹਾਗੜਾ, ਮਃ ੩)

Whatever pleases Almighty happens; all act as You cause them to act.

ਸਲਾਹਿਹੁ ਹਰਿ ਸਭਨਾ ਤੇ ਵਡਾ ;
ਜੋ ਸੰਤ ਜਨਾਂ ਕੀ , ਪੈਜ ਰਖਦਾ ਆਇਆ ॥੧॥ (੫੪੮-੧੭, ਬਿਹਾਗੜਾ, ਮਃ ੩)
Praise Almighty, the greatest of all; He preserves the honor of the Saints. ||1||

ਸਲੋਕ , ਮਃ ੩ ॥ (੫੪੮-੧੮)
Salok, Third Mahl:

ਨਾਨਕ ਗਿਆਨੀ ਜਗੁ ਜੀਤਾ ; ਜਗਿ ਜੀਤਾ ਸਭੁ ਕੋਇ ॥ (੫੪੮-੧੮, ਬਿਹਾਗੜਾ, ਮਃ ੩)
Guru Nanak says, the spiritually wise one has conquered all others.

ਨਾਮੇ ਕਾਰਜ ਸਿਧਿ ਹੈ ; ਸਹਜੇ ਹੋਇ ਸੁ ਹੋਇ ॥ (੫੪੮-੧੯, ਬਿਹਾਗੜਾ, ਮਃ ੩)
Through the Name, his affairs are brought to perfection; whatever happens is by His Will.

ਗੁਰਮਤਿ , ਮਤਿ ਅਚਲੁ ਹੈ ; ਚਲਾਇ ਨ ਸਕੈ ਕੋਇ ॥ (ਅਚੱਲੁ ਬੋਲੋ) (੫੪੮-੧੯, ਬਿਹਾਗੜਾ, ਮਃ ੩)
Through Guru's Teaching, his mind is held steady; no one can make him waver.

ਭਗਤਾ ਕਾ ਹਰਿ ਅੰਗੀਕਾਰੁ ਕਰੇ ; ਕਾਰਜੁ ਸੁਹਾਵਾ ਹੋਇ ॥ (੫੪੮-੧੯, ਬਿਹਾਗੜਾ, ਮਃ ੩)
Almighty makes His devotee His own, and his affairs are adjusted.

ਮਨਮੁਖ ਮੂਲਹੁ ਭੁਲਾਇਅਨੁ ; ਵਿਚਿ ਲਬੁ ਲੋਭੁ ਅਹੰਕਾਰੁ ॥ (੫੪੯-੧, ਬਿਹਾਗੜਾ, ਮਃ ੩)
The self-willed manmukhs have been led astray from the very beginning; within them lurks greed, avarice and ego.

ਝਗੜਾ ਕਰਦਿਆ ਅਨਦਿਨੁ ਗੁਦਰੈ ; ਸਬਦਿ ਨ ਕਰੈ ਵੀਚਾਰੁ ॥ (੫੪੯-੨, ਬਿਹਾਗੜਾ, ਮਃ ੩)
Their nights and days pass in argument, and they do not contemplate Guru's Shabad (Gurbani).

ਸੁਧਿ ਮਤਿ ਕਰਤੈ ਹਿਰਿ ਲਈ ; ਬੋਲਨਿ ਸਭੁ ਵਿਕਾਰੁ ॥ (੫੪੯-੨, ਬਿਹਾਗੜਾ, ਮਃ ੩)
The Creator has taken away their subtle intellect, and all their speech is corrupt.

ਦਿਤੈ ਕਿਤੈ ਨ ਸੰਤੋਖੀਅਨਿ ;
ਅੰਤਰਿ ਤ੍ਰਿਸਨਾ ਬਹੁਤੁ ਅਗ੍ਯ੍ਯਾਨੁ ਅੰਧਾਰੁ ॥ (ਅਗਿਆਨੁ ਬੋਲੋ) (੫੪੯-੩, ਬਿਹਾਗੜਾ, ਮਃ ੩)
No matter what they are given, they are not satisfied; within them is desire, and the great darkness of ignorance.

ਨਾਨਕ , ਮਨਮੁਖਾ ਨਾਲਹੁ ਤੁਟੀਆ ਭਲੀ ;
ਜਿਨਾ ਮਾਇਆ ਮੋਹਿ ਪਿਆਰੁ ॥੧॥ (੫੪੯-੩, ਬਿਹਾਗੜਾ, ਮ: ੩)

Guru Nanak says, it is right to break with the self-willed manmukhs; to them, the love of Maya is sweet. ||1||

ਮ: ੩ ॥ (੫੪੯-੪)

Third Mahl:

ਤਿਨ੍ ਭਉ ਸੰਸਾ ਕਿਆ ਕਰੇ ; ਜਿਨ ਸਤਿਗੁਰੁ ਸਿਰਿ ਕਰਤਾਰੁ ॥ (੫੪੯-੪, ਬਿਹਾਗੜਾ, ਮ: ੩)

What can fear and doubt do to those, who have given their heads to the Creator, and to the True Guru?

ਧੁਰਿ ਤਿਨ ਕੀ ਪੈਜ ਰਖਦਾ ; ਆਪੇ ਰਖਣਹਾਰੁ ॥ (੫੪੯-੫, ਬਿਹਾਗੜਾ, ਮ: ੩)

He who has preserved honor from the beginning of time, He shall preserve their honor as well.

ਮਿਲਿ ਪ੍ਰੀਤਮ ਸੁਖੁ ਪਾਇਆ ; ਸਚੈ ਸਬਦਿ ਵੀਚਾਰਿ ॥ (੫੪੯-੫, ਬਿਹਾਗੜਾ, ਮ: ੩)

Meeting their Beloved, they find peace; they contemplate the Shabad.

ਨਾਨਕ , ਸੁਖਦਾਤਾ ਸੇਵਿਆ ; ਆਪੇ ਪਰਖਣਹਾਰੁ ॥੨॥ (੫੪੯-੬, ਬਿਹਾਗੜਾ, ਮ: ੩)

Guru Nanak says, I serve the Giver of Peace; He Himself is the Assessor. ||2||

ਪਉੜੀ ॥ (੫੪੯-੬)

Pauree:

ਜੀਅ ਜੰਤ ਸਭਿ ਤੇਰਿਆ ; ਤੂ ਸਭਨਾ ਰਾਸਿ ॥ (੫੪੯-੬, ਬਿਹਾਗੜਾ, ਮ: ੩)

All beings are Yours; You are the wealth of all.

ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ;
ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥ (੫੪੯-੭, ਬਿਹਾਗੜਾ, ਮ: ੩)

One unto whom You give, obtains everything; there is no one else to rival You.

ਤੂ ਇਕੋ ਦਾਤਾ ਸਭਸ ਦਾ ; ਹਰਿ ਪਹਿ ਅਰਦਾਸਿ ॥ (੫੪੯-੭, ਬਿਹਾਗੜਾ, ਮ: ੩)

You alone are the Great Giver of all; I offer my prayer unto You, Almighty.

ਜਿਸ ਦੀ ਤੁਧੁ ਭਾਵੈ , ਤਿਸ ਦੀ ਤੂ ਮੰਨਿ ਲੈਹਿ ; ਸੋ ਜਨੁ ਸਾਬਾਸਿ ॥ (੫੪੯-੮, ਬਿਹਾਗੜਾ, ਮਃ ੩)
One with whom You are pleased, is accepted by You; how blessed is such a person!

ਸਭੁ ਤੇਰਾ ਚੋਜੁ ਵਰਤਦਾ ; ਦੁਖੁ ਸੁਖੁ ਤੁਧੁ ਪਾਸਿ ॥੨॥ (੫੪੯-੮, ਬਿਹਾਗੜਾ, ਮਃ ੩)
Your wondrous play is pervading everywhere. I place my pain and pleasure before You. ||2||

ਸਲੋਕ , ਮਃ ੩ ॥ (੫੪੯-੯)
Salok, Third Mahl:

ਗੁਰਮੁਖਿ ਸਚੈ ਭਾਵਦੇ ; ਦਰਿ ਸਚੈ ਸਚਿਆਰ ॥ (੫੪੯-੯, ਬਿਹਾਗੜਾ, ਮਃ ੩)
The Gurmukhs are pleasing to the True Almighty; they are judged to be true in the True Court.

ਸਾਜਨ ਮਨਿ ਆਨੰਦੁ ਹੈ ; ਗੁਰ ਕਾ ਸਬਦੁ ਵੀਚਾਰ ॥ (੫੪੯-੯, ਬਿਹਾਗੜਾ, ਮਃ ੩)
The minds of such friends are filled with bliss, as they contemplate on Guru's Shabad.

ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ; ਚਾਨਣੁ ਕੀਆ ਕਰਤਾਰਿ ॥ (੫੪੯-੧੦, ਬਿਹਾਗੜਾ, ਮਃ ੩)
They enshrine the Shabad within their hearts; their pain is dispelled, and the Creator blesses them with the Divine Light of ultimate knowledge.

ਨਾਨਕ , ਰਖਣਹਾਰਾ ਰਖਸੀ ; ਆਪਣੀ ਕਿਰਪਾ ਧਾਰਿ ॥੧॥ (੫੪੯-੧੦, ਬਿਹਾਗੜਾ, ਮਃ ੩)
Guru Nanak says, the Savior Almighty shall save them, and shower them with His Mercy. ||1||

ਮਃ ੩ ॥ (੫੪੯-੧੧)
Third Mahl:

ਗੁਰ ਕੀ ਸੇਵਾ ਚਾਕਰੀ ; ਭੈ ਰਚਿ ਕਾਰ ਕਮਾਇ ॥ (੫੪੯-੧੧, ਬਿਹਾਗੜਾ, ਮਃ ੩)
Serve the Guru, and wait upon Him; as you work, maintain the Fear of Almighty.

ਜੇਹਾ ਸੇਵੈ ਤੇਹੋ ਹੋਵੈ ; ਜੇ ਚਲੈ ਤਿਸੈ ਰਜਾਇ ॥ (੫੪੯-੧੧, ਬਿਹਾਗੜਾ, ਮਃ ੩)
As you serve Him, you will become like Him, as you walk according to His Will.

ਨਾਨਕ , ਸਭੁ ਕਿਛੁ ਆਪਿ ਹੈ ; ਅਵਰੁ ਨ ਦੂਜੀ ਜਾਇ ॥੨॥ (੫੪੯-੧੨, ਬਿਹਾਗੜਾ, ਮਃ ੩)
Guru Nanak says, He Himself is everything; there is no other place to go. ||2||

ਪਉੜੀ ॥ (੫੪੯-੧੨)

Pauree:

ਤੇਰੀ ਵਡਿਆਈ ਤੂਹੈ ਜਾਣਦਾ ; ਤੁਧੁ ਜੇਵਡੁ ਅਵਰੁ ਨ ਕੋਈ ॥ (੫੪੯-੧੨, ਬਿਹਾਗੜਾ, ਮਃ ੩)

You alone know Your greatness and there is no one else is as great as You.

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ; ਤੁਧੁ ਜੇਵਡੁ ਤੂਹੈ ਹੋਈ ॥(੫੪੯-੧੩, ਬਿਹਾਗੜਾ, ਮਃ ੩)

If there were some other rival as great as You, then I would speak of him. You alone are as great as You are.

ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ ;
ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥ (੫੪੯-੧੪, ਬਿਹਾਗੜਾ, ਮਃ ੩)

One who serves You obtains peace; who else can imitate the greatness of such a blessed person?

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ ;
ਤੁਧੁ ਅਗੈ ਮੰਗਣ ਨੋ , ਹਥ ਜੋੜਿ ਖਲੀ ਸਭ ਹੋਈ ॥ (੫੪੯-੧੪, ਬਿਹਾਗੜਾ, ਮਃ ੩)

You are all-powerful to destroy and create, Dear Great Giver; with palms pressed together, all stand begging before You.

ਤੁਧੁ ਜੇਵਡੁ ਦਾਤਾਰੁ , ਮੈ ਕੋਈ ਨਦਰਿ ਨ ਆਵਈ ; ਤੁਧੁ ਸਭਸੈ ਨੋ ਦਾਨੁ ਦਿਤਾ ;
ਖੰਡੀ ਵਰਭੰਡੀ ਪਾਤਾਲੀ ਪੁਰਈ , ਸਭ ਲੋਈ ॥੩॥ (੫੪੯-੧੫, ਬਿਹਾਗੜਾ, ਮਃ ੩)

I see none as great as You, Dear Great Giver; You give in charity to the beings of all the continents, worlds, solar systems, nether regions and universes. ||3||

ਸਲੋਕ , ਮਃ ੩ ॥ (੫੪੯-੧੬)

Salok, Third Mahl:

ਮਨਿ ਪਰਤੀਤਿ ਨ ਆਈਆ ; ਸਹਜਿ ਨ ਲਗੋ ਭਾਉ ॥ (੫੪੯-੧੬, ਬਿਹਾਗੜਾ, ਮਃ ੩)

O mind, you have no faith, and you have not embraced love for Almighty;

ਸਬਦੈ ਸਾਦੁ ਨ ਪਾਇਓ ; ਮਨਹਠਿ ਕਿਆ ਗੁਣ ਗਾਇ ॥ (੫੪੯-੧੭, ਬਿਹਾਗੜਾ, ਮਃ ੩)

you do not enjoy the sublime taste of Guru's Shabad (Gurbani) therefore what Praises of Almighty will you stubborn-mindedly sing?

ਨਾਨਕ , ਆਇਆ ਸੋ ਪਰਵਾਣੁ ਹੈ ;
ਜਿ ਗੁਰਮੁਖਿ ਸਚਿ ਸਮਾਇ ॥੧॥ (੫੪੯-੧੭, ਬਿਹਾਗੜਾ, ਮਃ ੩)

Guru Nanak says, his coming alone is approved, who, as Gurmukh, merges into the True Almighty. ||1||

ਮਃ ੩ ॥ (੫੪੯-੧੮)

Third Mahl:

ਆਪਣਾ ਆਪੁ ਨ ਪਛਾਣੈ ਮੂੜਾ ; ਅਵਰਾ ਆਖਿ ਦੁਖਾਏ ॥ (੫੪੯-੧੮, ਬਿਹਾਗੜਾ, ਮਃ ੩)

The fool does not understand his own self; he annoys others with his speech.

ਮੁੰਢੈ ਦੀ ਖਸਲਤਿ , ਨ ਗਈਆ ਅੰਧੇ ; ਵਿਛੁੜਿ ਚੋਟਾ ਖਾਏ ॥ (੫੪੯-੧੯, ਬਿਹਾਗੜਾ, ਮਃ ੩)

His underlying nature does not leave him; separated from Almighty, he suffers cruel blows.

ਸਤਿਗੁਰ ਕੈ ਭੈ ਭੰਨਿ ਨ ਘੜਿਓ ; ਰਹੈ ਅੰਕਿ ਸਮਾਏ ॥ (੫੪੯-੧੯, ਬਿਹਾਗੜਾ, ਮਃ ੩)

Through the fear of the True Guru, he has not changed and reformed himself, so that he might merge in the lap of Almighty.

ਅਨਦਿਨੁ ਸਹਸਾ ਕਦੇ ਨ ਚੂਕੈ ; ਬਿਨੁ ਸਬਦੈ ਦੁਖੁ ਪਾਏ ॥ (੫੫੦-੧, ਬਿਹਾਗੜਾ, ਮਃ ੩)

Night and day, his doubts never stop; without Guru's Shabad (Gurbani), he suffers in pain.

ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ; ਨਿਤ ਧੰਧਾ ਕਰਤ ਵਿਹਾਏ ॥ (੫੫੦-੧, ਬਿਹਾਗੜਾ, ਮਃ ੩)

Sexual desire, anger and greed are so powerful within him; he passes his life constantly entangled in worldly affairs.

ਚਰਣ ਕਰ ਦੇਖਤ ਸੁਣਿ ਥਕੇ ; ਦਿਹ ਮੁਕੇ ਨੇੜੈ ਆਏ ॥ (੫੫੦-੨, ਬਿਹਾਗੜਾ, ਮਃ ੩)

His feet, hands, eyes and ears are exhausted; his days are numbered, and his death is immanent.

ਸਚਾ ਨਾਮੁ ਨ ਲਗੋ ਮੀਠਾ ; ਜਿਤੁ ਨਾਮਿ ਨਵ ਨਿਧਿ ਪਾਏ ॥ (੫੫੦-੨, ਬਿਹਾਗੜਾ, ਮਃ ੩)

The True Name does not seem sweet to him - the Name by which the nine treasures are obtained.

ਜੀਵਤੁ ਮਰੈ ਮਰੈ ਫੁਨਿ ਜੀਵੈ ; ਤਾਂ ਮੋਖੰਤਰੁ ਪਾਏ ॥ (੫੫੦-੩, ਬਿਹਾਗੜਾ, ਮਃ ੩)

But if he remains dead while yet alive, then by so dying, he truly lives; thus, he attains liberation.

ਧੁਰਿ ਕਰਮੁ ਨ ਪਾਇਓ ਪਰਾਣੀ ; ਵਿਣੁ ਕਰਮਾ ਕਿਆ ਪਾਏ ॥ (੫੫੦-੩, ਬਿਹਾਗੜਾ, ਮਃ ੩)

But if he is not blessed with such pre-ordained karma, then without this karma, what can he obtain?

ਗੁਰ ਕਾ ਸਬਦੁ ਸਮਾਲਿ ਤੂ ਮੂੜੇ ; ਗਤਿ ਮਤਿ ਸਬਦੇ ਪਾਏ ॥ (੫੫੦-੪, ਬਿਹਾਗੜਾ, ਮਃ ੩)

Meditate in remembrance on Guru's Shabad, you fool; through the Shabad, you shall obtain salvation and wisdom.

ਨਾਨਕ ਸਤਿਗੁਰੁ ਤਦ ਹੀ ਪਾਏ ; ਜਾਂ ਵਿਚਹੁ ਆਪੁ ਗਵਾਏ ॥੨॥ (੫੫੦-੪, ਬਿਹਾਗੜਾ, ਮਃ ੩)

Guru Nanak says, he alone finds the True Guru, who eliminates self-pride from within. ||2||

ਪਉੜੀ ॥ (੫੫੦-੫)

Pauree:

ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ;
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥ **(ਗੱਲੈ ਬੋਲੋ)** (੫੫੦-੫, ਬਿਹਾਗੜਾ, ਮਃ ੩)

One whose consciousness is filled with my Master; why should he feel anxious about anything?

ਹਰਿ ਸੁਖਦਾਤਾ ਸਭਨਾ ਗਲਾ ਕਾ ; **(ਗੱਲਾਂ ਬੋਲੋ)**
ਤਿਸ ਨੋ ਧਿਆਇਦਿਆ , ਕਿਵ ਨਿਮਖ ਘੜੀ ਮੁਹੁ ਮੋੜੀਐ ॥ (੫੫੦-੬, ਬਿਹਾਗੜਾ, ਮਃ ੩)

Almighty is the Giver of Peace, Almighty of all things; why would we turn our faces away from His meditation, even for a moment, or an instant?

ਜਿਨਿ ਹਰਿ ਧਿਆਇਆ , ਤਿਸ ਨੋ ਸਰਬ ਕਲਿਆਣ ਹੋਏ ;
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ , ਮੁਹੁ ਜੋੜੀਐ ॥ (੫੫੦-੬, ਬਿਹਾਗੜਾ, ਮਃ ੩)

One who concentrates on Almighty obtains all pleasures and comforts; let us go each and every day, to sit in the Saints' Society.

ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ;
ਸਭਿ ਜਨ ਕੇ ਬੰਧਨ ਤੋੜੀਐ ॥ (੫੫੦-੭, ਬਿਹਾਗੜਾ, ਮਃ ੩)

All the pain, hunger, and disease of Almighty's servant are eradicated; the bonds of the humble beings are torn away.

ਹਰਿ ਕਿਰਪਾ ਤੇ , ਹੋਆ ਹਰਿ ਭਗਤੁ ;
ਹਰਿ ਭਗਤ ਜਨਾ ਕੈ ਮੁਹਿ ਡਿਠੈ , ਜਗਤੁ ਤਰਿਆ ਸਭੁ ਲੋੜੀਐ ॥੪॥ (੫੫੦-੮, ਬਿਹਾਗੜਾ, ਮਃ ੩)

By Almighty's Grace, one becomes Almighty's devotee; beholding the face of Almighty's humble devotee, the whole world is saved and carried across. ||4||

ਸਲੋਕ , ਮਃ ੩ ॥ (੫੫੦-੯)

Salok, Third Mahl:

ਸਾ ਰਸਨਾ ਜਲਿ ਜਾਉ ; ਜਿਨਿ ਹਰਿ ਕਾ ਸੁਆਉ ਨ ਪਾਇਆ ॥ (੫੫੦-੯, ਬਿਹਾਗੜਾ, ਮਃ ੩)

Let that tongue, which has not tasted Almighty's Name (Naam), be burnt.

ਨਾਨਕ , ਰਸਨਾ ਸਬਦਿ ਰਸਾਇ ;
ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥ (੫੫੦-੧੦, ਬਿਹਾਗੜਾ, ਮਃ ੩)

Guru Nanak says, one whose mind is filled with Almighty's Name (Naam), his tongue savors Guru's Shabad (Gurbani). ||1||

ਮਃ ੩ ॥ (੫੫੦-੧੦)

Third Mahl:

ਸਾ ਰਸਨਾ ਜਲਿ ਜਾਉ ; ਜਿਨਿ ਹਰਿ ਕਾ ਨਾਉ ਵਿਸਾਰਿਆ ॥ (੫੫੦-੧੧, ਬਿਹਾਗੜਾ, ਮਃ ੩)

Let that tongue, which has forgotten Almighty's Name (Naam), be burnt.

ਨਾਨਕ , ਗੁਰਮੁਖਿ ਰਸਨਾ ਹਰਿ ਜਪੈ ;
ਹਰਿ ਕੈ ਨਾਇ ਪਿਆਰਿਆ ॥੨॥ (੫੫੦-੧੧, ਬਿਹਾਗੜਾ, ਮਃ ੩)

Guru Nanak says, the tongue of the Gurmukh chants Almighty's Name, and loves Almighty's Name (Naam). ||2||

ਪਉੜੀ ॥ (੫੫੦-੧੨)

Pauree:

ਹਰਿ ਆਪੇ ਠਾਕੁਰੁ ਸੇਵਕੁ ਭਗਤੁ ; ਹਰਿ ਆਪੇ ਕਰੇ ਕਰਾਏ ॥ (੫੫੦-੧੨, ਬਿਹਾਗੜਾ, ਮਃ ੩)

Almighty Himself is the Master, the servant and the devotee; Almighty Himself is the Cause of causes.

ਹਰਿ ਆਪੇ ਵੇਖੈ ਵਿਗਸੈ ਆਪੇ ; ਜਿਤੁ ਭਾਵੈ ਤਿਤੁ ਲਾਏ ॥ (੫੫੦-੧੨, ਬਿਹਾਗੜਾ, ਮਃ ੩)

Almighty Himself beholds, and He Himself rejoices. As He wills, so does He enjoin us.

ਹਰਿ ਇਕਨਾ ਮਾਰਗਿ ਪਾਏ ਆਪੇ ; ਹਰਿ ਇਕਨਾ ਉਝੜਿ ਪਾਏ ॥ (੫੫੦-੧੩, ਬਿਹਾਗੜਾ, ਮਃ ੩)

Almighty places some on the Path, and Almighty leads others into the wilderness.

ਹਰਿ ਸਚਾ ਸਾਹਿਬੁ ਸਚੁ ਤਪਾਵਸੁ ; ਕਰਿ ਵੇਖੈ ਚਲਤ ਸਬਾਏ ॥ (੫੫੦-੧੩, ਬਿਹਾਗੜਾ, ਮਃ ੩)

Almighty is the True Master; True is His justice. He arranges and beholds all His plays.

ਗੁਰਪਰਸਾਦਿ , ਕਹੈ ਜਨੁ ਨਾਨਕੁ ; ਹਰਿ ਸਚੇ ਕੇ ਗੁਣ ਗਾਏ ॥੫॥ (੫੫੦-੧੪, ਬਿਹਾਗੜਾ, ਮਃ ੩)

Guru Nanak says that with Guru's Grace, one is able to sings the Praises of the True Almighty’s Virtues. ||5||

ਸਲੋਕ , ਮਃ ੩ ॥ (੫੫੦-੧੫)

Salok, Third Mahl:

ਦਰਵੇਸੀ ਕੋ ਜਾਣਸੀ ; ਵਿਰਲਾ ਕੋ ਦਰਵੇਸੁ ॥ (੫੫੦-੧੫, ਬਿਹਾਗੜਾ, ਮਃ ੩)

How rare is the dervish, the Saintly renunciate, who understands renunciation.

ਜੇ ਘਰਿ ਘਰਿ ਹੰਢੈ ਮੰਗਦਾ ; ਧਿਗੁ ਜੀਵਣੁ ਧਿਗੁ ਵੇਸੁ ॥ (੫੫੦-੧੫, ਬਿਹਾਗੜਾ, ਮਃ ੩)

Cursed is the life, and cursed are the clothes, of one who wanders around, begging from door to door.

ਜੇ ਆਸਾ ਅੰਦੇਸਾ ਤਜਿ ਰਹੈ ; ਗੁਰਮੁਖਿ ਭਿਖਿਆ ਨਾਉ ॥ (੫੫੦-੧੬, ਬਿਹਾਗੜਾ, ਮਃ ੩)

But, if he abandons hope and anxiety, and as Gurmukh receives the Name as his charity,

ਤਿਸ ਕੇ ਚਰਨ ਪਖਾਲੀਅਹਿ ਨਾਨਕ ; ਹਉ ਬਲਿਹਾਰੈ ਜਾਉ ॥੧॥ (੫੫੦-੧੬, ਬਿਹਾਗੜਾ, ਮਃ ੩)

then Guru Nanak washes his feet, and is a sacrifice to him. ||1||

ਮਃ ੩ ॥ (੫੫੦-੧੭)

Third Mahl:

ਨਾਨਕ , ਤਰਵਰੁ ਏਕੁ , ਫਲੁ ; ਦੁਇ ਪੰਖੇਰੂ ਆਹਿ ॥ (੫੫੦-੧੭, ਬਿਹਾਗੜਾ, ਮਃ ੩)

Guru Nanak says, there is one tree of this physical body with two fruits of joy and sorrow and a flower of deeds (karma); two birds of subtle (sukshem) body and causal (karan) body are perched upon it.

ਆਵਤ ਜਾਤ ਨ ਦੀਸਹੀ ; ਨਾ ਪਰ ਪੰਖੀ ਤਾਹਿ ॥ (੫੫੦-੧੭, ਬਿਹਾਗੜਾ, ਮਃ ੩)

Within the three bodies (physical, subtle and causal) the real-self (Atma) resides as the lifeform which is not seen coming or going; which has no wings of desires.

ਬਹੁ ਰੰਗੀ ਰਸ ਭੋਗਿਆ ; ਸਬਦਿ ਰਹੈ ਨਿਰਬਾਣੁ ॥ (੫੫੦-੧੮, ਬਿਹਾਗੜਾ, ਮਃ ੩)

Although one enjoys so many pleasures (evil desires), while the real-self (Atma) remains in painless state.

ਹਰਿ ਰਸਿ ਫਲਿ ਰਾਤੇ ਨਾਨਕਾ ; ਕਰਮਿ ਸਚਾ ਨੀਸਾਣੁ ॥੨॥(ਰੱਤੇ ਬੋਲੋ)(੫੫੦-੧੮, ਬਿਹਾਗੜਾ, ਮਃ ੩)

Guru Nanak says that, only those are imbued with the subtle essence of the fruit of Almighty's Name, who bears the True Insignia of Almighty's Grace with noble past deeds. ||2||

ਪਉੜੀ ॥ (੫੫੦-੧੯)

Pauree:

ਆਪੇ ਧਰਤੀ ਆਪੇ ਹੈ ਰਾਹਕੁ ; ਆਪਿ ਜੰਮਾਇ ਪੀਸਾਵੈ ॥ (੫੫੦-੧੯, ਬਿਹਾਗੜਾ, ਮਃ ੩)

He Himself is the field, and He Himself is the farmer. He Himself grows and grinds the corn.

ਆਪਿ ਪਕਾਵੈ , ਆਪਿ ਭਾਂਡੇ ਦੇਇ ਪਰੋਸੈ ; ਆਪੇ ਹੀ ਬਹਿ ਖਾਵੈ ॥ (੫੫੦-੧੯, ਬਿਹਾਗੜਾ, ਮਃ ੩)

He Himself cooks it, He Himself puts the food in the dishes, and He Himself sits down to eat.

ਆਪੇ ਜਲੁ ਆਪੇ ਦੇ ਛਿੰਗਾ ; ਆਪੇ ਚੁਲੀ ਭਰਾਵੈ ॥ (੫੫੧-੧, ਬਿਹਾਗੜਾ, ਮਃ ੩)

He Himself is the water, He Himself gives the tooth-pick, and He Himself offers the mouthwash.

ਆਪੇ ਸੰਗਤਿ ਸਦਿ ਬਹਾਲੈ ; ਆਪੇ ਵਿਦਾ ਕਰਾਵੈ ॥ (ਸੱਦਿ ਬੋਲੋ) (੫੫੧-੧, ਬਿਹਾਗੜਾ, ਮਃ ੩)

He Himself calls and seats the congregation, and He Himself bids them goodbye.

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ; ਤਿਸ ਨੋ ਹੁਕਮੁ ਮਨਾਵੈ ॥੬॥ (੫੫੧-੨, ਬਿਹਾਗੜਾ, ਮਃ ੩)

One whom Almighty Himself blesses with His Mercy; Almighty causes him to walk according to His Will. ||6||

ਸਲੋਕ ਮਃ ੩ ॥ (੫੫੧-੨)

Salok, Third Mahl:

ਕਰਮ ਧਰਮ ਸਭਿ ਬੰਧਨਾ ; ਪਾਪ ਪੁੰਨ ਸਨਬੰਧੁ ॥ (੫੫੧-੩, ਬਿਹਾਗੜਾ, ਮਃ ੩)

Rituals and religions are all just entanglements; bad and good are bound up with them.

ਮਮਤਾ ਮੋਹੁ ਸੁ ਬੰਧਨਾ ; ਪੁਤ੍ਰ ਕਲਤ੍ਰ ਸੁ ਧੰਧੁ ॥ (੫੫੧-੩, ਬਿਹਾਗੜਾ, ਮਃ ੩)

Those things done for the sake of children and spouse, in ego and attachment, are just more bonds.

ਜਹ ਦੇਖਾ ਤਹ ਜੇਵਰੀ ; ਮਾਇਆ ਕਾ ਸਨਬੰਧੁ ॥ (੫੫੧-੩, ਬਿਹਾਗੜਾ, ਮਃ ੩)
Wherever I look, there I see the noose of attachment to Maya.

ਨਾਨਕ , ਸਚੇ ਨਾਮ ਬਿਨੁ ; ਵਰਤਣਿ ਵਰਤੈ ਅੰਧੁ ॥੧॥ (੫੫੧-੪, ਬਿਹਾਗੜਾ, ਮਃ ੩)
Guru Nanak says, without the True Name, the world is engrossed in blind entanglements. ||1||

ਮਃ ੪ ॥ (੫੫੧-੪)
Fourth Mahl:

ਅੰਧੇ ਚਾਨਣੁ ਤਾ ਥੀਐ ; ਜਾ ਸਤਿਗੁਰੁ ਮਿਲੈ ਰਜਾਇ ॥ (੫੫੧-੪, ਬਿਹਾਗੜਾ, ਮਃ ੪)
The blind receive the Divine Light, when they merge with the Will of the True Guru.

ਬੰਧਨ ਤੋੜੈ ਸਚਿ ਵਸੈ ; ਅਗਿਆਨੁ ਅਧੇਰਾ ਜਾਇ ॥ (੫੫੧-੫, ਬਿਹਾਗੜਾ, ਮਃ ੪)
They break their bonds, and dwell in Truth, and the darkness of ignorance is dispelled.

ਸਭੁ ਕਿਛੁ ਦੇਖੈ ਤਿਸੈ ਕਾ ; ਜਿਨਿ ਕੀਆ ਤਨੁ ਸਾਜਿ ॥ (੫੫੧-੫, ਬਿਹਾਗੜਾ, ਮਃ ੪)
They see that everything belongs to the One who created and fashioned the body.

ਨਾਨਕ , ਸਰਣਿ ਕਰਤਾਰ ਕੀ ; ਕਰਤਾ ਰਾਖੈ ਲਾਜ ॥੨॥ (੫੫੧-੬, ਬਿਹਾਗੜਾ, ਮਃ ੪)
Guru Nanak seeks the Sanctuary of the Creator ; the Creator preserves his honor. ||2||

ਪਉੜੀ ॥ (੫੫੧-੬)
Pauree:

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ;
ਤਦਹੁ ਪੁਛਿ ਨ ਸੇਵਕੁ ਬੀਆ ॥ (੫੫੧-੬, ਬਿਹਾਗੜਾ, ਮਃ ੪)
When the Creator, sitting all by Himself, created the Universe, he did not consult with any of His servants;

ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ; ਜਾਂ ਅਵਰੁ ਨ ਦੂਜਾ ਕੀਆ ॥ (੫੫੧-੭, ਬਿਹਾਗੜਾ, ਮਃ ੪)
so what can anyone take, and what can anyone give, when He did not create any other like Himself?

ਫਿਰਿ ਆਪੇ ਜਗਤੁ ਉਪਾਇਆ ਕਰਤੈ ; ਦਾਨੁ ਸਭਨਾ ਕਉ ਦੀਆ ॥ (੫੫੧-੮, ਬਿਹਾਗੜਾ, ਮਃ ੪)
Then, after fashioning the world, the Creator blessed all with His blessings.

ਆਪੇ ਸੇਵ ਬਣਾਈਅਨੁ ਗੁਰਮੁਖਿ ; ਆਪੇ ਅੰਮ੍ਰਿਤੁ ਪੀਆ ॥ (੫੫੧-੮, ਬਿਹਾਗੜਾ, ਮਃ ੪)

He Himself instructs us in His service, and as Gurmukh, we drink in His Ambrosial Nectar.

ਆਪਿ ਨਿਰੰਕਾਰ , ਆਕਾਰੁ ਹੈ ਆਪੇ ; ਆਪੇ ਕਰੈ ਸੁ ਥੀਆ ॥੭॥ (੫੫੧-੯, ਬਿਹਾਗੜਾ, ਮਃ ੪)

He Himself is formless, and He Himself is formed; whatever He Himself does, comes to pass. ||7||

ਸਲੋਕ , ਮਃ ੩ ॥ (੫੫੧-੯)

Salok, Third Mahl:

ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ ; ਅਨਦਿਨੁ ਸਹਜਿ ਪਿਆਰਿ ॥ (੫੫੧-੯, ਬਿਹਾਗੜਾ, ਮਃ ੩)

The Gurmukhs serve Almighty forever; night and day, they are steeped in the Love of the True Almighty.

ਸਦਾ ਅਨੰਦਿ ਗਾਵਹਿ ਗੁਣ ਸਾਚੇ ; ਅਰਧਿ ਉਰਧਿ ਉਰਿ ਧਾਰਿ ॥ (੫੫੧-੧੦, ਬਿਹਾਗੜਾ, ਮਃ ੩)

They are in bliss forever, singing the Glorious Praises of the True Almighty; in this world and in the next, they keep Him clasped to their hearts.

ਅੰਤਰਿ ਪ੍ਰੀਤਮੁ ਵਸਿਆ ; ਧੁਰਿ ਕਰਮੁ ਲਿਖਿਆ ਕਰਤਾਰਿ ॥ (੫੫੧-੧੧, ਬਿਹਾਗੜਾ, ਮਃ ੩)

Their Beloved dwells deep within; the Creator pre-ordained this destiny.

ਨਾਨਕ , ਆਪਿ ਮਿਲਾਇਅਨੁ ; ਆਪੇ ਕਿਰਪਾ ਧਾਰਿ ॥੧॥ (੫੫੧-੧੧, ਬਿਹਾਗੜਾ, ਮਃ ੩)

Guru Nanak says, He blends them into Himself; He Himself showers His Mercy upon them. ||1||

ਮਃ ੩ ॥ (੫੫੧-੧੨)

Third Mahl:

ਕਹਿਐ ਕਥਿਐ ਨ ਪਾਈਐ ; ਅਨਦਿਨੁ ਰਹੈ ਸਦਾ ਗੁਣ ਗਾਇ ॥ (੫੫੧-੧੨, ਬਿਹਾਗੜਾ, ਮਃ ੩)

By merely talking and speaking, He is not found. Night and day, sing His Glorious Praises continually.

ਵਿਣੁ ਕਰਮੈ ਕਿਨੈ ਨ ਪਾਇਓ ; ਭਉਕਿ ਮੁਏ ਬਿਲਲਾਇ ॥ (੫੫੧-੧੨, ਬਿਹਾਗੜਾ, ਮਃ ੩)

Without His Merciful Grace, no one finds Him; many have died barking and bewailing.

ਗੁਰ ਕੈ ਸਬਦਿ ਮਨੁ ਤਨੁ ਭਿਜੈ ; ਆਪਿ ਵਸੈ ਮਨਿ ਆਇ ॥ (੫੫੧-੧੩, ਬਿਹਾਗੜਾ, ਮਃ ੩)

When the mind and body are saturated with Guru's Shabad, Almighty Himself comes to dwell in his mind.

ਨਾਨਕ , ਨਦਰੀ ਪਾਈਐ ; ਆਪੇ ਲਏ ਮਿਲਾਇ ॥੨॥ (੫੫੧-੧੩, ਬਿਹਾਗੜਾ, ਮਃ ੩)

Guru Nanak says, by His Grace, He is found; He unites us in His Union. ||2||

ਪਉੜੀ ॥ (੫੫੧-੧੪)

Pauree:

ਆਪੇ ਵੇਦ ਪੁਰਾਣ ਸਭਿ ਸਾਸਤ ; ਆਪਿ ਕਥੈ ਆਪਿ ਭੀਜੈ ॥ (੫੫੧-੧੪, ਬਿਹਾਗੜਾ, ਮਃ ੩)

He Himself is the Vedas, the Puraanas and all the Shaastras; He Himself chants them, and He Himself is pleased.

ਆਪੇ ਹੀ ਬਹਿ ਪੂਜੇ ਕਰਤਾ ; ਆਪਿ ਪਰਪੰਚੁ ਕਰੀਜੈ ॥ (੫੫੧-੧੫, ਬਿਹਾਗੜਾ, ਮਃ ੩)

He Himself sits down to worship, and He Himself creates the world.

ਆਪਿ ਪਰਵਿਰਤਿ ਆਪਿ ਨਿਰਵਿਰਤੀ ;
ਆਪੇ ਅਕਥੁ ਕਥੀਜੈ ॥ (ਅਕੱਥੁ ਬੋਲੋ) (੫੫੧-੧੫, ਬਿਹਾਗੜਾ, ਮਃ ੩)

He Himself is a householder, and He Himself is a renunciate; He Himself utters the Unutterable.

ਪੂਰਨ ਪਾਰਬ੍ਰਹਮ ਪਰਮੇਸੁਰ ; ਮੇਰੇ ਮਨ ਸਦਾ ਧਿਆਈਐ ॥੧॥ (615-1, ਸੋਰਠਿ, ਮਃ 5)

O my mind, meditate forever on the Perfect, Supreme Almighty, the Transcendent Lord. ||1||

ਸਿਮਰਹੁ ਹਰਿ ਹਰਿ ਨਾਮੁ ; ਪਰਾਨੀ ॥ (615-1, ਸੋਰਠਿ, ਮਃ 5)

Meditate in remembrance on Almighty's Name (Naam), O mortal.

ਬਿਨਸੈ ਕਾਚੀ ਦੇਹ ; ਅਗਿਆਨੀ ॥ ਰਹਾਉ ॥ (615-2, ਸੋਰਠਿ, ਮਃ 5)

Your frail body shall perish, you ignorant fool. ||Pause||

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ; ਤਾ ਕੀ ਕਛੁ ਨ ਵਡਾਈ ॥ (615-2, ਸੋਰਠਿ, ਮਃ 5)

Illusions and dream-objects possess nothing of greatness.

ਰਾਮ ਭਜਨ ਬਿਨੁ ਕਾਮਿ ਨ ਆਵਸਿ ; ਸੰਗਿ ਨ ਕਾਹੂ ਜਾਈ ॥੨॥ (615-3, ਸੋਰਠਿ, ਮਃ 5)

Without meditating on Almighty, nothing succeeds, and nothing will go along with you. ||2||

ਹਉ ਹਉ ਕਰਤ , ਬਿਹਾਇ ਅਵਰਦਾ ; (ਅ-ਵਰਦਾ ਬੋਲੋ)
ਜੀਅ ਕੋ ਕਾਮੁ ਨ ਕੀਨਾ ॥ (615-3, ਸੋਰਠਿ, ਮਃ 5)

Acting in egotism and pride, his life passes away, and he does nothing for his soul.

ਧਾਵਤ ਧਾਵਤ ਨਹ ਤ੍ਰਿਪਤਾਸਿਆ ; ਰਾਮ ਨਾਮੁ ਨਹੀ ਚੀਨਾ ॥੩॥ (615-4, ਸੋਰਠਿ, ਮਃ 5)

Wandering and wandering all around, he is never satisfied; he does not remember Almighty's Name (Naam). ||3||

ਸਾਦ ਬਿਕਾਰ ਬਿਖੈ ਰਸ ਮਾਤੋ ; (ਮਾੱਤੋ ਬੋਲੋ)
ਅਸੰਖ ਖਤੇ ਕਰਿ ਫੇਰੇ ॥ (615-4, ਸੋਰਠਿ, ਮਃ 5)

Intoxicated with the taste of evil desires, cruel pleasures and countless sins, he is consigned to the cycle of reincarnation.

ਨਾਨਕ ਕੀ ਪ੍ਰਭ ਪਾਹਿ ਬਿਨੰਤੀ ;
ਕਾਟਹੁ ਅਵਗੁਣ ਮੇਰੇ ॥੪॥੧੧॥੨੨॥ (615-5, ਸੋਰਠਿ, ਮਃ 5)

Nanak offers his prayer to God, to eradicate his demerits. ||4||11||22||

ਸੋਰਠਿ , ਮਹਲਾ ੫ ॥ (615-6)

Sorath, Fifth Mahala:

ਗੁਣ ਗਾਵਹੁ ਪੂਰਨ ਅਬਿਨਾਸੀ ; ਕਾਮ ਕ੍ਰੋਧ ਬਿਖੁ ਜਾਰੇ ॥ (615-6, ਸੋਰਠਿ, ਮਃ 5)

Sing the Glorious Praises of the Perfect, Imperishable Lord, and the poison of sexual desire and anger shall be burnt away.

ਮਹਾ ਬਿਖਮੁ ਅਗਨਿ ਕੋ ਸਾਗਰੁ ; ਸਾਧੂ ਸੰਗਿ ਉਧਾਰੇ ॥੧॥ (615-6, ਸੋਰਠਿ, ਮਃ 5)

You shall cross over the awesome, arduous ocean of fire, in the Saadh Sangat, the Company of the Holy. ||1||

ਪੂਰੈ ਗੁਰਿ ; ਮੇਟਿਓ ਭਰਮੁ ਅੰਧੇਰਾ ॥ (615-7, ਸੋਰਠਿ, ਮਃ 5)

The Perfect Guru has dispelled the ignorance created by the illusion of Maya.

ਭਜੁ ਪ੍ਰੇਮ ਭਗਤਿ ; ਪ੍ਰਭੁ ਨੇਰਾ ॥ ਰਹਾਉ ॥ (615-7, ਸੋਰਠਿ, ਮਃ 5)

Remember Almighty with love and devotion; He is near at hand. ||Pause||

ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ; ਮਨ ਤਨ ਰਹੇ ਅਘਾਈ ॥ (615-7, ਸੋਰਠਿ, ਮਃ 5)

Drink in the sublime essence, the treasure of Almighty's Name (Naam), and your mind and body shall remain satisfied.

ਜਤ ਕਤ ਪੂਰਿ ਰਹਿਓ ਪਰਮੇਸਰੁ ; ਕਤ ਆਵੈ ਕਤ ਜਾਈ ॥੨॥ (615-8, ਸੋਰਠਿ, ਮਃ 5)

The Transcendent Lord is totally permeating and pervading everywhere; where would He come from, and where would He go? ||2||

ਜਪ ਤਪ ਸੰਜਮ ਗਿਆਨ ਤਤ ਬੇਤਾ ; ਜਿਸੁ ਮਨਿ ਵਸੈ ਗੋੁਪਾਲਾ ॥ (615-9, ਸੋਰਠਿ, ਮਃ 5)

One whose mind is filled with Almighty, is a person of meditation, penance, self-restraint and spiritual wisdom, and a knower of reality.

ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ; ਤਾ ਕੀ ਪੂਰਨ ਘਾਲਾ ॥੩॥ (615-9, ਸੋਰਠਿ, ਮਃ 5)

The Gurmukh obtains the jewel of Almighty's Name (Naam); his efforts come to perfect fruition. ||3||

ਕਲਿ ਕਲੇਸ ਮਿਟੇ ਦੁਖ ਸਗਲੇ ; ਕਾਟੀ ਜਮ ਕੀ ਫਾਸਾ ॥ (615-10, ਸੋਰਠਿ, ਮਃ 5)

All his struggles, sufferings and pains are dispelled, and the noose of death is cut away from him.

ਕਹੁ ਨਾਨਕ , ਪ੍ਰਭਿ ਕਿਰਪਾ ਧਾਰੀ ;
ਮਨ ਤਨ ਭਏ ਬਿਗਾਸਾ ॥੪॥੧੨॥੨੩॥ (615-10, ਸੋਰਠਿ, ਮਃ 5)

Says Nanak, God has extended His Mercy, and so his mind and body blossom forth. ||4||12||23||

ਸੋਰਠਿ , ਮਹਲਾ ੫ ॥ (615-11)

Sorath, Fifth Mahala:

ਕਰਣ ਕਰਾਵਣਹਾਰ ਪ੍ਰਭੁ ਦਾਤਾ ; ਪਾਰਬ੍ਰਹਮ ਪ੍ਰਭੁ ਸੁਆਮੀ ॥ (615-11, ਸੋਰਠਿ, ਮਃ 5)

God is the Doer, the Cause of causes, the Great Giver; God is the Supreme Master.

ਸਗਲੇ ਜੀਅ ਕੀਏ ਦਇਆਲਾ ; ਸੋ ਪ੍ਰਭੁ ਅੰਤਰਜਾਮੀ ॥੧॥ (615-12, ਸੋਰਠਿ, ਮਃ 5)

The Merciful Master created all beings; God is the Inner-knower, the Searcher of hearts. ||1||

ਮੇਰਾ ਗੁਰੁ ; ਹੋਆ ਆਪਿ ਸਹਾਈ ॥ (615-12, ਸੋਰਠਿ, ਮਃ 5)

My Guru is Himself my friend and support.

ਸੁਖ ਸਹਜ ਆਨੰਦ ਮੰਗਲ ਰਸ ;
ਅਚਰਜ ਭਈ ਬਡਾਈ ॥ ਰਹਾਉ ॥ (615-13, ਸੋਰਠਿ, ਮਃ 5)

I am in celestial peace, bliss, joy, pleasure and wondrous glory. ||Pause||

ਗੁਰ ਕੀ ਸਰਣਿ ਪਏ ਭੈ ਨਾਸੇ ; ਸਾਚੀ ਦਰਗਹ ਮਾਨੇ ॥ (615-13, ਸੋਰਠਿ, ਮਃ 5)

Seeking the Sanctuary of the Guru, my fears have been dispelled, and I am accepted in the Court of the Almighty.

ਗੁਣ ਗਾਵਤ ਆਰਾਧਿ ਨਾਮੁ ਹਰਿ ; ਆਏ ਅਪੁਨੈ ਥਾਨੇ ॥੨॥ (615-14, ਸੋਰਠਿ, ਮਃ 5)

Singing His Glorious Praises, and worshipping in adoration Almighty's Name (Naam), I have reached my destination. ||2||

ਜੈ ਜੈ ਕਾਰੁ ਕਰੈ ਸਭ ਉਸਤਤਿ ; ਸੰਗਤਿ ਸਾਧ ਪਿਆਰੀ ॥ (615-14, ਸੋਰਠਿ, ਮਃ 5)

Everyone applauds and congratulates me; the Saadh Sangat, the Company of the Holy, is dear to me.

ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ; ਜਿਨਿ ਪੂਰਨ ਪੈਜ ਸਵਾਰੀ ॥੩॥(615-15, ਸੋਰਠਿ, ਮਃ 5)

I am forever a sacrifice to my God, who has totally protected and preserved my honor. ||3||

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ;
ਜਿਨਿ ਜਿਨਿ ਦਰਸਨੁ ਪਾਇਆ ॥ (615-15, ਸੋਰਠਿ, ਮਃ 5)

They are saved, who receive the Blessed Vision of His Darshan; they listen to the spiritual dialogue of Almighty's Name (Naam).

ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ;
ਅਨਦ ਸੇਤੀ ਘਰਿ ਆਇਆ ॥੪॥੧੩॥੨੪॥ (615-16, ਸੋਰਠਿ, ਮਃ 5)

Nanak's God has become Merciful to him; he has arrived home in ecstasy. ||4||13||24||

ਸੋਰਠਿ , ਮਹਲਾ ੫ ॥ (615-17)

Sorath, Fifth Mahala:

ਪ੍ਰਭ ਕੀ ਸਰਣਿ ਸਗਲ ਭੈ ਲਾਥੇ ; ਦੁਖ ਬਿਨਸੇ ਸੁਖੁ ਪਾਇਆ ॥(615-17, ਸੋਰਠਿ, ਮਃ 5)

In God's Sanctuary, all fears depart, suffering disappears, and peace is obtained.

ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ;
ਪੂਰਾ ਸਤਿਗੁਰੁ ਧਿਆਇਆ ॥੧॥ (615-18, ਸੋਰਠਿ, ਮਃ 5)

When the Supreme Almighty and Master becomes merciful, we meditate on the Perfect True Guru. ||1||

ਪ੍ਰਭ ਜੀਉ ; ਤੂ ਮੇਰੋ ਸਾਹਿਬੁ ਦਾਤਾ ॥ (615-18, ਸੋਰਠਿ, ਮਃ 5)

O Dear God, You are my Lord Master and Great Giver.

ਕਰਿ ਕਿਰਪਾ ਪ੍ਰਭ ਦੀਨ ਦਇਆਲਾ ;
ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ (ਰਾੱਤਾ ਬੋਲੋ) (615-19, ਸੋਰਠਿ, ਮਃ 5)

By Your Mercy, O God, Merciful to the meek, imbue me with Your Love, that I might sing Your Glorious Praises. ||Pause||

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ; ਚਿੰਤਾ ਸਗਲ ਬਿਨਾਸੀ ॥ (615-19, ਸੋਰਠਿ, ਮਃ 5)

The True Guru has implanted the treasure of Almighty's Name (Naam) within me, and all my anxieties have been dispelled.

ਕਰਿ ਕਿਰਪਾ ਅਪੁਨੋ ਕਰਿ ਲੀਨਾ ; ਮਨਿ ਵਸਿਆ ਅਬਿਨਾਸੀ ॥੨॥ (616-1, ਸੋਰਠਿ, ਮਃ 5)

By His Mercy, He has made me His own, and the imperishable Lord has come to dwell within my mind. ||2||

ਤਾ ਕਉ ਬਿਘਨੁ ਨ ਕੋਊ ਲਾਗੈ ; ਜੋ ਸਤਿਗੁਰਿ ਅਪੁਨੈ ਰਾਖੇ ॥ (616-1, ਸੋਰਠਿ, ਮਃ 5)

No misfortune afflicts one who is protected by the True Guru.

ਚਰਨ ਕਮਲ ਬਸੇ ਰਿਦ ਅੰਤਰਿ ; ਅੰਮ੍ਰਿਤ ਹਰਿ ਰਸੁ ਚਾਖੇ ॥੩॥ (616-2, ਸੋਰਠਿ, ਮਃ 5)

The Lotus Feet of God come to abide within his heart, and he savors the sublime essence of Almighty's Ambrosial Nectar. ||3||

ਕਰਿ ਸੇਵਾ ਸੇਵਕ ਪ੍ਰਭ ਅਪੁਨੇ ; ਜਿਨਿ ਮਨ ਕੀ ਇਛ ਪੁਜਾਈ ॥ (616-2, ਸੋਰਠਿ, ਮਃ 5)

So, as a servant, serve your God, who fulfills your mind's desires.

ਨਾਨਕ ਦਾਸ ਤਾ ਕੈ ਬਲਿਹਾਰੈ ;
ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥ (616-3, ਸੋਰਠਿ, ਮਃ 5)

Slave Nanak is a sacrifice to the Perfect Lord, who has protected and preserved his honor. ||4||14||25||

ਸੋਰਠਿ , ਮਹਲਾ ੫ ॥ (616-4)
Sorath, Fifth Mahala:

ਮਾਇਆ ਮੋਹ ਮਗਨੁ ਅੰਧਿਆਰੈ ; ਦੇਵਨਹਾਰੁ ਨ ਜਾਨੈ ॥ (616-4, ਸੋਰਠਿ, ਮਃ 5)
Infatuated with the darkness of emotional attachment to Maya, he does not know Almighty, the Great Giver.

ਜੀਉ ਪਿੰਡੁ ਸਾਜਿ ਜਿਨਿ ਰਚਿਆ ; ਬਲੁ ਅਪੁਨੋ ਕਰਿ ਮਾਨੈ ॥੧॥ (616-4, ਸੋਰਠਿ, ਮਃ 5)
Almighty created his body and fashioned his soul, but he claims that his power is his own. ||1||

ਮਨ ਮੂੜੇ ; ਦੇਖਿ ਰਹਿਓ ਪ੍ਰਭ ਸੁਆਮੀ ॥ (616-5, ਸੋਰਠਿ, ਮਃ 5)
O foolish mind, God, your Master is watching over you.

ਜੋ ਕਿਛੁ ਕਰਹਿ ਸੋਈ ਸੋਈ ਜਾਣੈ ;
ਰਹੈ ਨ ਕਛੂਐ ਛਾਨੀ ॥ ਰਹਾਉ ॥ (616-5, ਸੋਰਠਿ, ਮਃ 5)
Whatever you do, He knows; nothing can remain concealed from Him. ||Pause||

ਜਿਹਵਾ ਸੁਆਦ ਲੋਭ ਮਦਿ ਮਾਤੋ ; (ਮਾੱਤੋ ਬੋਲੋ)
ਉਪਜੇ ਅਨਿਕ ਬਿਕਾਰਾ ॥ (616-6, ਸੋਰਠਿ, ਮਃ 5)
You are intoxicated with the tastes of the tongue, with greed and pride; countless sins spring from these.

ਬਹੁਤੁ ਜੋਨਿ ਭਰਮਤ ਦੁਖੁ ਪਾਇਆ ; ਹਉਮੈ ਬੰਧਨ ਕੇ ਭਾਰਾ ॥੨॥ (616-7, ਸੋਰਠਿ, ਮਃ 5)
You wandered in pain through countless incarnations, weighed down by the chains of egotism. ||2||

ਦੇਇ ਕਿਵਾੜ ਅਨਿਕ ਪੜਦੇ ਮਹਿ ; ਪਰ ਦਾਰਾ ਸੰਗਿ ਫਾਕੈ ॥ (616-7, ਸੋਰਠਿ, ਮਃ 5)
Behind closed doors, hidden by many screens, the man takes his pleasure with another man's wife.

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ;
ਤਬ ਕਉਣੁ ਪੜਦਾ ਤੇਰਾ ਢਾਕੈ ॥੩॥ (616-8, ਸੋਰਠਿ, ਮਃ 5)
When Chitr and Gupt, the celestial accountants of the conscious and subconscious, call for your account, who will screen you then? ||3||

ਦੀਨ ਦਇਆਲ ਪੂਰਨ ਦੁਖ ਭੰਜਨ ; ਤੁਮ ਬਿਨੁ ਓਟ ਨ ਕਾਈ ॥ (616-8, ਸੋਰਠਿ, ਮਃ 5)
O Perfect Lord, Merciful to the meek, Destroyer of pain, without You, I have no shelter at all.

ਕਾਢਿ ਲੇਹੁ ਸੰਸਾਰ ਸਾਗਰ ਮਹਿ ;
ਨਾਨਕ ਪ੍ਰਭ ਸਰਣਾਈ ॥੪॥੧੫॥੨੬॥ (616-9, ਸੋਰਠਿ, ਮਃ 5)
Please, lift me up out of the world-ocean; O God, I have come to Your Sanctuary. ||4||15||26||

ਸੋਰਠਿ , ਮਹਲਾ ੫ ॥ (616-10)
Sorath, Fifth Mahala:

ਪਾਰਬ੍ਰਹਮੁ ਹੋਆ ਸਹਾਈ ; ਕਥਾ ਕੀਰਤਨੁ ਸੁਖਦਾਈ ॥ (616-10, ਸੋਰਠਿ, ਮਃ 5)
The Supreme Almighty has become my helper and friend; His sermon and the Kirtan of His Praises have brought me peace.

ਗੁਰ ਪੂਰੇ ਕੀ ਬਾਣੀ ; ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥ (616-10, ਸੋਰਠਿ, ਮਃ 5)
Chant the Perfect Guru's Bani, and be ever in bliss, O mortal. ||1||

ਹਰਿ ਸਾਚਾ ; ਸਿਮਰਹੁ ਭਾਈ ॥ (616-11, ਸੋਰਠਿ, ਮਃ 5)
Remember the Almighty in meditation, Dear brother.

ਸਾਧਸੰਗਿ ਸਦਾ ਸੁਖੁ ਪਾਈਐ ;
ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥ (616-11, ਸੋਰਠਿ, ਮਃ 5)
In the Saadh Sangat, the Company of the Holy, eternal peace is obtained, and Almighty is never forgotten. ||Pause||

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ; ਜੋ ਸਿਮਰੈ ਸੋ ਜੀਵੈ ॥ (616-12, ਸੋਰਠਿ, ਮਃ 5)
Your Name, O Transcendent Lord, is Ambrosial Nectar; whoever meditates on it, lives.

ਜਿਸ ਨੋ ਕਰਮਿ ਪਰਾਪਤਿ ਹੋਵੈ ; ਸੋ ਜਨੁ ਨਿਰਮਲੁ ਥੀਵੈ ॥੨॥ (616-12, ਸੋਰਠਿ, ਮਃ 5)
One who is blessed with God's Grace - that humble servant becomes immaculate and pure. ||2||

ਬਿਘਨ ਬਿਨਾਸਨ ਸਭਿ ਦੁਖ ਨਾਸਨ ; ਗੁਰ ਚਰਣੀ ਮਨੁ ਲਾਗਾ ॥ (616-13, ਸੋਰਠਿ, ਮਃ 5)
Obstacles are removed, and all pains are eliminated; my mind is attached to the Guru's feet.

ਗੁਣ ਗਾਵਤ ਅਚੁਤ ਅਬਿਨਾਸੀ ; ਅਨਦਿਨੁ ਹਰਿ ਰੰਗਿ ਜਾਗਾ ॥੩॥ (616-14, ਸੋਰਠਿ, ਮਃ 5)

Singing the Glorious Praises of the immovable and imperishable Lord, one remains awake to Almighty's Love, day and night. ||3||

ਮਨ ਇਛੇ ਸੇਈ ਫਲ ਪਾਏ ; ਹਰਿ ਕੀ ਕਥਾ ਸੁਹੇਲੀ ॥ (616-14, ਸੋਰਠਿ, ਮਃ 5)

He obtains the fruits of his mind's desires, listening to the comforting sermon of Almighty.

ਆਦਿ ਅੰਤਿ ਮਧਿ ਨਾਨਕ ਕਉ ;
ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥ (616-15, ਸੋਰਠਿ, ਮਃ 5)

In the beginning, in the middle, and in the end, God is Nanak's best friend. ||4||16||27||

ਸੋਰਠਿ , ਮਹਲਾ ੫ ; ਪੰਚਪਦਾ ॥ (616-15)

Sorath, Fifth Mahala, Panch-Padas:

ਬਿਨਸੈ ਮੋਹੁ ਮੇਰਾ ਅਰੁ ਤੇਰਾ ; ਬਿਨਸੈ ਅਪਨੀ ਧਾਰੀ ॥੧॥ (616-16, ਸੋਰਠਿ, ਮਃ 5)

May my emotional attachment, my sense of mine and yours, and my self-conceit be dispelled. ||1||

ਸੰਤਹੁ ; ਇਹਾ ਬਤਾਵਹੁ ਕਾਰੀ ॥ (616-16, ਸੋਰਠਿ, ਮਃ 5)

O Saints, show me such a way,

ਜਿਤੁ ਹਉਮੈ ; ਗਰਬੁ ਨਿਵਾਰੀ ॥੧॥ ਰਹਾਉ ॥ (616-16, ਸੋਰਠਿ, ਮਃ 5)

by which my egotism and pride might be eliminated. ||1||Pause||

ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ; ਹੋਵਾਂ ਸਗਲ ਰੇਨਾਰੀ ॥੨॥ (616-17, ਸੋਰਠਿ, ਮਃ 5)

I see the Supreme Almighty in all beings, and I am the dust of all. ||2||

ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ; ਚੁਕੈ ਭੀਤਿ ਭ੍ਰਮਾਰੀ ॥੩॥ (616-17, ਸੋਰਠਿ, ਮਃ 5)

I see God always with me, and the wall of doubt has been shattered. ||3||

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ; ਪਾਈਐ ਗੁਰੂ ਦੁਆਰੀ ॥੪॥ (616-18, ਸੋਰਠਿ, ਮਃ 5)

The medicine of Almighty’s Name (Naam) is the Ambrosial Nectar which is obtained at Guru's Door (Gurdwara). ||4||

ਕਹੁ ਨਾਨਕ , ਜਿਸੁ ਮਸਤਕਿ ਲਿਖਿਆ ;
ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥ (616-19, ਸੋਰਠਿ, ਮਃ 5)

Says Nanak, one who has such pre-ordained destiny inscribed upon his forehead, meets with the Guru, and his diseases are cured. ||5||17||28||

ਸੋਰਠਿ , ਮਹਲਾ ੫ ; ਘਰੁ ੨ , ਦੁਪਦੇ (617-1)

Sorath, Fifth Mahala, Second House, Du-Padas:

ੴ ; ਸਤਿਗੁਰ ਪ੍ਰਸਾਦਿ ॥ (617-1)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਗਲ ਬਨਸਪਤਿ ਮਹਿ ਬੈਸੰਤਰੁ ; ਸਗਲ ਦੂਧ ਮਹਿ ਘੀਆ ॥ (617-2, ਸੋਰਠਿ, ਮਃ 5)

Fire is contained in all firewood, and butter is contained in all milk.

ਊਚ ਨੀਚ ਮਹਿ ਜੋਤਿ ਸਮਾਣੀ ; ਘਟਿ ਘਟਿ ਮਾਧਉ ਜੀਆ ॥੧॥ (617-2, ਸੋਰਠਿ, ਮਃ 5)

God's Light is contained in the high and the low; Almighty is in the hearts of all beings. ||1||

ਸੰਤਹੁ ; ਘਟਿ ਘਟਿ ਰਹਿਆ ਸਮਾਹਿਓ ॥ (617-3, ਸੋਰਠਿ, ਮਃ 5)

O Saints, He is pervading and permeating each and every heart.

ਪੂਰਨ ਪੂਰਿ ਰਹਿਓ ਸਰਬ ਮਹਿ ;
ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥ (617-3, ਸੋਰਠਿ, ਮਃ 5)

The Perfect Lord is completely permeating everyone, everywhere; He is diffused in the water and the land. ||1||Pause||

ਗੁਣ ਨਿਧਾਨ ਨਾਨਕੁ ਜਸੁ ਗਾਵੈ ; ਸਤਿਗੁਰਿ , ਭਰਮੁ ਚੁਕਾਇਓ ॥ (617-4, ਸੋਰਠਿ, ਮਃ 5)

Guru Nanak sings the Praises of Almighty, the treasure of excellence; the True Guru has dispelled his illusions.

ਸਰਬ ਨਿਵਾਸੀ ਸਦਾ ਅਲੇਪਾ ;
ਸਭ ਮਹਿ ਰਹਿਆ ਸਮਾਇਓ ॥੨॥੧॥੨੯॥ (617-4, ਸੋਰਠਿ, ਮਃ 5)

Almighty is pervading everywhere, permeating all, and yet, He is unattached from all. ||2||1||29||

ਸੋਰਠਿ , ਮਹਲਾ ੫ ॥ (617-5)
Sorath, Fifth Mahala:

ਜਾ ਕੈ ਸਿਮਰਣਿ ਹੋਇ ਅਨੰਦਾ ; ਬਿਨਸੈ ਜਨਮ ਮਰਣ ਭੈ ਦੁਖੀ ॥ (617-5, ਸੋਰਠਿ, ਮਃ 5)
Meditating on Him, one is in ecstasy; the pains of birth and death and fear are removed.

ਚਾਰਿ ਪਦਾਰਥ ਨਵ ਨਿਧਿ ਪਾਵਹਿ ; ਬਹੁਰਿ ਨ ਤ੍ਰਿਸਨਾ ਭੁਖੀ ॥੧॥ (617-6, ਸੋਰਠਿ, ਮਃ 5)
The four cardinal blessings, and the nine treasures are received; you shall never feel hunger or thirst again. ||1||

ਜਾ ਕੋ ਨਾਮੁ ਲੈਤ ; ਤੂ ਸੁਖੀ ॥ (617-6, ਸੋਰਠਿ, ਮਃ 5)
Chanting His Name, you shall be at peace.

ਸਾਸਿ ਸਾਸਿ ਧਿਆਵਹੁ ਠਾਕੁਰ ਕਉ ;
ਮਨ ਤਨ ਜੀਅਰੇ ਮੁਖੀ ॥੧॥ ਰਹਾਉ ॥ (617-7, ਸੋਰਠਿ, ਮਃ 5)
With each and every breath, meditate on Almighty and Master, O my soul, with mind, body and mouth. ||1||Pause||

ਸਾਂਤਿ ਪਾਵਹਿ ਹੋਵਹਿ ਮਨ ਸੀਤਲ ; ਅਗਨਿ ਨ ਅੰਤਰਿ ਧੁਖੀ ॥ (617-7, ਸੋਰਠਿ, ਮਃ 5)
You shall find peace, and your mind shall be soothed and cooled; the fire of desire shall not burn within you.

ਗੁਰ ਨਾਨਕ ਕਉ ਪ੍ਰਭੂ ਦਿਖਾਇਆ ;
ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥ (617-8, ਸੋਰਠਿ, ਮਃ 5)
The Guru has revealed God to Nanak, in the three worlds, in the water, the earth and the woods. ||2||2||30||

ਸੋਰਠਿ , ਮਹਲਾ ੫ ॥ (617-9)
Sorath, Fifth Mahala:

ਕਾਮ ਕ੍ਰੋਧ ਲੋਭ ਝੂਠ ਨਿੰਦਾ ; ਇਨ ਤੇ ਆਪਿ ਛਡਾਵਹੁ ॥ (617-9, ਸੋਰਠਿ, ਮਃ 5)
Sexual desire, anger, greed, falsehood and slander - please, save me from these, Dear Almighty.

ਇਹ ਭੀਤਰ ਤੇ ਇਨ ਕਉ ਡਾਰਹੁ ; ਆਪਨ ਨਿਕਟਿ ਬੁਲਾਵਹੁ ॥੧॥ (617-9,ਸੋਰਠਿ, ਮਃ 5)
Please eradicate these from within me, and call me to come close to You. ||1||

ਅਪੁਨੀ ਬਿਧਿ ; ਆਪਿ ਜਨਾਵਹੁ ॥ (617-10, ਸੋਰਠਿ, ਮਃ 5)

You alone teach me Your Ways.

ਹਰਿ ਜਨ ; ਮੰਗਲ ਗਾਵਹੁ ॥੧॥ ਰਹਾਉ ॥ (617-10, ਸੋਰਠਿ, ਮਃ 5)

With Almighty's humble servants, I sing His Praises. ||1||Pause||

ਬਿਸਰੁ ਨਾਹੀ ਕਬਹੂ ਹੀਏ ਤੇ ; ਇਹ ਬਿਧਿ ਮਨ ਮਹਿ ਪਾਵਹੁ ॥ (617-11, ਸੋਰਠਿ, ਮਃ 5)

May I never forget Almighty within my heart; please, instill such understanding within my mind.

ਗੁਰੁ ਪੂਰਾ ਭੇਟਿਓ ਵਡਭਾਗੀ ;
ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥ (617-11, ਸੋਰਠਿ, ਮਃ 5)

By great good fortune, servant Nanak has met with the Perfect Guru, and now, he will not go anywhere else. ||2||3||31||

ਸੋਰਠਿ , ਮਹਲਾ ੫ ॥ (617-12)

Sorath, Fifth Mahala:

ਜਾ ਕੈ ਸਿਮਰਣਿ ਸਭੁ ਕਛੁ ਪਾਈਐ ; ਬਿਰਥੀ ਘਾਲ ਨ ਜਾਈ ॥ (617-12, ਸੋਰਠਿ, ਮਃ 5)

Meditating in remembrance on Him, all things are obtained, and one's efforts shall not be in vain.

ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ;
ਜੋ ਸਭ ਮਹਿ ਰਹਿਆ ਸਮਾਈ ॥੧॥ (617-13, ਸੋਰਠਿ, ਮਃ 5)

Forsaking God, why do you attach yourself to another? He is contained in everything. ||1||

ਹਰਿ ਹਰਿ ਸਿਮਰਹੁ ; ਸੰਤ ਗੋਪਾਲਾ ॥ (617-13, ਸੋਰਠਿ, ਮਃ 5)

O Saints, meditate in remembrance on the World-Lord.

ਸਾਧਸੰਗਿ ਮਿਲਿ ਨਾਮੁ ਧਿਆਵਹੁ ;
ਪੂਰਨ ਹੋਵੈ ਘਾਲਾ ॥੧॥ ਰਹਾਉ ॥ (617-14, ਸੋਰਠਿ, ਮਃ 5)

Joining the Saadh Sangat, the Company of the Holy, meditate on Almighty's Name (Naam); your efforts shall be rewarded. ||1||Pause||

ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ; ਪ੍ਰੇਮ ਸਹਿਤ ਗਲਿ ਲਾਵੈ ॥ (617-14, ਸੋਰਠਿ, ਮਃ 5)

He ever preserves and cherishes His servant; with Love, He hugs him close.

ਕਹੁ ਨਾਨਕ , ਪ੍ਰਭ ਤੁਮਰੇ ਬਿਸਰਤ ;
ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥ (617-15, ਸੋਰਠਿ, ਮਃ 5)

Says Nanak, forgetting You, O God, how can the world find life? ||2||4||32||

ਸੋਰਠਿ , ਮਹਲਾ ੫ ॥ (617-16)

Sorath, Fifth Mahala:

ਅਬਿਨਾਸੀ ਜੀਅਨ ਕੋ ਦਾਤਾ ; ਸਿਮਰਤ , ਸਭ ਮਲੁ ਖੋਈ ॥ (617-16, ਸੋਰਠਿ, ਮਃ 5)

He is imperishable, the Giver of all beings; meditating on Him, all filth is removed.

ਗੁਣ ਨਿਧਾਨ ਭਗਤਨ ਕਉ ਬਰਤਨਿ ; ਬਿਰਲਾ ਪਾਵੈ ਕੋਈ ॥੧॥ (617-16, ਸੋਰਠਿ, ਮਃ 5)

He is the treasure of excellence, the object of His devotees, but rare are those who find Him. ||1||

ਮੇਰੇ ਮਨ ; ਜਪਿ ਗੁਰ ਗੋਪਾਲ ਪ੍ਰਭੁ ਸੋਈ ॥ (617-17, ਸੋਰਠਿ, ਮਃ 5)

O my mind, meditate on the Guru, and God, the Cherisher of the world.

ਜਾ ਕੀ ਸਰਣਿ ਪਇਆਂ ਸੁਖੁ ਪਾਈਐ ;
ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥ (617-17, ਸੋਰਠਿ, ਮਃ 5)

Seeking His Sanctuary, one finds peace, and he shall not suffer in pain again. ||1||Pause||

ਵਡਭਾਗੀ ਸਾਧਸੰਗੁ ਪਰਾਪਤਿ ; ਤਿਨ ਭੇਟਤ ਦੁਰਮਤਿ ਖੋਈ ॥ (617-18, ਸੋਰਠਿ, ਮਃ 5)

By great good fortune, one obtains the Saadh Sangat, the Company of the Holy. Meeting them, evil-mindedness is eliminated.

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ;
ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ (618-1, ਸੋਰਠਿ, ਮਃ 5)

Slave Nanak yearns for the dust of the feet of those, who have woven the Almighty's Name into their hearts. ||2||5||33||

ਸੋਰਠਿ , ਮਹਲਾ ੫ ॥ (618-2)

Sorath, Fifth Mahala:

ਜਨਮ ਜਨਮ ਕੇ ਦੂਖ ਨਿਵਾਰੈ ; ਸੂਕਾ ਮਨੁ , ਸਾਧਾਰੈ ॥ (618-2, ਸੋਰਠਿ, ਮਃ 5)

He dispels the pains of countless incarnations, and lends support to the dry and shrivelled mind.

ਦਰਸਨੁ ਭੇਟਤ ਹੋਤ ਨਿਹਾਲਾ ; ਹਰਿ ਕਾ ਨਾਮੁ ਬੀਚਾਰੈ ॥੧॥ (618-2, ਸੋਰਠਿ, ਮਃ 5)

Beholding the Blessed Vision of His Darshan, one is enraptured, contemplating Almighty's Name (Naam). ||1||

ਮੇਰਾ ਬੈਦੁ ; ਗੁਰੂ ਗੋਵਿੰਦਾ ॥ (618-3, ਸੋਰਠਿ, ਮਃ 5)

My physician is the Guru, Almighty of the Universe.

ਹਰਿ ਹਰਿ ਨਾਮੁ , ਅਉਖਧੁ ਮੁਖਿ ਦੇਵੈ ;
ਕਾਟੈ ਜਮ ਕੀ ਫੰਧਾ ॥੧॥ ਰਹਾਉ ॥ (618-3, ਸੋਰਠਿ, ਮਃ 5)

He places the medicine of Almighty's Name (Naam) into my mouth, and cuts away the noose of Death. ||1||Pause||

ਸਮਰਥ ਪੁਰਖ ਪੂਰਨ ਬਿਧਾਤੇ ; ਆਪੇ ਕਰਣੈਹਾਰਾ ॥ (618-4, ਸੋਰਠਿ, ਮਃ 5)

He is the all-powerful, Perfect Lord, the Architect of Destiny; He Himself is the Doer of deeds.

ਅਪੁਨਾ ਦਾਸੁ ਹਰਿ ਆਪਿ ਉਬਾਰਿਆ ;
ਨਾਨਕ ਨਾਮ ਅਧਾਰਾ ॥੨॥੬॥੩੪॥ (618-4, ਸੋਰਠਿ, ਮਃ 5)

Almighty Himself saves His slave; Nanak takes the Support of Almighty's Name (Naam). ||2||6||34||

ਸੋਰਠਿ , ਮਹਲਾ ੫ ॥ (618-5)

Sorath, Fifth Mahala:

ਅੰਤਰ ਕੀ ਗਤਿ ਤੁਮ ਹੀ ਜਾਨੀ ; ਤੁਝ ਹੀ ਪਾਹਿ ਨਿਬੇਰੋ ॥ (618-5, ਸੋਰਠਿ, ਮਃ 5)

Only You know the state of my innermost self; You alone can judge me.

ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ; ਲਾਖ ਖਤੇ ਕਰਿ ਫੇਰੋ ॥੧॥ (618-5, ਸੋਰਠਿ, ਮਃ 5)

Please forgive me, O my Dear Master, Almighty I have committed thousands of sins and mistakes. ||1||

ਪ੍ਰਭ ਜੀ ; ਤੂ ਮੇਰੋ ਠਾਕੁਰੁ ਨੇਰੋ ॥ (618-6, ਸੋਰਠਿ, ਮਃ 5)

O my Dear Almighty Master, You are always near me.

ਹਰਿ ਚਰਣ ਸਰਣ ; ਮੋਹਿ ਚੇਰੋ ॥੧॥ ਰਹਾਉ ॥ (618-6, ਸੋਰਠਿ, ਮਃ 5)

Dear Almighty, please bless Your disciple with the shelter of Your feet. ||1||Pause||

ਬੇਸੁਮਾਰ ਬੇਅੰਤ ਸੁਆਮੀ ; ਊਚੋ ਗੁਨੀ ਗਹੇਰੋ ॥ (618-7, ਸੋਰਠਿ, ਮਃ 5)

Infinite and endless is my Master; He is lofty, virtuous and profoundly deep.

ਕਾਟਿ ਸਿਲਕ, ਕੀਨੋ ਅਪੁਨੋ ਦਾਸਰੋ ;
ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥ (618-7, ਸੋਰਠਿ, ਮਃ 5)

Cutting away the noose of death, Almighty has made Nanak His slave, and now, what does he owe to anyone else? ||2||7||35||

ਸੋਰਠਿ , ੫ ॥ (ਇਸ ਅੰਗ ਨੂੰ ਪੰਜਵਾਂ ਕਹਿਣਾ, ਮਹੱਲਾ ਨਾਲ ਨਹੀਂ ਬੋਲਣਾ) (618-8)

Sorath, Fifth Mahala:

ਭਏ ਕ੍ਰਿਪਾਲ ਗੁਰੂ ਗੋਵਿੰਦਾ ; ਸਗਲ ਮਨੋਰਥ ਪਾਏ ॥ (618-8, ਸੋਰਠਿ, ਮਃ 5)

The Guru, Almighty of the Universe, became merciful to me, and I obtained all of my mind's desires.

ਅਸਥਿਰ ਭਏ ਲਾਗਿ ਹਰਿ ਚਰਣੀ ; ਗੋਵਿੰਦ ਕੇ ਗੁਣ ਗਾਏ ॥੧॥ (618-9, ਸੋਰਠਿ, ਮਃ 5)

I have become stable and steady, touching Almighty's Feet, and singing the Praises of Almighty's virtues of the Universe. ||1||

ਭਲੋ ਸਮੂਰਤੁ ; ਪੂਰਾ ॥ (618-9, ਸੋਰਠਿ, ਮਃ 5)

It is a good time, a perfectly auspicious time.

ਸਾਂਤਿ ਸਹਜ ਆਨੰਦ , ਨਾਮੁ ਜਪਿ ;
ਵਾਜੇ ਅਨਹਦ ਤੂਰਾ ॥੧॥ ਰਹਾਉ ॥ (618-9, ਸੋਰਠਿ, ਮਃ 5)

I am in celestial peace, tranquility and ecstasy, chanting Almighty's Name (Naam); the unstruck melody of the sound current vibrates and resounds. ||1||Pause||

ਮਿਲੇ ਸੁਆਮੀ ਪ੍ਰੀਤਮ ਅਪੁਨੇ ; ਘਰ ਮੰਦਰ ਸੁਖਦਾਈ ॥ (618-10, ਸੋਰਠਿ, ਮਃ 5)

Meeting with my Beloved Master, my home has become a mansion filled with happiness.

ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ;
ਸਗਲੀ ਇਛ ਪੁਜਾਈ ॥੨॥੮॥੩੬॥ (618-10, ਸੋਰਠਿ, ਮਃ 5)

Servant Nanak has attained the treasure of the Almighty's Name; all his desires have been fulfilled. ||2||8||36||

ਸੋਰਠਿ , ਮਹਲਾ ੫ ॥ (618-11)
Sorath, Fifth Mahala:

ਗੁਰ ਕੇ ਚਰਨ ਬਸੇ ਰਿਦ ਭੀਤਰਿ ; ਸੁਭ ਲਖਣ ਪ੍ਰਭਿ ਕੀਨੇ ॥ (618-11, ਸੋਰਠਿ, ਮਃ 5)
The Guru's feet abide within my heart; God has blessed me with good fortune.

ਭਏ ਕ੍ਰਿਪਾਲ ਪੂਰਨ ਪਰਮੇਸਰ ; ਨਾਮ ਨਿਧਾਨ ਮਨਿ ਚੀਨੇ ॥੧॥ (618-12, ਸੋਰਠਿ, ਮਃ 5)
The Perfect Transcendent Lord became merciful to me, and I found the treasure of Almighty's Name (Naam) within my mind. ||1||

ਮੇਰੋ ਗੁਰੁ ; ਰਖਵਾਰੋ ਮੀਤ ॥ (618-12, ਸੋਰਠਿ, ਮਃ 5)
My Guru is my Saving Grace, my only best friend.

ਦੂਣ ਚਊਣੀ ਦੇ ਵਡਿਆਈ ; ਸੋਭਾ ਨੀਤਾ ਨੀਤ ॥੧॥ ਰਹਾਉ ॥ (618-13, ਸੋਰਠਿ, ਮਃ 5)
Over and over again, He blesses me with double, even four-fold, greatness. ||1||Pause||

ਜੀਅ ਜੰਤ ਪ੍ਰਭਿ ਸਗਲ ਉਧਾਰੇ ; ਦਰਸਨੁ ਦੇਖਣਹਾਰੇ ॥ (618-13, ਸੋਰਠਿ, ਮਃ 5)
God saves all beings and creatures, giving them the Blessed Vision of His Darshan.

ਗੁਰ ਪੂਰੇ ਕੀ ਅਚਰਜ ਵਡਿਆਈ ; **(ਅੱਚਰਜ ਨਹੀਂ ਬੋਲਣਾ)**
ਨਾਨਕ ਸਦ ਬਲਿਹਾਰੇ ॥੨॥੯॥੩੭॥ (618-14, ਸੋਰਠਿ, ਮਃ 5)
Wondrous is the glorious greatness of the Perfect Guru; Nanak is forever a sacrifice to Him. ||2||9||37||

ਸੋਰਠਿ , ਮਹਲਾ ੫ ॥ (618-15)
Sorath, Fifth Mahala:

ਸੰਚਨਿ ਕਰਉ ਨਾਮ ਧਨੁ ਨਿਰਮਲ ; ਥਾਤੀ ਅਗਮ ਅਪਾਰ ॥ (618-15, ਸੋਰਠਿ, ਮਃ 5)
I gather in and collect the immaculate wealth of Almighty's Name (Naam); this commodity is beyond mind's comprehension and beyond limits.

ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ;
ਖਾਇ ਜੀਵਹੁ ਸਿਖ ਪਰਵਾਰ ॥੧॥ (618-15, ਸੋਰਠਿ, ਮਃ 5)
Revel in it, delight in it, be happy and enjoy peace, and live long, Dear Disciples and brethren. ||1||

ਹਰਿ ਕੇ ਚਰਨ ਕਮਲ ; ਆਧਾਰ ॥ (618-16, ਸੋਰਠਿ, ਮਃ 5)

I have the support of the Lotus Feet of Almighty.

ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ;
ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥ (618-16, ਸੋਰਠਿ, ਮਃ 5)

By the Grace of the Saints, I have found the boat of Truth; embarking on it, I sail across the ocean of poison. ||1||Pause||

ਭਏ ਕ੍ਰਿਪਾਲ ਪੂਰਨ ਅਬਿਨਾਸੀ ; ਆਪਹਿ ਕੀਨੀ ਸਾਰ ॥ (618-17, ਸੋਰਠਿ, ਮਃ 5)

The perfect, imperishable Lord has become merciful; He Himself has taken care of me.

ਪੇਖਿ ਪੇਖਿ ਨਾਨਕ ਬਿਗਸਾਨੋ ;
ਨਾਨਕ ਨਾਹੀ ਸੁਮਾਰ ॥੨॥੧੦॥੩੮॥ (618-17, ਸੋਰਠਿ, ਮਃ 5)

Beholding, beholding His Vision, Nanak has blossomed forth in ecstasy. Guru Nanak says, He is beyond estimation. ||2||10||38||

ਸੋਰਠਿ , ਮਹਲਾ ੫ ॥ (618-18)

Sorath, Fifth Mahala:

ਗੁਰਿ ਪੂਰੈ ਅਪਨੀ ਕਲ ਧਾਰੀ ; ਸਭ ਘਟ ਉਪਜੀ ਦਇਆ ॥ (618-18, ਸੋਰਠਿ, ਮਃ 5)

The Perfect Guru has revealed His power, and compassion has welled up in every heart.

ਆਪੇ ਮੇਲਿ ਵਡਾਈ ਕੀਨੀ ; ਕੁਸਲ ਖੇਮ ਸਭ ਭਇਆ ॥੧॥ (618-19, ਸੋਰਠਿ, ਮਃ 5)

Blending me with Himself, He has blessed me with glorious greatness, and I have found pleasure and happiness. ||1||

ਸਤਿਗੁਰੁ ਪੂਰਾ ; ਮੇਰੈ ਨਾਲਿ ॥ (618-19, ਸੋਰਠਿ, ਮਃ 5)

The Perfect True Guru is always with me.

ਪਾਰਬ੍ਰਹਮੁ ਜਪਿ ; ਸਦਾ ਨਿਹਾਲ ॥ ਰਹਾਉ ॥ (619-1, ਸੋਰਠਿ, ਮਃ 5)

Meditating on the Supreme Almighty, I am forever in ecstasy. ||Pause||

ਅੰਤਰਿ ਬਾਹਰਿ ਥਾਨ ਥਨੰਤਰਿ ; ਜਤ ਕਤ ਪੇਖਉ ਸੋਈ ॥ (619-1, ਸੋਰਠਿ, ਮਃ 5)

Inwardly and outwardly, in all places and interspaces, wherever I look, He is there.

ਨਾਨਕ, ਗੁਰੁ ਪਾਇਓ ਵਡਭਾਗੀ ;
ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥ (619-2, ਸੋਰਠਿ, ਮਃ 5)

Nanak has found the Guru, by great good fortune; no one else is as great as He. ||2||11||39||

ਸੋਰਠਿ , ਮਹਲਾ ੫ ॥ (619-2)

Sorath, Fifth Mahala:

ਸੁਖ ਮੰਗਲ ਕਲਿਆਣ ਸਹਜ ਧੁਨਿ ; ਪ੍ਰਭ ਕੇ ਚਰਣ ਨਿਹਾਰਿਆ ॥ (619-2, ਸੋਰਠਿ, ਮਃ 5)

I have been blessed with peace, pleasure, bliss, and the celestial sound current, gazing upon the feet of God.

ਰਾਖਨਹਾਰੈ ਰਾਖਿਓ ਬਾਰਿਕੁ ; ਸਤਿਗੁਰਿ , ਤਾਪੁ ਉਤਾਰਿਆ ॥੧॥ (619-3, ਸੋਰਠਿ, ਮਃ 5)

The Savior has saved His child, and the True Guru has cured his fever. ||1||

ਉਬਰੇ ; ਸਤਿਗੁਰ ਕੀ ਸਰਣਾਈ ॥ (619-4, ਸੋਰਠਿ, ਮਃ 5)

I have been saved, in the True Guru's Sanctuary;

ਜਾ ਕੀ ਸੇਵ ; ਨ ਬਿਰਥੀ ਜਾਈ ॥ ਰਹਾਉ ॥ (619-4, ਸੋਰਠਿ, ਮਃ 5)

service to Him does not go in vain. ||1||Pause||

ਘਰ ਮਹਿ ਸੂਖ , ਬਾਹਰਿ ਫੁਨਿ ਸੂਖਾ ;
ਪ੍ਰਭ ਅਪੁਨੇ ਭਏ ਦਇਆਲਾ ॥ (619-4, ਸੋਰਠਿ, ਮਃ 5)

There is peace within the home of one's heart, and there is peace outside as well, when God becomes kind and compassionate.

ਨਾਨਕ , ਬਿਘਨੁ ਨ ਲਾਗੈ ਕੋਊ ;
ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥ (619-5, ਸੋਰਠਿ, ਮਃ 5)

Guru Nanak says, no obstacles block my way; my God has become gracious and merciful to me. ||2||12||40||

ਸੋਰਠਿ , ਮਹਲਾ ੫ ॥ (619-6)

Sorath, Fifth Mahala:

ਸਾਧੂ ਸੰਗਿ ਭਇਆ ਮਨਿ ਉਦਮੁ ; ਨਾਮੁ ਰਤਨੁ ਜਸੁ ਗਾਈ ॥ (619-6, ਸੋਰਠਿ, ਮਃ 5)

In the Saadh Sangat, the Company of the Holy, my mind became excited, and I sang the Praises of the jewel of Almighty's Name (Naam).

ਮਿਟਿ ਗਈ ਚਿੰਤਾ ਸਿਮਰਿ ਅਨੰਤਾ ; ਸਾਗਰੁ ਤਰਿਆ ਭਾਈ ॥੧॥ (619-6, ਸੋਰਠਿ, ਮਃ 5)

My anxiety was dispelled, meditating in remembrance on the Infinite Lord; I have crossed over the world ocean, Dear brother. ||1||

ਹਿਰਦੈ ; ਹਰਿ ਕੇ ਚਰਣ ਵਸਾਈ ॥ (619-7, ਸੋਰਠਿ, ਮਃ 5)

I enshrine Almighty's Feet within my heart.

ਸੁਖੁ ਪਾਇਆ ਸਹਜ ਧੁਨਿ ਉਪਜੀ ;
ਰੋਗਾ ਘਾਣਿ ਮਿਟਾਈ ॥ ਰਹਾਉ ॥ (619-7, ਸੋਰਠਿ, ਮਃ 5)

I have found peace, and the celestial sound current resounds within me; countless diseases have been eradicated. ||Pause||

ਕਿਆ ਗੁਣ ਤੇਰੇ ਆਖਿ ਵਖਾਣਾ ; ਕੀਮਤਿ ਕਹਣੁ ਨ ਜਾਈ ॥ (619-8, ਸੋਰਠਿ, ਮਃ 5)

Which of Your Glorious Virtues can I speak and describe? Your worth cannot be estimated.

ਨਾਨਕ , ਭਗਤ ਭਏ ਅਬਿਨਾਸੀ ;
ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥ (619-9, ਸੋਰਠਿ, ਮਃ 5)

Guru Nanak says, Almighty's devotees become imperishable and immortal; their God becomes their friend and support. ||2||13||41||

ਸੋਰਠਿ , ਮਃ ੫ ॥ (619-9)

Sorath, Fifth Mahala:

ਗਏ ਕਲੇਸ ਰੋਗ ਸਭਿ ਨਾਸੇ ; ਪ੍ਰਭਿ ਅਪੁਨੈ ਕਿਰਪਾ ਧਾਰੀ ॥ (619-9, ਸੋਰਠਿ, ਮਃ 5)

My sufferings have come to an end, and all diseases have been eradicated.

ਆਠ ਪਹਰ ਆਰਾਧਹੁ ਸੁਆਮੀ ; ਪੂਰਨ ਘਾਲ ਹਮਾਰੀ ॥੧॥ (619-10, ਸੋਰਠਿ, ਮਃ 5)

God has showered me with His Grace. Twenty-four hours a day, I worship and adore my Master; my efforts have come to fruition. ||1||

ਹਰਿ ਜੀਉ , ਤੂ ਸੁਖ ਸੰਪਤਿ ਰਾਸਿ ॥ (619-11, ਸੋਰਠਿ, ਮਃ 5)

Dear Almighty, You are my peace, wealth and capital.

ਰਾਖਿ ਲੈਹੁ ਭਾਈ ਮੇਰੇ ਕਉ ; ਪ੍ਰਭ ਆਗੈ ਅਰਦਾਸਿ ॥ ਰਹਾਉ ॥ (619-11, ਸੋਰਠਿ, ਮਃ 5)

Please, save me, O my Beloved! I offer this prayer to my God. ||Pause||

ਜੋ ਮਾਗਉ ਸੋਈ ਸੋਈ ਪਾਵਉ ; ਅਪਨੇ ਖਸਮ ਭਰੋਸਾ ॥ (619-11, ਸੋਰਠਿ, ਮਃ 5)

Whatever I ask for, I receive; I have total faith in my Master.

ਕਹੁ ਨਾਨਕ ਗੁਰੁ ਪੂਰਾ ਭੇਟਿਓ ;
ਮਿਟਿਓ ਸਗਲ ਅੰਦੇਸਾ ॥੨॥੧੪॥੪੨॥ (619-12, ਸੋਰਠਿ, ਮਃ 5)

Says Nanak, I have met with the Perfect Guru, and all my fears have been dispelled. ||2||14||42||

ਸੋਰਠਿ , ਮਹਲਾ ੫ ॥ (619-13)

Sorath, Fifth Mahala:

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ; ਸਗਲਾ ਦੂਖੁ ਮਿਟਾਇਆ ॥ (619-13,ਸੋਰਠਿ, ਮਃ 5)

Meditating, meditating in remembrance on my Guru, the True Guru, all pains have been eradicated.

ਤਾਪ ਰੋਗ ਗਏ ਗੁਰ ਬਚਨੀ ; ਮਨ ਇਛੇ ਫਲ ਪਾਇਆ ॥੧॥ (619-13, ਸੋਰਠਿ, ਮਃ 5)

The fever and the disease are gone, through Guru's Teachings, and I have obtained the fruits of my mind's desires. ||1||

ਮੇਰਾ ਗੁਰੁ ਪੂਰਾ ; ਸੁਖਦਾਤਾ ॥ (619-14, ਸੋਰਠਿ, ਮਃ 5)

My Perfect Guru is the Giver of peace.

ਕਰਣ ਕਾਰਣ ਸਮਰਥ ਸੁਆਮੀ ;
ਪੂਰਨ ਪੁਰਖੁ ਬਿਧਾਤਾ ॥ ਰਹਾਉ ॥ (619-14, ਸੋਰਠਿ, ਮਃ 5)

He is the Doer, the Cause of causes, the Almighty Master, the Perfect Primal Lord, the Architect of Destiny. ||Pause||

ਅਨੰਦ ਬਿਨੋਦ ਮੰਗਲ ਗੁਣ ਗਾਵਹੁ ; ਗੁਰ ਨਾਨਕ ਭਏ ਦਇਆਲਾ ॥ (619-15, ਸੋਰਠਿ, ਮਃ 5)

Sing the Praises of Almighty's virtues in bliss, joy and ecstasy; Guru Nanak has become kind and compassionate.

ਜੈ ਜੈ ਕਾਰ ਭਏ ਜਗ ਭੀਤਰਿ ;
ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥ (619-16, ਸੋਰਠਿ, ਮਃ 5)

Shouts of cheers and congratulations ring out all over the world; the Supreme Almighty has become my Savior and Protector. ||2||15||43||

ਸੋਰਠਿ , ਮਹਲਾ ੫ ॥ (619-16)
Sorath, Fifth Mahala:

ਹਮਰੀ ਗਣਤ ਨ ਗਣੀਆ ਕਾਈ ; ਅਪਣਾ ਬਿਰਦੁ ਪਛਾਣਿ ॥ (619-16, ਸੋਰਠਿ, ਮਃ 5)
He did not take my accounts into account; such is His forgiving nature.

ਹਾਥ ਦੇਇ ਰਾਖੇ ਕਰਿ ਅਪੁਨੇ ; ਸਦਾ ਸਦਾ ਰੰਗੁ ਮਾਣਿ ॥੧॥ (619-17, ਸੋਰਠਿ, ਮਃ 5)
He gave me His hand, and saved me and made me His own; forever and ever, I enjoy His Love. ||1||

ਸਾਚਾ ਸਾਹਿਬੁ ; ਸਦ ਮਿਹਰਵਾਣ ॥ (619-18, ਸੋਰਠਿ, ਮਃ 5)
The True Master is forever merciful and forgiving.

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ;
ਹੋਈ ਸਰਬ ਕਲਿਆਣ ॥ ਰਹਾਉ ॥ (619-18, ਸੋਰਠਿ, ਮਃ 5)
My Perfect Guru has bound me to Him, and now, I am in absolute ecstasy. ||Pause||

ਜੀਉ ਪਾਇ , ਪਿੰਡੁ ਜਿਨਿ ਸਾਜਿਆ ; ਦਿਤਾ ਪੈਨਣੁ ਖਾਣੁ ॥ (619-19, ਸੋਰਠਿ, ਮਃ 5)
The One who fashioned the body and placed the soul within, who gives you clothing and nourishment

ਅਪਣੇ ਦਾਸ ਕੀ ਆਪਿ ਪੈਜ ਰਾਖੀ ;
ਨਾਨਕ ਸਦ ਕੁਰਬਾਣੁ ॥੨॥੧੬॥੪੪॥ (619-19, ਸੋਰਠਿ, ਮਃ 5)
- He Himself preserves the honor of His slaves. Nanak is forever a sacrifice to Him. ||2||16||44||

ਸੋਰਠਿ , ਮਹਲਾ ੫ ॥ (620-1)
Sorath, Fifth Mahala:

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ; ਸਭੁ ਸੰਸਾਰੁ ਉਬਾਰਿਆ ॥ (620-1, ਸੋਰਠਿ, ਮਃ 5)
Almighty Himself has rid the whole world of its sins, and saved it.

ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ; ਅਪਣਾ ਬਿਰਦੁ ਸਮਾਰਿਆ ॥੧॥ (620-2, ਸੋਰਠਿ, ਮਃ 5)
The Supreme Almighty extended His mercy, and confirmed His innate nature. ||1||

ਹੋਈ ਰਾਜੇਰਾਮ ਕੀ ; ਰਖਵਾਲੀ ॥ (620-2, ਸੋਰਠਿ, ਮਃ 5)
I have attained the Protective Sanctuary of Almighty, my King.

ਸੁਖ ਸਹਜ ਆਨਦ , ਗੁਣ ਗਾਵਹੁ ;
ਮਨੁ ਤਨੁ ਦੇਹ ਸੁਖਾਲੀ ॥ ਰਹਾਉ ॥ (620-3, ਸੋਰਠਿ, ਮਃ 5)

In celestial peace and ecstasy, I sing the Praises of Almighty's virtues, and my mind, body and being are at peace. ||Pause||

ਪਤਿਤ ਉਧਾਰਣੁ ਸਤਿਗੁਰੁ ਮੇਰਾ ; ਮੋਹਿ ਤਿਸ ਕਾ ਭਰਵਾਸਾ ॥ (620-3, ਸੋਰਠਿ, ਮਃ 5)

My True Guru is the Savior of sinners; I have placed my trust and faith in Him.

ਬਖਸਿ ਲਏ ਸਭਿ ਸਚੈ ਸਾਹਿਬਿ ;
ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥ (620-4, ਸੋਰਠਿ, ਮਃ 5)

The True Master has heard Nanak's prayer, and He has forgiven everything. ||2||17||45||

ਸੋਰਠਿ , ਮਹਲਾ ੫ ॥ (620-5)

Sorath, Fifth Mahala:

ਬਖਸਿਆ ਪਾਰਬ੍ਰਹਮ ਪਰਮੇਸਰਿ ; ਸਗਲੇ ਰੋਗ ਬਿਦਾਰੇ ॥ (620-5, ਸੋਰਠਿ, ਮਃ 5)

The Supreme Almighty, the Transcendent Lord, has forgiven me, and all diseases have been cured.

ਗੁਰ ਪੂਰੇ ਕੀ ਸਰਣੀ ਉਬਰੇ ; ਕਾਰਜ ਸਗਲ ਸਵਾਰੇ ॥੧॥ (620-5, ਸੋਰਠਿ, ਮਃ 5)

Those who come to the Sanctuary of the True Guru are saved, and all their affairs are resolved. ||1||

ਹਰਿ ਜਨਿ ਸਿਮਰਿਆ ; ਨਾਮ ਅਧਾਰਿ ॥ (620-6, ਸੋਰਠਿ, ਮਃ 5)

Almighty's humble servant meditates in remembrance on Almighty's Name (Naam); this is his only support.

ਤਾਪੁ ਉਤਾਰਿਆ ਸਤਿਗੁਰਿ ਪੂਰੈ ;
ਅਪਣੀ ਕਿਰਪਾ ਧਾਰਿ ॥ ਰਹਾਉ ॥ (620-6, ਸੋਰਠਿ, ਮਃ 5)

The Perfect True Guru extended His Mercy, and the fever has been dispelled. ||Pause||

ਸਦਾ ਅਨੰਦ ਕਰਹ ਮੇਰੇ ਪਿਆਰੇ ; ਹਰਿ ਗੋਵਿਦੁ ਗੁਰਿ ਰਾਖਿਆ ॥ (620-7, ਸੋਰਠਿ, ਮਃ 5)

So celebrate and be happy, my beloveds - the Guru has saved Hargobind.

ਵਡੀ ਵਡਿਆਈ ਨਾਨਕ ਕਰਤੇ ਕੀ ;
ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥ (620-7, ਸੋਰਠਿ, ਮਃ 5)

Great is the glorious greatness of the Creator, O Nanak; True is the Word of His Shabad, and True is the sermon of His Teachings. ||2||18||46||

ਸੋਰਠਿ , ਮਹਲਾ ੫ ॥ (620-8)

Sorath, Fifth Mahala:

ਭਏ ਕ੍ਰਿਪਾਲ ਸੁਆਮੀ ਮੇਰੇ ; ਤਿਤੁ ਸਾਚੈ ਦਰਬਾਰਿ ॥ (620-8, ਸੋਰਠਿ, ਮਃ 5)

My Master has become Merciful, in His True Court.

ਸਤਿਗੁਰਿ , ਤਾਪੁ ਗਵਾਇਆ ਭਾਈ ; ਠਾਂਢਿ ਪਈ ਸੰਸਾਰਿ ॥ (620-9, ਸੋਰਠਿ, ਮਃ 5)

The True Guru has taken away the fever, and the whole world is at peace, Dear brother.

ਅਪਣੇ ਜੀਅ ਜੰਤ ਆਪੇ ਰਾਖੇ ; ਜਮਹਿ ਕੀਓ ਹਟਤਾਰਿ ॥੧॥ (620-9, ਸੋਰਠਿ, ਮਃ 5)

Almighty Himself protects His beings and creatures, and the Messenger of Death is out of work. ||1||

ਹਰਿ ਕੇ ਚਰਣ ; ਰਿਦੈ ਉਰਿ ਧਾਰਿ ॥ (620-10, ਸੋਰਠਿ, ਮਃ 5)

Enshrine Almighty's feet within your heart.

ਸਦਾ ਸਦਾ ਪ੍ਰਭੁ ਸਿਮਰੀਐ ਭਾਈ ;
ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥ (620-10, ਸੋਰਠਿ, ਮਃ 5)

Forever and ever, meditate in remembrance on God, Dear brother. He is the Eradicator of suffering and sins. ||1||Pause||

ਤਿਸ ਕੀ ਸਰਣੀ ਊਬਰੈ ਭਾਈ ; ਜਿਨਿ ਰਚਿਆ ਸਭੁ ਕੋਇ ॥ (620-11, ਸੋਰਠਿ, ਮਃ 5)

He fashioned all beings, Dear brother, and His Sanctuary saves them.

ਕਰਣ ਕਾਰਣ ਸਮਰਥੁ ਸੋ ਭਾਈ ; ਸਚੈ ਸਚੀ ਸੋਇ ॥ (620-12, ਸੋਰਠਿ, ਮਃ 5)

He is the Almighty Creator, the Cause of causes, Dear brother; He, the True Master, is True.

ਨਾਨਕ , ਪ੍ਰਭੂ ਧਿਆਈਐ ਭਾਈ ;
ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥ (620-12, ਸੋਰਠਿ, ਮਃ 5)

Guru Nanak says, meditate on Almighty, Dear brother, and your mind and body shall be cool and calm. ||2||19||47||

ਸੋਰਠਿ , ਮਹਲਾ ੫ ॥ (620-13)

Sorath, Fifth Mahala:

ਸੰਤਹੁ ; ਹਰਿ ਹਰਿ ਨਾਮੁ ਧਿਆਈ ॥ (620-13, ਸੋਰਠਿ, ਮਃ 5)

O Saints, meditate on Almighty's Name (Naam).

ਸੁਖ ਸਾਗਰ ਪ੍ਰਭੁ ਵਿਸਰਉ ਨਾਹੀ ;
ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ ॥ (620-13, ਸੋਰਠਿ, ਮਃ 5)

Never forget God, the ocean of peace; thus you shall obtain the fruits of your mind's desires. ||1||Pause||

ਸਤਿਗੁਰਿ ਪੂਰੈ ਤਾਪੁ ਗਵਾਇਆ ; ਅਪਣੀ ਕਿਰਪਾ ਧਾਰੀ ॥ (620-14, ਸੋਰਠਿ, ਮਃ 5)

Extending His Mercy, the Perfect True Guru has dispelled the fever.

ਪਾਰਬ੍ਰਹਮ ਪ੍ਰਭ ਭਏ ਦਇਆਲਾ ;
ਦੁਖੁ ਮਿਟਿਆ ਸਭ ਪਰਵਾਰੀ ॥੧॥ (620-15, ਸੋਰਠਿ, ਮਃ 5)

The Supreme Almighty has become kind and compassionate, and my whole family is now free of pain and suffering. ||1||

ਸਰਬ ਨਿਧਾਨ ਮੰਗਲ ਰਸ ਰੂਪਾ ; ਹਰਿ ਕਾ ਨਾਮੁ ਅਧਾਰੋ ॥ (620-15, ਸੋਰਠਿ, ਮਃ 5)

The Treasure of absolute joy, sublime elixir and beauty, Almighty's Name (Naam) is my only Support.

ਨਾਨਕ , ਪਤਿ ਰਾਖੀ ਪਰਮੇਸਰਿ ;
ਉਧਰਿਆ ਸਭੁ ਸੰਸਾਰੋ ॥੨॥੨੦॥੪੮॥ (620-16, ਸੋਰਠਿ, ਮਃ 5)

Guru Nanak says, the Transcendent Lord has preserved my honor, and saved the whole world. ||2||20||48||

ਸੋਰਠਿ , ਮਹਲਾ ੫ ॥ (620-17)

Sorath, Fifth Mahala:

ਮੇਰਾ ਸਤਿਗੁਰੁ ; ਰਖਵਾਲਾ ਹੋਆ ॥ (620-17, ਸੋਰਠਿ, ਮਃ 5)

My True Guru is my Savior and Protector.

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ;
ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥ (620-17, ਸੋਰਠਿ, ਮਃ 5)

Showering us with His Mercy and Grace, God extended His Hand, and saved Hargobind, who is now safe and secure. ||1||Pause||

ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ; ਜਨ ਕੀ ਲਾਜ ਰਖਾਈ ॥ (620-18, ਸੋਰਠਿ, ਮਃ 5)

The fever is gone - God Himself eradicated it, and preserved the honor of His servant.

ਸਾਧਸੰਗਤਿ ਤੇ ਸਭ ਫਲ ਪਾਏ ; ਸਤਿਗੁਰ ਕੈ ਬਲਿ ਜਾਂਈ ॥੧॥ (620-18, ਸੋਰਠਿ, ਮਃ 5)

I have obtained all blessings from the Saadh Sangat, the Company of the Holy; I am a sacrifice to the True Guru. ||1||

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ;
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ (620-19, ਸੋਰਠਿ, ਮਃ 5)

God has saved me, both here and hereafter. He has not taken my merits and demerits into account.

ਅਟਲ ਬਚਨੁ ਨਾਨਕ ਗੁਰ ਤੇਰਾ ; (ਅਟੱਲ ਬੋਲੋ)
ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥ (621-1, ਸੋਰਠਿ, ਮਃ 5)

Your Word is eternal, O Guru Nanak; You placed Your Hand of blessing upon my forehead. ||2||21||49||

ਸੋਰਠਿ , ਮਹਲਾ ੫ ॥ (621-2)

Sorath, Fifth Mahala:

ਜੀਅ ਜੰਤ੍ਰ ਸਭਿ ਤਿਸ ਕੇ ਕੀਏ ; ਸੋਈ ਸੰਤ ਸਹਾਈ ॥ (621-2, ਸੋਰਠਿ, ਮਃ 5)

All beings and creatures were created by Him; He alone is the support and friend of the Saints.

ਅਪੁਨੇ ਸੇਵਕ ਕੀ ਆਪੇ ਰਾਖੈ ; ਪੂਰਨ ਭਈ ਬਡਾਈ ॥੧॥ (621-2, ਸੋਰਠਿ, ਮਃ 5)

He Himself preserves the honor of His servants; their glorious greatness becomes perfect. ||1||

ਪਾਰਬ੍ਰਹਮੁ ਪੂਰਾ ; ਮੇਰੈ ਨਾਲਿ ॥ (621-3, ਸੋਰਠਿ, ਮਃ 5)

The Perfect Supreme Almighty is always with me.

ਗੁਰਿ ਪੂਰੈ ਪੂਰੀ ਸਭ ਰਾਖੀ ; ਹੋਏ ਸਰਬ ਦਇਆਲ ॥੧॥ ਰਹਾਉ ॥ (621-3, ਸੋਰਠਿ, ਮਃ 5)

The Perfect Guru has perfectly and totally protected me, and now everyone is kind and compassionate to me. ||1||Pause||

ਅਨਦਿਨੁ ਨਾਨਕੁ ਨਾਮੁ ਧਿਆਏ ; ਜੀਅ ਪ੍ਰਾਨ ਕਾ ਦਾਤਾ ॥ (621-4, ਸੋਰਠਿ, ਮਃ 5)

Night and day, Nanak meditates on Almighty's Name (Naam); He is the Giver of the soul, and the breath of life itself.

ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ;
ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥ (621-4, ਸੋਰਠਿ, ਮਃ 5)

He hugs His slave close in His loving embrace, like the mother and father hug their child. ||2||22||50||

ਸੋਰਠਿ , ਮਹਲਾ ੫ ; ਘਰੁ ੩ , ਚਉਪਦੇ (621-6)

Sorath, Fifth Mahala, Third House, Chau-Padas:

ੴ ; ਸਤਿਗੁਰ ਪ੍ਰਸਾਦਿ ॥ (621-6)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

Prologue: Guru Arjan Dev Ji defines the decision of a Guru to be unquestionable by illustrating a real incident of his elder brother Baba Prithi Chand who disputed Guru Ram Das Ji's decision on selection of the Fifth Guru.

ਮਿਲਿ ਪੰਚਹੁ ; ਨਹੀ ਸਹਸਾ ਚੁਕਾਇਆ ॥ (621-7, ਸੋਰਠਿ, ਮਃ 5)

Meeting with the council, my doubts were not dispelled.

ਸਿਕਦਾਰਹੁ ; ਨਹ ਪਤੀਆਇਆ ॥ (621-7, ਸੋਰਠਿ, ਮਃ 5)

The chiefs did not give me satisfaction.

ਉਮਰਾਵਹੁ ਆਗੈ ; ਝੇਰਾ ॥ (621-7, ਸੋਰਠਿ, ਮਃ 5)

I presented my dispute to the noblemen as well.

ਮਿਲਿ ਰਾਜਨਰਾਮ ; ਨਿਬੇਰਾ ॥੧॥ (621-7, ਸੋਰਠਿ, ਮਃ 5)

But it was only settled by meeting with the King, my Lord. ||1||

ਅਬ ਢੂਢਨ ; ਕਤਹੁ ਨ ਜਾਈ ॥ (621-8, ਸੋਰਠਿ, ਮਃ 5)
Now, I do not go searching anywhere else,

ਗੋਬਿਦ ਭੇਟੇ ; ਗੁਰ ਗੋਸਾਈ ॥ ਰਹਾਉ ॥ (621-8, ਸੋਰਠਿ, ਮਃ 5)
because I have met the Guru, Almighty of the Universe. ||Pause||

ਆਇਆ ; ਪ੍ਰਭ ਦਰਬਾਰਾ ॥ (621-8, ਸੋਰਠਿ, ਮਃ 5)
When I came to God's Darbaar, His Holy Court,

ਤਾ ; ਸਗਲੀ ਮਿਟੀ ਪੂਕਾਰਾ ॥ (621-9, ਸੋਰਠਿ, ਮਃ 5)
then all of my cries and complaints were settled.

ਲਬਧਿ ਆਪਣੀ ; ਪਾਈ ॥ (621-9, ਸੋਰਠਿ, ਮਃ 5)
Now that I have attained what I had sought,

ਤਾ ਕਤ ਆਵੈ ; ਕਤ ਜਾਈ ॥੨॥ (621-9, ਸੋਰਠਿ, ਮਃ 5)
where should I come and where should I go? ||2||

ਤਹ ; ਸਾਚ ਨਿਆਇ ਨਿਬੇਰਾ ॥ (621-9, ਸੋਰਠਿ, ਮਃ 5)
There, true justice is administered.

ਊਹਾ ; ਸਮ ਠਾਕੁਰੁ ਸਮ ਚੇਰਾ ॥ (621-10, ਸੋਰਠਿ, ਮਃ 5)
There, Almighty Master and His disciple are one and the same.

ਅੰਤਰਜਾਮੀ ; ਜਾਨੈ ॥ (੬੨੧-੧੦, ਸੋਰਠਿ, ਮਃ ੫)
The Inner-knower, the Searcher of hearts, knows.

ਬਿਨੁ ਬੋਲਤ ; ਆਪਿ ਪਛਾਨੈ ॥੩॥ (621-10, ਸੋਰਠਿ, ਮਃ 5)
Without our speaking, He understands. ||3||

ਸਰਬ ਥਾਨ ਕੋ ; ਰਾਜਾ ॥ (621-11, ਸੋਰਠਿ, ਮਃ 5)
He is the King of all places.

ਤਹ ; ਅਨਹਦ ਸਬਦ ਅਗਾਜਾ ॥ (621-11, ਸੋਰਠਿ, ਮਃ 5)
There, the unstruck melody of the Shabad resounds.

ਤਿਸੁ ਪਹਿ ; ਕਿਆ ਚਤੁਰਾਈ ॥ (621-11, ਸੋਰਠਿ, ਮਃ 5)

Of what use is cleverness when dealing with Him?

ਮਿਲੁ ਨਾਨਕ ; ਆਪੁ ਗਵਾਈ ॥੪॥੧॥੫੧॥ (621-11, ਸੋਰਠਿ, ਮਃ 5)

Meeting with Him, Guru Nanak says, one loses his self-conceit. ||4||1||51||

ਸੋਰਠਿ , ਮਹਲਾ ੫ ॥ (621-12)

Sorath, Fifth Mahala:

ਹਿਰਦੈ ; ਨਾਮੁ ਵਸਾਇਹੁ ॥ (621-12, ਸੋਰਠਿ, ਮਃ 5)

Enshrine Almighty's Name (Naam), within your heart;

ਘਰਿ ਬੈਠੇ ; ਗੁਰੂ ਧਿਆਇਹੁ ॥ (621-12, ਸੋਰਠਿ, ਮਃ 5)

sitting within your own home, meditate on the Guru.

ਗੁਰਿ ਪੂਰੈ ; ਸਚੁ ਕਹਿਆ ॥ (621-13, ਸੋਰਠਿ, ਮਃ 5)

The Perfect Guru has spoken the Truth;

ਸੋ ਸੁਖੁ ਸਾਚਾ ; ਲਹਿਆ ॥੧॥ (621-13, ਸੋਰਠਿ, ਮਃ 5)

the True Peace is obtained only from Almighty. ||1||

ਅਪੁਨਾ ਹੋਇਓ ; ਗੁਰੁ ਮਿਹਰਵਾਨਾ ॥ (621-13, ਸੋਰਠਿ, ਮਃ 5)

My Guru has become merciful.

ਅਨਦ ਸੂਖ ਕਲਿਆਣ ਮੰਗਲ ਸਿਉ ;
ਘਰਿ ਆਏ ਕਰਿ ਇਸਨਾਨਾ ॥ ਰਹਾਉ ॥ (621-13, ਸੋਰਠਿ, ਮਃ 5)

In bliss, peace, pleasure and joy, I have returned to my own home, after my purifying bath. ||Pause||

ਸਾਚੀ ; ਗੁਰ ਵਡਿਆਈ ॥ (621-14, ਸੋਰਠਿ, ਮਃ 5)

True is the glorious greatness of the Guru;

ਤਾ ਕੀ ਕੀਮਤਿ ; ਕਹਣੁ ਨ ਜਾਈ ॥ (621-14, ਸੋਰਠਿ, ਮਃ 5)

His worth cannot be described.

ਸਿਰਿ ਸਾਹਾ ; ਪਾਤਿਸਾਹਾ ॥ (621-15, ਸੋਰਠਿ, ਮਃ 5)

He is the Supreme Overlord of kings.

ਗੁਰ ਭੇਟਤ ; ਮਨਿ ਓਮਾਹਾ ॥੨॥ (621-15, ਸੋਰਠਿ, ਮਃ 5)

Meeting with the Guru, the mind is enraptured. ||2||

ਸਗਲ ਪਰਾਛਤ ; ਲਾਥੇ ॥ (621-15, ਸੋਰਠਿ, ਮਃ 5)

All sins are washed away,

ਮਿਲਿ ਸਾਧਸੰਗਤਿ ; ਕੈ ਸਾਥੇ ॥ (621-15, ਸੋਰਠਿ, ਮਃ 5)

meeting with the Saadh Sangat, the Company of the Holy.

ਗੁਣ ਨਿਧਾਨ ; ਹਰਿ ਨਾਮਾ ॥ (621-16, ਸੋਰਠਿ, ਮਃ 5)

The Almighty's Name is the treasure of excellence;

ਜਪਿ ; ਪੂਰਨ ਹੋਏ ਕਾਮਾ ॥੩॥ (621-16, ਸੋਰਠਿ, ਮਃ 5)

chanting it, one's affairs are perfectly resolved. ||3||

ਗੁਰਿ ; ਕੀਨੋ ਮੁਕਤਿ ਦੁਆਰਾ ॥ (621-16, ਸੋਰਠਿ, ਮਃ 5)

The Guru has opened the door of liberation,

ਸਭ ਸ੍ਰਿਸਟਿ ; ਕਰੈ ਜੈਕਾਰਾ ॥ (621-17, ਸੋਰਠਿ, ਮਃ 5)

and the entire world applauds Him with cheers of victory.

ਨਾਨਕ , ਪ੍ਰਭੁ ; ਮੇਰੈ ਸਾਥੇ ॥ (621-17, ਸੋਰਠਿ, ਮਃ 5)

Guru Nanak says, God is always with me;

ਜਨਮ ਮਰਣ ; ਭੈ ਲਾਥੇ ॥੪॥੨॥੫੨॥ (621-17, ਸੋਰਠਿ, ਮਃ 5)

my fears of birth and death are gone. ||4||2||52||

ਸੋਰਠਿ , ਮਹਲਾ ੫ ॥ (621-18)

Sorath, Fifth Mahala:

ਗੁਰਿ ਪੂਰੈ ; ਕਿਰਪਾ ਧਾਰੀ ॥ (621-18, ਸੋਰਠਿ, ਮਃ 5)

The Perfect Guru has granted His Grace,

ਪ੍ਰਭਿ ; ਪੂਰੀ ਲੋਚ ਹਮਾਰੀ ॥ (621-18, ਸੋਰਠਿ, ਮਃ 5)
and God has fulfilled my desire.

ਕਰਿ ਇਸਨਾਨੁ ; ਗ੍ਰਿਹਿ ਆਏ ॥ (621-18, ਸੋਰਠਿ, ਮਃ 5)
After taking my bath of purification, I returned to my home,

ਅਨਦ ਮੰਗਲ ; ਸੁਖ ਪਾਏ ॥੧॥ (621-19, ਸੋਰਠਿ, ਮਃ 5)
and I found bliss, happiness and peace. ||1||

ਸੰਤਹੁ ; ਰਾਮ ਨਾਮਿ ਨਿਸਤਰੀਐ ॥ (621-19, ਸੋਰਠਿ, ਮਃ 5)
O Saints, salvation comes from the Almighty's Name.

ਊਠਤ ਬੈਠਤ ਹਰਿ ਹਰਿ ਧਿਆਈਐ ;
ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥ (621-19, ਸੋਰਠਿ, ਮਃ 5)
While standing up and sitting down, meditate on the Almighty's Name. Night and day, do good deeds. ||1||Pause||

ਸੰਤ ਕਾ ਮਾਰਗੁ ਧਰਮ ਕੀ ਪਉੜੀ ; ਕੋ ਵਡਭਾਗੀ ਪਾਏ ॥ (622-1, ਸੋਰਠਿ, ਮਃ 5)
The way of the Saints is the ladder of righteous living, found only by great good fortune.

ਕੋਟਿ ਜਨਮ ਕੇ ਕਿਲਬਿਖ ਨਾਸੇ ; ਹਰਿ ਚਰਣੀ ਚਿਤੁ ਲਾਏ ॥੨॥ (622-1, ਸੋਰਠਿ, ਮਃ 5)
The sins of millions of incarnations are washed away, by focusing your consciousness on Almighty's feet. ||2||

ਉਸਤਤਿ ਕਰਹੁ ਸਦਾ ਪ੍ਰਭ ਅਪਨੇ ; ਜਿਨਿ ਪੂਰੀ ਕਲ ਰਾਖੀ ॥ (622-2, ਸੋਰਠਿ, ਮਃ 5)
So sing the Praises of your God forever; His almighty power is perfect.

ਜੀਅ ਜੰਤ ਸਭਿ ਭਏ ਪਵਿਤ੍ਰਾ ; ਸਤਿਗੁਰ ਕੀ ਸਚੁ ਸਾਖੀ ॥੩॥ (622-3, ਸੋਰਠਿ, ਮਃ 5)
All beings and creatures are purified, listening to the True Teachings of the True Guru. ||3||

ਬਿਘਨ ਬਿਨਾਸਨ ਸਭਿ ਦੁਖ ਨਾਸਨ ; ਸਤਿਗੁਰਿ ਨਾਮੁ ਦ੍ਰਿੜਾਇਆ ॥(622-3, ਸੋਰਠਿ, ਮਃ 5)
The True Guru has implanted Almighty's Name (Naam), within me; it is the Eliminator of obstructions, the Destroyer of all pains.

ਖੋਏ ਪਾਪ ਭਏ ਸਭਿ ਪਾਵਨ ;
ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥ (622-4, ਸੋਰਠਿ, ਮਃ 5)

All of my sins were erased, and I have been purified; servant Nanak has returned to his home of peace. ||4||3||53||

ਸੋਰਠਿ , ਮਹਲਾ ੫ ॥ (622-5)

Sorath, Fifth Mahala:

ਸਾਹਿਬੁ ; ਗੁਨੀ ਗਹੇਰਾ ॥ (622-5, ਸੋਰਠਿ, ਮਃ 5)

Dear Almighty, You are the ocean of excellence.

ਘਰੁ ਲਸਕਰੁ ; ਸਭੁ ਤੇਰਾ ॥ (622-5, ਸੋਰਠਿ, ਮਃ 5)

My home and all my possessions are Yours.

ਰਖਵਾਲੇ ; ਗੁਰ ਗੋਪਾਲਾ ॥ (622-5, ਸੋਰਠਿ, ਮਃ 5)

The Guru, Almighty of the world, is my Savior.

ਸਭਿ ਜੀਅ ਭਏ ; ਦਇਆਲਾ ॥੧॥ (622-5, ਸੋਰਠਿ, ਮਃ 5)

All beings have become kind and compassionate to me. ||1||

ਜਪਿ ਅਨਦਿ ਰਹਉ ; ਗੁਰ ਚਰਣਾ ॥ (622-6, ਸੋਰਠਿ, ਮਃ 5)

Meditating on the Guru's feet, I am in bliss.

ਭਉ ਕਤਹਿ ਨਹੀ ; ਪ੍ਰਭ ਸਰਣਾ ॥ ਰਹਾਉ ॥ (622-6, ਸੋਰਠਿ, ਮਃ 5)

There is no fear at all, in God's Sanctuary. ||Pause||

ਤੇਰਿਆ ਦਾਸਾ ਰਿਦੈ ; ਮੁਰਾਰੀ ॥ (622-6, ਸੋਰਠਿ, ਮਃ 5)

You dwell in the hearts of Your slaves, Lord.

ਪ੍ਰਭਿ ; ਅਬਿਚਲ ਨੀਵ ਉਸਾਰੀ ॥ (622-7, ਸੋਰਠਿ, ਮਃ 5)

God has laid the eternal foundation.

ਬਲੁ ਧਨੁ ; ਤਕੀਆ ਤੇਰਾ ॥ (622-7, ਸੋਰਠਿ, ਮਃ 5)

You are my strength, wealth and support.

ਤੂ ਭਾਰੋ ਠਾਕੁਰੁ ; ਮੇਰਾ ॥੨॥ (622-7, ਸੋਰਠਿ, ਮਃ 5)
You are my Almighty Master. ||2||

ਜਿਨਿ ਜਿਨਿ ; ਸਾਧਸੰਗੁ ਪਾਇਆ ॥ (622-8, ਸੋਰਠਿ, ਮਃ 5)
Whoever finds the Saadh Sangat, the Company of the Holy,

ਸੋ ; ਪ੍ਰਭਿ ਆਪਿ ਤਰਾਇਆ ॥ (622-8, ਸੋਰਠਿ, ਮਃ 5)
is saved by God Himself.

ਕਰਿ ਕਿਰਪਾ ; ਨਾਮ ਰਸੁ ਦੀਆ ॥ (622-8, ਸੋਰਠਿ, ਮਃ 5)
By His Grace, He has blessed me with the sublime essence of Almighty's Name (Naam).

ਕੁਸਲ ਖੇਮ ; ਸਭ ਥੀਆ ॥੩॥ (622-8, ਸੋਰਠਿ, ਮਃ 5)
All joy and pleasure then came to me. ||3||

ਹੋਏ ; ਪ੍ਰਭੂ ਸਹਾਈ ॥ (622-9, ਸੋਰਠਿ, ਮਃ 5)
God became my helper and my best friend;

ਸਭ ਉਠਿ ; ਲਾਗੀ ਪਾਈ ॥ (622-9, ਸੋਰਠਿ, ਮਃ 5)
everyone rises up and bows down at my feet.

ਸਾਸਿ ਸਾਸਿ ; ਪ੍ਰਭੁ ਧਿਆਈਐ ॥ (622-9, ਸੋਰਠਿ, ਮਃ 5)
With each and every breath, meditate on God;

ਹਰਿ ਮੰਗਲੁ ਨਾਨਕ ; ਗਾਈਐ ॥੪॥੪॥੫੪॥ (622-9, ਸੋਰਠਿ, ਮਃ 5)
Guru Nanak says, sing the songs of joy to Almighty. ||4||4||54||

ਸੋਰਠਿ , ਮਹਲਾ ੫ ॥ (622-10)
Sorath, Fifth Mahala:

ਸੂਖ ਸਹਜ ; ਆਨੰਦਾ ॥ (622-10, ਸੋਰਠਿ, ਮਃ 5)
Celestial peace and bliss have come,

ਪ੍ਰਭੁ ਮਿਲਿਓ ; ਮਨਿ ਭਾਵੰਦਾ ॥ (622-10, ਸੋਰਠਿ, ਮਃ 5)
meeting God, who is so pleasing to my mind.

ਪੂਰੈ ਗੁਰਿ ; ਕਿਰਪਾ ਧਾਰੀ ॥ (622-11, ਸੋਰਠਿ, ਮਃ 5)

The Perfect Guru showered me with His Mercy,

ਤਾ ਗਤਿ ਭਈ ; ਹਮਾਰੀ ॥੧॥ (622-11, ਸੋਰਠਿ, ਮਃ 5)

and I attained salvation. ||1||

ਹਰਿ ਕੀ ਪ੍ਰੇਮ ਭਗਤਿ ; ਮਨੁ ਲੀਨਾ ॥ (622-11, ਸੋਰਠਿ, ਮਃ 5)

My mind is absorbed in loving devotional worship of Almighty,

ਨਿਤ ਬਾਜੇ ; ਅਨਹਤ ਬੀਨਾ ॥ ਰਹਾਉ ॥ (622-11, ਸੋਰਠਿ, ਮਃ 5)

and the unstruck melody of the celestial sound current ever resounds within me. ||Pause||

ਹਰਿ ਚਰਣ ਕੀ ਓਟ ; ਸਤਾਣੀ ॥ (622-12, ਸੋਰਠਿ, ਮਃ 5)

Almighty's feet are my all-powerful shelter and support;

ਸਭ ਚੂਕੀ ; ਕਾਣਿ ਲੋਕਾਣੀ ॥ (622-12, ਸੋਰਠਿ, ਮਃ 5)

my dependence on other people is totally finished.

ਜਗਜੀਵਨੁ ਦਾਤਾ ; ਪਾਇਆ ॥ (622-12, ਸੋਰਠਿ, ਮਃ 5)

I have found the Life of the world, the Great Giver;

ਹਰਿ ਰਸਕਿ ਰਸਕਿ ; ਗੁਣ ਗਾਇਆ ॥੨॥ (622-13, ਸੋਰਠਿ, ਮਃ 5)

in joyful rapture, I sing the Praises of Almighty's virtues. ||2||

ਪ੍ਰਭ ; ਕਾਟਿਆ ਜਮ ਕਾ ਫਾਸਾ ॥ (622-13, ਸੋਰਠਿ, ਮਃ 5)

God has cut away the noose of death.

ਮਨ ; ਪੂਰਨ ਹੋਈ ਆਸਾ ॥ (622-13, ਸੋਰਠਿ, ਮਃ 5)

My mind's desires have been fulfilled;

ਜਹ ਪੇਖਾ ; ਤਹ ਸੋਈ ॥ (622-14, ਸੋਰਠਿ, ਮਃ 5)

wherever I look, He is there.

ਹਰਿ ਪ੍ਰਭ ਬਿਨੁ ; ਅਵਰੁ ਨ ਕੋਈ ॥੩॥ (622-14, ਸੋਰਠਿ, ਮਃ 5)

Without Almighty, there is no other at all. ||3||

ਕਰਿ ਕਿਰਪਾ ; ਪ੍ਰਭਿ ਰਾਖੇ ॥ (622-14, ਸੋਰਠਿ, ਮਃ 5)
In His Mercy, God has protected and preserved me.

ਸਭਿ ਜਨਮ ਜਨਮ ਦੁਖ ; ਲਾਥੇ ॥ (622-14, ਸੋਰਠਿ, ਮਃ 5)
I am rid of all the pains of countless incarnations.

ਨਿਰਭਉ ਨਾਮੁ ; ਧਿਆਇਆ ॥ (622-15, ਸੋਰਠਿ, ਮਃ 5)
I have meditated on Almighty's Name (Naam), the Name of the Fearless Lord;

ਅਟਲ ਸੁਖੁ ; ਨਾਨਕ ਪਾਇਆ ॥੪॥੫॥੫੫॥ (ਅਟੱਲ ਬੋਲੋ) (622-15, ਸੋਰਠਿ, ਮਃ 5)
Guru Nanak says, I have found eternal peace. ||4||5||55||

ਸੋਰਠਿ , ਮਹਲਾ ੫ ॥ (622-15)
Sorath, Fifth Mahala:

ਠਾਢਿ ਪਾਈ ; ਕਰਤਾਰੇ ॥ (ਠਾਂਢਿ ਬੋਲੋ) (622-16, ਸੋਰਠਿ, ਮਃ 5)
The Creator has brought utter peace to my home;

ਤਾਪੁ ਛੋਡਿ ਗਇਆ ; ਪਰਵਾਰੇ ॥ (622-16, ਸੋਰਠਿ, ਮਃ 5)
the fever has left my family.

ਗੁਰਿ ਪੂਰੈ ਹੈ ; ਰਾਖੀ ॥ (622-16, ਸੋਰਠਿ, ਮਃ 5)
The Perfect Guru has saved us.

ਸਰਣਿ ਸਚੇ ਕੀ ; ਤਾਕੀ ॥੧॥ (ਤਾੱਕੀ ਬੋਲੋ) (622-16, ਸੋਰਠਿ, ਮਃ 5)
I sought the Sanctuary of the Almighty. ||1||

ਪਰਮੇਸਰੁ ; ਆਪਿ ਹੋਆ ਰਖਵਾਲਾ ॥ (622-17, ਸੋਰਠਿ, ਮਃ 5)
The Transcendent Lord Himself has become my Protector.

ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ;
ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ (622-17, ਸੋਰਠਿ, ਮਃ 5)
Tranquility, intuitive peace and poise welled up in an instant, and my mind was comforted forever. ||Pause||

ਹਰਿ ਹਰਿ ਨਾਮੁ ; ਦੀਓ ਦਾਰੂ ॥ (622-18, ਸੋਰਠਿ, ਮਃ 5)
Almighty, gave me the medicine of His Name,

ਤਿਨਿ ; ਸਗਲਾ ਰੋਗੁ ਬਿਦਾਰੂ ॥ (622-18, ਸੋਰਠਿ, ਮਃ 5)
which has cured all disease.

ਅਪਣੀ ਕਿਰਪਾ ; ਧਾਰੀ ॥ (622-18, ਸੋਰਠਿ, ਮਃ 5)
He extended His Mercy to me,

ਤਿਨਿ ; ਸਗਲੀ ਬਾਤ ਸਵਾਰੀ ॥੨॥ (622-18, ਸੋਰਠਿ, ਮਃ 5)
and resolved all these affairs. ||2||

ਪ੍ਰਭਿ ; ਅਪਨਾ ਬਿਰਦੁ ਸਮਾਰਿਆ ॥ (622-19, ਸੋਰਠਿ, ਮਃ 5)
God confirmed His loving nature;

ਹਮਰਾ ਗੁਣੁ ਅਵਗੁਣੁ ; ਨ ਬੀਚਾਰਿਆ ॥ (622-19, ਸੋਰਠਿ, ਮਃ 5)
He did not take my merits or demerits into account.

ਗੁਰ ਕਾ ਸਬਦੁ ; ਭਇਓ ਸਾਖੀ ॥ (622-19, ਸੋਰਠਿ, ਮਃ 5)
The Guru's Shabad has become manifest,

ਤਿਨਿ ; ਸਗਲੀ ਲਾਜ ਰਾਖੀ ॥੩॥ (623-1, ਸੋਰਠਿ, ਮਃ 5)
and through it, my honor was totally preserved. ||3||

ਬੋਲਾਇਆ ਬੋਲੀ ; ਤੇਰਾ ॥ (623-1, ਸੋਰਠਿ, ਮਃ 5)
I speak as You cause me to speak;

ਤੂ ਸਾਹਿਬੁ ; ਗੁਣੀ ਗਹੇਰਾ ॥ (623-1, ਸੋਰਠਿ, ਮਃ 5)
O Master, You are the ocean of excellence.

ਜਪਿ ਨਾਨਕ ; ਨਾਮੁ ਸਚੁ ਸਾਖੀ ॥ (623-1, ਸੋਰਠਿ, ਮਃ 5)
Nanak chants Almighty's Name (Naam), according to the Teachings of Truth.

ਅਪੁਨੇ ਦਾਸ ਕੀ ਪੈਜ ; ਰਾਖੀ ॥੪॥੬॥੫੬॥ (623-2, ਸੋਰਠਿ, ਮਃ 5)
God preserves the honor of His slaves. ||4||6||56||

ਸੋਰਠਿ , ਮਹਲਾ ੫ ॥ (623-2)
Sorath, Fifth Mahala:

Prologue: Guru Arjan Dev Ji uttered the following shabad upon the completion of Sri Amritsar Serovar (The Pool of Nectar).

ਵਿਚਿ ; ਕਰਤਾ ਪੁਰਖੁ ਖਲੋਆ ॥ (623-2, ਸੋਰਠਿ, ਮਃ 5)
The Creator Lord Himself stood between us,

ਵਾਲੁ ; ਨ ਵਿੰਗਾ ਹੋਆ ॥ (623-3, ਸੋਰਠਿ, ਮਃ 5)
and not a hair upon my head was touched.

ਮਜਨੁ ; ਗੁਰ ਆਂਦਾ ਰਾਸੇ ॥ (ਮੱਜਨੁ ਬੋਲੋ) (623-3, ਸੋਰਠਿ, ਮਃ 5)
The Guru made my cleansing bath successful;

ਜਪਿ ਹਰਿ ਹਰਿ ; ਕਿਲਵਿਖ ਨਾਸੇ ॥੧॥ (623-3, ਸੋਰਠਿ, ਮਃ 5)
meditating on Almighty, my sins were erased. ||1||

ਸੰਤਹੁ ; ਰਾਮਦਾਸ ਸਰੋਵਰੁ ਨੀਕਾ ॥ (623-4, ਸੋਰਠਿ, ਮਃ 5)
O Saints, the purifying pool of Ram Das is sublime.

ਜੋ ਨਾਵੈ ਸੋ ਕੁਲੁ ਤਰਾਵੈ ; (ਨ੍ਹਾਵੈ ਬੋਲੋ)
ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥ (623-4, ਸੋਰਠਿ, ਮਃ 5)
Whoever bathes in it, his family and ancestry are saved, and his soul is saved as well. ||1||Pause||

ਜੈ ਜੈ ਕਾਰੁ ; ਜਗੁ ਗਾਵੈ ॥ (623-5, ਸੋਰਠਿ, ਮਃ 5)
The world sings cheers of victory,

ਮਨ ਚਿੰਦਿਅੜੇ ; ਫਲ ਪਾਵੈ ॥ (623-5, ਸੋਰਠਿ, ਮਃ 5)
and the fruits of his mind's desires are obtained.

ਸਹੀ ਸਲਾਮਤਿ ; ਨਾਇ ਆਏ ॥ (ਨ੍ਹਾਇ ਬੋਲੋ)
ਅਪਣਾ ਪ੍ਰਭੂ ; ਧਿਆਏ ॥੨॥ (623-5, ਸੋਰਠਿ, ਮਃ 5)
Whoever comes and bathes here, and meditates on his God, is safe and sound. ||2||

ਸੰਤ ਸਰੋਵਰ ; ਨਾਵੈ ॥ (ਨ੍ਹਾਵੈ ਬੋਲੋ) (623-6, ਸੋਰਠਿ, ਮਃ 5)
One who bathes in the healing pool of the Saints,

ਸੋ ਜਨੁ ; ਪਰਮ ਗਤਿ ਪਾਵੈ ॥ (623-6, ਸੋਰਠਿ, ਮਃ 5)
that humble being obtains the supreme status.

ਮਰੈ ਨ ; ਆਵੈ ਜਾਈ ॥ (623-6, ਸੋਰਠਿ, ਮਃ 5)
He does not die, or come and go in reincarnation;

ਹਰਿ ਹਰਿ ਨਾਮੁ ; ਧਿਆਈ ॥੩॥ (623-6, ਸੋਰਠਿ, ਮਃ 5)
he meditates on Almighty's Name (Naam). ||3||

ਇਹੁ ਬ੍ਰਹਮ ਬਿਚਾਰੁ ; ਸੁ ਜਾਨੈ ॥ (623-7, ਸੋਰਠਿ, ਮਃ 5)
He alone knows this about God,

ਜਿਸੁ ; ਦਇਆਲੁ ਹੋਇ ਭਗਵਾਨੈ ॥ (623-7, ਸੋਰਠਿ, ਮਃ 5)
whom God blesses with His kindness.

ਬਾਬਾ ਨਾਨਕ ; ਪ੍ਰਭ ਸਰਣਾਈ ॥ (623-7, ਸੋਰਠਿ, ਮਃ 5)
Baba Nanak seeks the Sanctuary of God;

ਸਭ ਚਿੰਤਾ ਗਣਤ ; ਮਿਟਾਈ ॥੪॥੭॥੫੭॥ (623-7, ਸੋਰਠਿ, ਮਃ 5)
all his worries and anxieties are dispelled. ||4||7||57||

ਸੋਰਠਿ , ਮਹਲਾ ੫ ॥ (623-8)
Sorath, Fifth Mahala:

ਪਾਰਬ੍ਰਹਮਿ ; ਨਿਬਾਹੀ ਪੂਰੀ ॥ (623-8, ਸੋਰਠਿ, ਮਃ 5)
The Supreme Almighty has stood by me and fulfilled me,

ਕਾਈ ਬਾਤ ; ਨ ਰਹੀਆ ਊਰੀ ॥ (623-8, ਸੋਰਠਿ, ਮਃ 5)
and nothing is left unfinished.

ਗੁਰਿ ਚਰਨ ਲਾਇ ; ਨਿਸਤਾਰੇ ॥ (623-9, ਸੋਰਠਿ, ਮਃ 5)
Attached to the Guru's feet, I am saved;

ਹਰਿ ਹਰਿ ਨਾਮੁ ; ਸਮ੍ਾਰੇ ॥੧॥ (623-9, ਸੋਰਠਿ, ਮ: 5)

I contemplate and cherish Almighty's Name (Naam). ||1||

ਅਪਨੇ ਦਾਸ ਕਾ ; ਸਦਾ ਰਖਵਾਲਾ ॥ (623-9, ਸੋਰਠਿ, ਮ: 5)

He is forever the Savior of His slaves.

ਕਰਿ ਕਿਰਪਾ , ਅਪੁਨੇ ਕਰਿ ਰਾਖੇ ;
ਮਾਤ ਪਿਤਾ ਜਿਉ ਪਾਲਾ ॥੧॥ ਰਹਾਉ ॥ (623-10, ਸੋਰਠਿ, ਮ: 5)

Bestowing His Mercy, He made me His own and preserved me; like a mother or father, He cherishes me. ||1||Pause||

ਵਡਭਾਗੀ ; ਸਤਿਗੁਰੁ ਪਾਇਆ ॥ (623-10, ਸੋਰਠਿ, ਮ: 5)

By great good fortune, I found the True Guru,

ਜਿਨਿ ਜਮ ; ਕਾ ਪੰਥੁ ਮਿਟਾਇਆ ॥ (623-11, ਸੋਰਠਿ, ਮ: 5)

who obliterated the path of the Messenger of Death.

ਹਰਿ ਭਗਤਿ ਭਾਇ ; ਚਿਤੁ ਲਾਗਾ ॥ (623-11, ਸੋਰਠਿ, ਮ: 5)

My consciousness is focused on loving, devotional worship of Almighty.

ਜਪਿ ਜੀਵਹਿ ; ਸੇ ਵਡਭਾਗਾ ॥੨॥ (623-11, ਸੋਰਠਿ, ਮ: 5)

One who lives in this meditation is very fortunate indeed. ||2||

ਹਰਿ ਅੰਮ੍ਰਿਤ ਬਾਣੀ ; ਗਾਵੈ ॥ (623-11, ਸੋਰਠਿ, ਮ: 5)

He sings the Ambrosial Guru's Bani,

ਸਾਧਾ ਕੀ ਧੂਰੀ ; ਨਾਵੈ ॥ (ਨ੍ਹਾਵੈ ਬੋਲੋ) (623-12, ਸੋਰਠਿ, ਮ: 5)

and bathes in the dust of the feet of the Holy.

ਅਪੁਨਾ ਨਾਮੁ ; ਆਪੇ ਦੀਆ ॥ (623-12, ਸੋਰਠਿ, ਮ: 5)

He Himself bestows His Name.

ਪ੍ਰਭ ਕਰਣਹਾਰ ; ਰਖਿ ਲੀਆ ॥੩॥ (623-12, ਸੋਰਠਿ, ਮ: 5)

God, the Creator, saves us. ||3||

ਹਰਿ ਦਰਸਨ ; ਪ੍ਰਾਨ ਅਧਾਰਾ ॥ (623-13, ਸੋਰਠਿ, ਮਃ 5)

The Blessed Vision of Almighty's Darshan is the support of the breath of life.

ਇਹੁ ਪੂਰਨ ; ਬਿਮਲ ਬੀਚਾਰਾ ॥ (623-13, ਸੋਰਠਿ, ਮਃ 5)

This is the perfect, pure wisdom.

ਕਰਿ ਕਿਰਪਾ ; ਅੰਤਰਜਾਮੀ ॥ (623-13, ਸੋਰਠਿ, ਮਃ 5)

The Inner-knower, the Searcher of hearts, has granted His Mercy;

ਦਾਸ ਨਾਨਕ ; ਸਰਣਿ ਸੁਆਮੀ ॥੪॥੮॥੫੮॥ (623-13, ਸੋਰਠਿ, ਮਃ 5)

slave Nanak seeks the Sanctuary of his Master. ||4||8||58||

ਸੋਰਠਿ , ਮਹਲਾ ੫ ॥ (623-14)

Sorath, Fifth Mahala:

ਗੁਰਿ ਪੂਰੈ ; ਚਰਨੀ ਲਾਇਆ ॥ (623-14, ਸੋਰਠਿ, ਮਃ 5)

The Perfect Guru has attached me to His feet.

ਹਰਿ ਸੰਗਿ ਸਹਾਈ ; ਪਾਇਆ ॥ (623-14, ਸੋਰਠਿ, ਮਃ 5)

I have obtained Almighty as my companion, my support, my best friend.

ਜਹ ਜਾਈਐ ; ਤਹਾ ਸੁਹੇਲੇ ॥ (623-15, ਸੋਰਠਿ, ਮਃ 5)

Wherever I go, I am happy there.

ਕਰਿ ਕਿਰਪਾ ; ਪ੍ਰਭਿ ਮੇਲੇ ॥੧॥ (623-15, ਸੋਰਠਿ, ਮਃ 5)

By His Kind Mercy, God united me with Himself. ||1||

ਹਰਿ ਗੁਣ ਗਾਵਹੁ ; ਸਦਾ ਸੁਭਾਈ ॥ (623-15, ਸੋਰਠਿ, ਮਃ 5)

ਦਸ ਅਉਤਾਰ ਰਾਜੇ ਹੋਇ ਵਰਤੇ ; ਮਹਾਦੇਵ ਅਉਧੂਤਾ ॥ (747-12, ਸੂਹੀ, ਮਃ 5)

There were ten regal incarnations of Vishnu; and then there was Shiva, the renunciate.

ਤਿਨ੍ ਭੀ ਅੰਤੁ ਨ ਪਾਇਓ ਤੇਰਾ ; ਲਾਇ ਥਕੇ ਬਿਭੂਤਾ ॥੩॥ (747-13, ਸੂਹੀ, ਮਃ 5)

He did not find Your limits either, although he grew weary of smearing his body with ashes. ||3||

ਸਹਜ ਸੁਖ ਆਨੰਦ ਨਾਮ ਰਸ ; ਹਰਿ ਸੰਤੀ ਮੰਗਲੁ ਗਾਇਆ ॥ (747-13, ਸੂਹੀ, ਮਃ 5)

Peace, poise and bliss are found in the subtle essence of Almighty’s Name (Naam). Almighty's Saints sing the songs of joy.

ਸਫਲ ਦਰਸਨੁ ਭੇਟਿਓ ਗੁਰ ਨਾਨਕ ;
ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥ (747-14, ਸੂਹੀ, ਮਃ 5)

I have obtained the Fruitful Vision of Guru Nanak's Darshan, and with my mind and body I meditate on Almighty. ||4||2||49||

ਸੂਹੀ , ਮਹਲਾ ੫ ॥ (747-15)

Suhi, Fifth Mahala:

ਕਰਮ ਧਰਮ ਪਾਖੰਡ ਜੋ ਦੀਸਹਿ ; ਤਿਨ ਜਮੁ ਜਾਗਾਤੀ ਲੂਟੈ ॥ (747-15, ਸੂਹੀ, ਮਃ 5)

The religious rites, rituals and hypocrisies which are seen, are plundered by the Messenger of Death, the ultimate tax collector.

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ;
ਨਿਮਖ ਸਿਮਰਤ ਜਿਤੁ ਛੂਟੈ ॥੧॥ (747-16, ਸੂਹੀ, ਮਃ 5)

In the painless state (Nirvana), sing the Kirtan of the Creator's Praises; contemplating Him in meditation, even for an instant, one is saved. ||1||

ਸੰਤਹੁ ; ਸਾਗਰੁ ਪਾਰਿ ਉਤਰੀਐ ॥ (747-16, ਸੂਹੀ, ਮਃ 5)

O Saints, cross over the world-ocean.

ੴ ਸਤਿਗੁਰ ਪ੍ਰਸਾਦਿ

ਜੇ ਕੋ ਬਚਨੁ ਕਮਾਵੈ ਸੰਤਨ ਕਾ ;
ਸੋ ਗੁਰਪਰਸਾਦੀ ਤਰੀਐ ॥੧॥ ਰਹਾਉ ॥ **(ਗੁਰ-ਪਰਸਾਦੀ ਬੋਲੋ)** (747-16, ਸੂਹੀ, ਮਃ 5)

One who practices the Teachings of the Saints, by Guru's Grace, is carried across. ||1||Pause||

ਕੋਟਿ ਤੀਰਥ ਮਜਨ ਇਸਨਾਨਾ ; **(ਮਜੱਨ ਬੋਲੋ)**
ਇਸੁ ਕਲਿ ਮਹਿ ਮੈਲੁ ਭਰੀਜੈ ॥ (747-17, ਸੂਹੀ, ਮਃ 5)

Millions of cleansing baths at sacred shrines of pilgrimage only fill the mortal with filth in this Dark Age of Kali Yuga.

ਸਾਧਸੰਗਿ ਜੋ ਹਰਿ ਗੁਣ ਗਾਵੈ ; ਸੋ ਨਿਰਮਲੁ ਕਰਿ ਲੀਜੈ ॥੨॥ (747-18, ਸੂਹੀ, ਮਃ 5)

One who sings the Praises of Almighty's virtues in the Saadh Sangat, the Company of the Holy, becomes spotlessly pure. ||2||

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ;
ਇਨ੍ ਪੜਿਆ ਮੁਕਤਿ ਨ ਹੋਈ ॥ (747-18, ਸੂਹੀ, ਮਃ 5)

One may read the for (4) Vedas (Sam, Rig, Yujar & Atharban) , the four Keteb (Zambur, Torat, Bible & Al-Quran), the twenty-seven Simritees (Manu, Yagvalak, Visist, Prasar, Sankh, Lag, Harit, Bridh, Narad, Dakh, Lag Atri, Vrid Atar, Som, Yam, Dat, Budh, Visan, Shukar, Lag Gotam, Vird Gotam, Katyan, Deval, Apastamb, Bheraspat, Vyas, Lekath, Angrish & Sattapan) and the six (6) Shaastras (Purab Mimasa, Visheshakh, Shankh, Niaa,Patangjal & Vedanth), but they will not bring liberation.

ਏਕੁ ਅਖਰੁ ਜੋ ਗੁਰਮੁਖਿ ਜਾਪੈ ; ਤਿਸ ਕੀ ਨਿਰਮਲ ਸੋਈ ॥੩॥ (747-19, ਸੂਹੀ, ਮਃ 5)

One who, as Gurmukh, chants the One Word, acquires a spotlessly pure reputation. ||3||

ਖਤ੍ਰੀ ਬ੍ਰਾਹਮਣ ਸੂਦ ਵੈਸ ; ਉਪਦੇਸੁ ਚਹੁ ਵਰਨਾ ਕਉ ਸਾਝਾ ॥ (747-19, ਸੂਹੀ, ਮਃ 5)

The four castes - the Kh'shaatriyas, Brahmins, Soodras and Vaishyas - are equal in respect to the teachings.

ਗੁਰਮੁਖਿ ਨਾਮੁ ਜਪੈ , ਉਧਰੈ ਸੋ ਕਲਿ ਮਹਿ ;
ਘਟਿ ਘਟਿ , ਨਾਨਕ ਮਾਝਾ ॥੪॥੩॥੫੦॥ (748-1, ਸੂਹੀ, ਮਃ 5)

One who, as Gurmukh, chants Almighty's Name (Naam), is saved. In this Dark Age of Kali Yuga, Guru Nanak says, God is permeating the hearts of each and every being. ||4||3||50||

ਸੂਹੀ , ਮਹਲਾ ੫ ॥ (748-2)

Suhi, Fifth Mahala:

ਜੋ ਕਿਛੁ ਕਰੈ , ਸੋਈ ਪ੍ਰਭ ਮਾਨਹਿ ;
ਓਇ ਰਾਮ ਨਾਮ ਰੰਗਿ ਰਾਤੇ ॥ (ਰਾੱਤੇ ਬੋਲੋ) (748-2, ਸੂਹੀ, ਮਃ 5)

Whatever God causes to happen is accepted, by those who are attuned to the Love of the Almighty's Name.

ਤਿਨ੍ ਕੀ ਸੋਭਾ ਸਭਨੀ ਥਾਈ ; ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥ (748-3, ਸੂਹੀ, ਮਃ 5)

Those who fall at the Feet of God are respected everywhere. ||1||

ਮੇਰੇ ਰਾਮ ; ਹਰਿ ਸੰਤਾ ਜੇਵਡੁ ਨ ਕੋਈ ॥ (748-3, ਸੂਹੀ, ਮਃ 5)

O my Lord, no one is as great as Almighty's Saints.

ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ;
ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ ॥ (748-3, ਸੂਹੀ, ਮਃ 5)

The devotees are in harmony with their God; He is in the water, the land, and the sky. ||1||Pause||

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ; ਜਮੁ ਤਾ ਕੈ ਨੇੜਿ ਨ ਆਵੈ ॥ (748-4, ਸੂਹੀ, ਮਃ 5)

Millions of sinners have been saved in the Saadh Sangat, the Company of the Holy; the Messenger of Death does not even approach them.

ਜਨਮ ਜਨਮ ਕਾ ਬਿਛੁੜਿਆ ਹੋਵੈ ;
ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥ (748-5, ਸੂਹੀ, ਮਃ 5)

Those who have been separated from Almighty, for countless incarnations, are reunited with Almighty again. ||2||

ਮਾਇਆ ਮੋਹ ਭਰਮੁ ਭਉ ਕਾਟੈ ; ਸੰਤ ਸਰਣਿ ਜੋ ਆਵੈ ॥ (748-5, ਸੂਹੀ, ਮਃ 5)

Attachment to Maya, illusion and fear are eradicated, when one enters the Sanctuary of the Saints.

ਜੇਹਾ ਮਨੋਰਥੁ ਕਰਿ ਆਰਾਧੇ ; ਸੋ ਸੰਤਨ ਤੇ ਪਾਵੈ ॥੩॥ (748-6, ਸੂਹੀ, ਮਃ 5)

Whatever wishes one harbors, are obtained from the Saints. ||3||

ਜਨ ਕੀ ਮਹਿਮਾ ਕੇਤਕ ਬਰਨਉ ; ਜੋ ਪ੍ਰਭ ਅਪਨੇ ਭਾਣੇ ॥ (748-6, ਸੂਹੀ, ਮਃ 5)

How can I describe the glory of Almighty's humble servants? They are pleasing to their God.

ਕਹੁ ਨਾਨਕ , ਜਿਨ ਸਤਿਗੁਰੁ ਭੇਟਿਆ ;
ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥ (748-7, ਸੂਹੀ, ਮਃ 5)
Says Nanak, those who meet the True Guru, become independent of all obligations. ||4||4||51||

ਸੂਹੀ , ਮਹਲਾ ੫ ॥ (748-8)
Suhi, Fifth Mahala:

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ; ਪਏ ਤੇਰੀ ਸਰਣਾਈ ॥ (748-8, ਸੂਹੀ, ਮਃ 5)
Giving me Your Hand, You saved me from the terrible fire, when I sought Your Sanctuary.

ਤੇਰਾ ਮਾਣੁ ਤਾਣੁ ਰਿਦ ਅੰਤਰਿ ; ਹੋਰ ਦੂਜੀ ਆਸ ਚੁਕਾਈ ॥੧॥ (748-8, ਸੂਹੀ, ਮਃ 5)
Deep within my heart, I respect Your strength; I have abandoned all other hopes. ||1||

ਮੇਰੇ ਰਾਮ ਰਾਇ ; ਤੁਧੁ ਚਿਤਿ ਆਇਐ ਉਬਰੇ ॥ (748-9, ਸੂਹੀ, ਮਃ 5)
O my Sovereign Lord, when You enter my consciousness, I am saved.

ਤੇਰੀ ਟੇਕ ਭਰਵਾਸਾ ਤੁਮ੍ਰਾ ;
ਜਪਿ ਨਾਮੁ ਤੁਮ੍ਾਰਾ ਉਧਰੇ ॥੧॥ ਰਹਾਉ ॥ (748-9, ਸੂਹੀ, ਮਃ 5)
You are my support. I count on You. Meditating on You, I am saved. ||1||Pause||

ਅੰਧ ਕੂਪ ਤੇ , ਕਾਢਿ ਲੀਏ ਤੁਮ੍ ; ਆਪਿ ਭਏ ਕਿਰਪਾਲਾ ॥ (748-10, ਸੂਹੀ, ਮਃ 5)
You pulled me up out of the deep, dark pit. You have become merciful to me.

ਸਾਰਿ ਸਮ੍ਾਲਿ ਸਰਬ ਸੁਖ ਦੀਏ ; ਆਪਿ ਕਰੇ ਪ੍ਰਤਿਪਾਲਾ ॥੨॥ (748-11, ਸੂਹੀ, ਮਃ 5)
You care for me, and bless me with total peace; You Yourself cherish me. ||2||

ਆਪਣੀ ਨਦਰਿ ਕਰੇ ਪਰਮੇਸਰੁ ; ਬੰਧਨ ਕਾਟਿ ਛਡਾਏ ॥ (748-11, ਸੂਹੀ, ਮਃ 5)
The Transcendent Lord has blessed me with His Glance of Grace; breaking my bonds, He has delivered me.

ਆਪਣੀ ਭਗਤਿ ਪ੍ਰਭਿ ਆਪਿ ਕਰਾਈ ; ਆਪੇ ਸੇਵਾ ਲਾਏ ॥੩॥ (748-12, ਸੂਹੀ, ਮਃ 5)
God Himself inspires me to worship Him; He Himself inspires me to serve Him. ||3||

ਭਰਮੁ ਗਇਆ ਭੈ ਮੋਹ ਬਿਨਾਸੇ ; ਮਿਟਿਆ ਸਗਲ ਵਿਸੂਰਾ ॥ (748-12, ਸੂਹੀ, ਮਃ 5)
My illusions have gone, my fears and infatuations have been dispelled, and all my sorrows are gone.

ਨਾਨਕ ਦਇਆ ਕਰੀ ਸੁਖਦਾਤੈ ;
ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥ (748-13, ਸੂਹੀ, ਮਃ 5)

Guru Nanak says, Almighty, the Giver of peace has been merciful to me. I have met the Perfect True Guru. ||4||5||52||

ਸੂਹੀ , ਮਹਲਾ ੫ ॥ (748-14)

Suhi, Fifth Mahala:

ਜਬ ਕਛੁ ਨ ਸੀਓ , ਤਬ ਕਿਆ ਕਰਤਾ ;
ਕਵਨ ਕਰਮ ਕਰਿ ਆਇਆ ॥ (748-14, ਸੂਹੀ, ਮਃ 5)

When nothing existed, what deeds were being done? And what karma caused anyone to be born at all?

ਅਪਨਾ ਖੇਲੁ ਆਪਿ ਕਰਿ ਦੇਖੈ ; ਠਾਕੁਰਿ ਰਚਨੁ ਰਚਾਇਆ ॥੧॥ (748-14, ਸੂਹੀ, ਮਃ 5)

Almighty Himself set His play in motion, and He Himself beholds it. He created the Creation. ||1||

ਮੇਰੇ ਰਾਮ ਰਾਇ ; ਮੁਝ ਤੇ ਕਛੂ ਨ ਹੋਈ ॥ (748-15, ਸੂਹੀ, ਮਃ 5)

O my Sovereign Lord, I cannot do anything at all by myself.

ਆਪੇ ਕਰਤਾ ਆਪਿ ਕਰਾਏ ; ਸਰਬ ਨਿਰੰਤਰਿ ਸੋਈ ॥੧॥ ਰਹਾਉ ॥ (748-15, ਸੂਹੀ, ਮਃ 5)

He Himself is the Creator, He Himself is the Cause. He is pervading deep within all. ||1||Pause||

ਗਣਤੀ ਗਣੀ ਨ ਛੂਟੈ ਕਤਹੂ ; ਕਾਚੀ ਦੇਹ ਇਆਣੀ ॥ (748-16, ਸੂਹੀ, ਮਃ 5)

If my account were to be judged, I would never be saved. My body is transitory and ignorant.

ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ; ਤੇਰੀ ਬਖਸ ਨਿਰਾਲੀ ॥੨॥ (748-16, ਸੂਹੀ, ਮਃ 5)

Take pity upon me, O Creator Almighty; Your Forgiving Grace is singular and unique. ||2||

ਜੀਅ ਜੰਤ ਸਭ ਤੇਰੇ ਕੀਤੇ ; ਘਟਿ ਘਟਿ ਤੁਹੀ ਧਿਆਈਐ ॥ (748-17, ਸੂਹੀ, ਮਃ 5)

You created all beings and creatures. Each and every heart meditates on You.

ਤੇਰੀ ਗਤਿ ਮਿਤਿ ਤੂਹੈ ਜਾਣਹਿ ; ਕੁਦਰਤਿ ਕੀਮ ਨ ਪਾਈਐ ॥੩॥ (748-17, ਸੂਹੀ, ਮਃ 5)

Your condition and expanse are known only to You; the value of Your creative omnipotence cannot be estimated. ||3||

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ; ਕਰਮ ਧਰਮ ਨਹੀ ਜਾਣਾ ॥ (748-18, ਸੂਹੀ, ਮਃ 5)

I am worthless, foolish, thoughtless and ignorant. I know nothing about good actions and righteous living.

ਦਇਆ ਕਰਹੁ ਨਾਨਕੁ ਗੁਣ ਗਾਵੈ ;
ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥ (748-19, ਸੂਹੀ, ਮਃ 5)

Take pity on Nanak, that he may sing Your Glorious Praises; and that Your Will may seem sweet to him. ||4||6||53||

ਸੂਹੀ , ਮਹਲਾ ੫ ॥ (748-19)

Suhi, Fifth Mahala:

ਭਾਗਠੜੇ , ਹਰਿ ਸੰਤ ਤੁਮ੍ਹਾਰੇ ; ਜਿਨ੍ਹ ਘਰਿ ਧਨੁ ਹਰਿ ਨਾਮਾ ॥ (749-1, ਸੂਹੀ, ਮਃ 5)

Your Saints are very fortunate; their homes are filled with the wealth of the Almighty's Name.

ਪਰਵਾਣੁ ਗਣੀ ਸੇਈ ਇਹ ਆਏ ; ਸਫਲ ਤਿਨਾ ਕੇ ਕਾਮਾ ॥੧॥ (749-1, ਸੂਹੀ, ਮਃ 5)

Their birth is approved, and their actions are fruitful. ||1||

ਮੇਰੇ ਰਾਮ ; ਹਰਿ ਜਨ ਕੈ ਹਉ ਬਲਿ ਜਾਈ ॥ (749-2, ਸੂਹੀ, ਮਃ 5)

My Dear Almighty, I am a sacrifice to the humble servants of Almighty.

ਕੇਸਾ ਕਾ ਕਰਿ ਚਵਰੁ ਢੁਲਾਵਾ ;
ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥ (749-2, ਸੂਹੀ, ਮਃ 5)

I make my hair into a fan, and wave it over them; I apply the dust of their feet to my face. ||1||Pause||

ਜਨਮ ਮਰਣ ਦੁਹਹੂ ਮਹਿ ਨਾਹੀ ;
ਜਨ ਪਰਉਪਕਾਰੀ ਆਏ ॥ (ਪਰ-ਉਪਕਾਰੀ ਬੋਲੋ) (749-3, ਸੂਹੀ, ਮਃ 5)

Those generous, humble beings are above both birth and death.

ਜੀਅ ਦਾਨੁ ਦੇ ਭਗਤੀ ਲਾਇਨਿ ; ਹਰਿ ਸਿਉ ਲੈਨਿ ਮਿਲਾਏ ॥੨॥ (749-3, ਸੂਹੀ, ਮਃ 5)

They give the gift of the soul, and practice devotional worship; they inspire others to meet Almighty. ||2||

ਸਚਾ ਅਮਰੁ ਸਚੀ ਪਾਤਿਸਾਹੀ ; ਸਚੇ ਸੇਤੀ ਰਾਤੇ ॥ (ਰਾੱਤੇ ਬੋਲੋ) (749-4, ਸੂਹੀ, ਮਃ 5)

True are their commands, and true are their empires; they are attuned to the Truth.

ਸਚਾ ਸੁਖੁ , ਸਚੀ ਵਡਿਆਈ ; ਜਿਸ ਕੇ ਸੇ ਤਿਨਿ ਜਾਤੇ ॥੩॥ (749-4, ਸੂਹੀ, ਮਃ 5)
True is their happiness, and true is their greatness. They know Almighty, to whom they belong. ||3||

ਪਖਾ ਫੇਰੀ , ਪਾਣੀ ਢੋਵਾ ; ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ (749-5, ਸੂਹੀ, ਮਃ 5)
I wave the fan over them, carry water for them, and grind corn for the humble servants of Almighty.

ਨਾਨਕ ਕੀ ਪ੍ਰਭ ਪਾਸਿ ਬੇਨੰਤੀ ;
ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥ (749-5, ਸੂਹੀ, ਮਃ 5)
Nanak offers this prayer to God - please, grant me the sight of Your humble servants. ||4||7||54||

ਸੂਹੀ , ਮਹਲਾ ੫ ॥ (749-6)
Suhi, Fifth Mahala:

ਪਾਰਬ੍ਰਹਮ ਪਰਮੇਸਰ ਸਤਿਗੁਰ ; ਆਪੇ ਕਰਣੈਹਾਰਾ ॥ (ਕਰਣੈ-ਹਾਰਾ ਬੋਲੋ) (749-6, ਸੂਹੀ, ਮਃ 5)
The True Guru is the Transcendent Lord, the Supreme Almighty; He Himself is the Creator Lord.

ਚਰਣ ਧੂੜਿ ਤੇਰੀ ਸੇਵਕੁ ਮਾਗੈ ; ਤੇਰੇ ਦਰਸਨ ਕਉ ਬਲਿਹਾਰਾ ॥੧॥ (749-7, ਸੂਹੀ, ਮਃ 5)
Your servant begs for the dust of Your feet. I am a sacrifice to the Blessed Vision of Your Darshan. ||1||

ਮੇਰੇ ਰਾਮ ਰਾਇ ; ਜਿਉ ਰਾਖਹਿ ਤਿਉ ਰਹੀਐ ॥ (749-7, ਸੂਹੀ, ਮਃ 5)
O my Sovereign Lord, as You keep me, so do I remain.

ਤੁਧੁ ਭਾਵੈ ਤਾ ਨਾਮੁ ਜਪਾਵਹਿ ;
ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥ (749-8, ਸੂਹੀ, ਮਃ 5)
When it pleases You, I chant Your Name. You alone can grant me peace. ||1||Pause||

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ; ਜਿਸੁ ਤੂੰ ਆਪਿ ਕਰਾਇਹਿ ॥ (749-8, ਸੂਹੀ, ਮਃ 5)
Liberation, comfort and proper lifestyle come from serving You; You alone cause us to serve You.

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ; ਤੂੰ ਆਪੇ ਸਰਧਾ ਲਾਇਹਿ ॥੨॥ (749-9, ਸੂਹੀ, ਮਃ 5)

That place is heaven, where the Kirtan of Almighty's Praises are sung. You Yourself instill faith into us. ||2||

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ; ਤਨੁ ਮਨੁ ਹੋਇ ਨਿਹਾਲਾ ॥ (749-9, ਸੂਹੀ, ਮਃ 5)

Meditating, meditating, meditating in remembrance on Almighty's Name (Naam), I live; my mind and body are enraptured.

ਚਰਣ ਕਮਲ ਤੇਰੇ ਧੋਇ ਧੋਇ ਪੀਵਾ ;
ਮੇਰੇ ਸਤਿਗੁਰ ਦੀਨ ਦਇਆਲਾ ॥੩॥ (749-10, ਸੂਹੀ, ਮਃ 5)

I wash Your Lotus Feet, and drink in this water, O my True Guru, O Merciful to the meek. ||3||

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ;
ਜਿਤੁ ਤੁਮਰੈ ਦੁਆਰੈ ਆਇਆ ॥ (749-11, ਸੂਹੀ, ਮਃ 5)

I am a sacrifice to that most wonderful time when I came to Your Door.

ਨਾਨਕ ਕਉ , ਪ੍ਰਭ ਭਏ ਕ੍ਰਿਪਾਲਾ ;
ਸਤਿਗੁਰੁ ਪੂਰਾ ਪਾਇਆ ॥੪॥੮॥੫੫॥ (749-11, ਸੂਹੀ, ਮਃ 5)

God has become compassionate to Nanak; I have found the Perfect True Guru. ||4||8||55||

ਸੂਹੀ , ਮਹਲਾ ੫ ॥ (749-12)

Suhi, Fifth Mahala:

ਤੁਧੁ ਚਿਤਿ ਆਏ ਮਹਾ ਅਨੰਦਾ ; ਜਿਸੁ ਵਿਸਰਹਿ ਸੋ ਮਰਿ ਜਾਏ ॥ (749-12, ਸੂਹੀ, ਮਃ 5)

When You come to mind, I am totally in bliss. One who forgets You might just as well be dead.

ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ; ਸੋ ਤੁਧੁ ਸਦਾ ਧਿਆਏ ॥੧॥ (749-13, ਸੂਹੀ, ਮਃ 5)

That being, whom You bless with Your Mercy, O Creator Lord, constantly meditates on You. ||1||

ਮੇਰੇ ਸਾਹਿਬ ; ਤੂੰ ਮੈ , ਮਾਣੁ ਨਿਮਾਣੀ ॥ (749-13, ਸੂਹੀ, ਮਃ 5)

O my Master, You are the honor of the dishonored such as me.

ਅਰਦਾਸਿ ਕਰੀ ਪ੍ਰਭ ਅਪਨੇ ਆਗੈ ;
ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥ (749-14, ਸੂਹੀ, ਮਃ 5)

I offer my prayer to You, God; listening, listening to the Word of Your Bani, I live. ||1||Pause||

ਚਰਣ ਧੂੜਿ ਤੇਰੇ ਜਨ ਕੀ ਹੋਵਾ ; ਤੇਰੇ ਦਰਸਨ ਕਉ ਬਲਿ ਜਾਈ ॥ (749-14, ਸੂਹੀ, ਮਃ 5)

May I become the dust of the feet of Your humble servants. I am a sacrifice to the Blessed Vision of Your Darshan.

ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ; ਤਉ ਕਿਰਪਾ ਤੇ ਸੰਗੁ ਪਾਈ ॥੨॥ (749-15, ਸੂਹੀ, ਮਃ 5)

I enshrine Your Ambrosial Word within my heart. By Your Grace, I have found the Company of the Holy. ||2||

ਅੰਤਰ ਕੀ ਗਤਿ ਤੁਧੁ ਪਹਿ ਸਾਰੀ ; ਤੁਧੁ ਜੇਵਡੁ ਅਵਰੁ ਨ ਕੋਈ ॥ (749-16, ਸੂਹੀ, ਮਃ 5)

I place the state of my inner being before You; there is no other as great as You.

ਜਿਸ ਨੋ ਲਾਇ ਲੈਹਿ ਸੋ ਲਾਗੈ ; ਭਗਤੁ ਤੁਹਾਰਾ ਸੋਈ ॥੩॥ (749-16, ਸੂਹੀ, ਮਃ 5)

He alone is attached, whom You attach; he alone is Your devotee. ||3||

ਦੁਇ ਕਰ ਜੋੜਿ ਮਾਗਉ ਇਕੁ ਦਾਨਾ ; ਸਾਹਿਬਿ ਤੁਠੈ ਪਾਵਾ ॥ (749-17, ਸੂਹੀ, ਮਃ 5)

With my palms pressed together, I beg for this one gift; O my Master, if it pleases You, I shall obtain it.

ਸਾਸਿ ਸਾਸਿ ਨਾਨਕੁ ਆਰਾਧੇ ;
ਆਠ ਪਹਰ ਗੁਣ ਗਾਵਾ ॥੪॥੯॥੫੬॥ (749-17, ਸੂਹੀ, ਮਃ 5)

With each and every breath, Nanak adores You; twenty-four hours a day, I sing Your Glorious Praises. ||4||9||56||

ਸੂਹੀ , ਮਹਲਾ ੫ ॥ (749-18)

Suhi, Fifth Mahala:

ਜਿਸ ਕੇ ਸਿਰ ਊਪਰਿ ਤੂੰ ਸੁਆਮੀ ; ਸੋ ਦੁਖੁ ਕੈਸਾ ਪਾਵੈ ॥ (749-18, ਸੂਹੀ, ਮਃ 5)

When You stand over our heads, O Master, how can we suffer in pain?

ਬੋਲਿ ਨ ਜਾਣੈ ਮਾਇਆ ਮਦਿ ਮਾਤਾ ; (ਮਾੱਤਾ ਬੋਲੋ)
ਮਰਣਾ ਚੀਤਿ ਨ ਆਵੈ ॥੧॥ (749-19, ਸੂਹੀ, ਮਃ 5)

The mortal being does not know how to chant Your Name - he is intoxicated with the wine of Maya, and the thought of death does not even enter his mind. ||1||

ਮੇਰੇ ਰਾਮ ਰਾਇ ; ਤੂੰ ਸੰਤਾ ਕਾ ਸੰਤ ਤੇਰੇ ॥ (749-19, ਸੂਹੀ, ਮਃ 5)

O my Sovereign Lord, You belong to the Saints, and the Saints belong to You.

ਤੇਰੇ ਸੇਵਕ ਕਉ ਭਉ ਕਿਛੁ ਨਾਹੀ ;
ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥ (750-1, ਸੂਹੀ, ਮਃ 5)

Your servant is not afraid of anything; the Messenger of Death cannot even approach him. ||1||Pause||

ਜੋ ਤੇਰੈ ਰੰਗਿ ਰਾਤੇ ਸੁਆਮੀ ; (ਰਾੱਤੇ ਬੋਲੋ)
ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ (750-1, ਸੂਹੀ, ਮਃ 5)

Those who are attuned to Your Love, O my Master, are released from the pains of birth and death.

ਤੇਰੀ ਬਖਸ ਨ ਮੇਟੈ ਕੋਈ ; ਸਤਿਗੁਰ ਕਾ ਦਿਲਾਸਾ ॥੨॥ (750-2, ਸੂਹੀ, ਮਃ 5)

No one can erase Your Blessings; the True Guru has given me this assurance. ||2||

ਨਾਮੁ ਧਿਆਇਨਿ , ਸੁਖ ਫਲ ਪਾਇਨਿ ; ਆਠ ਪਹਰ ਆਰਾਧਹਿ ॥ (750-2, ਸੂਹੀ, ਮਃ 5)

Those who meditate on Almighty's Name (Naam), obtain the fruits of peace. Twenty-four hours a day, they worship and adore You.

ਤੇਰੀ ਸਰਣਿ , ਤੇਰੈ ਭਰਵਾਸੈ ; ਪੰਚ ਦੁਸਟ ਲੈ ਸਾਧਹਿ ॥੩॥ (750-3, ਸੂਹੀ, ਮਃ 5)

In Your Sanctuary, with Your Support, they subdue the five villains. ||3||

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ; ਸਾਰ ਨ ਜਾਣਾ ਤੇਰੀ ॥ (750-3, ਸੂਹੀ, ਮਃ 5)

I know nothing about wisdom, meditation and good deeds; I know nothing about Your excellence.

ਸਭ ਤੇ ਵਡਾ ਸਤਿਗੁਰੁ ਨਾਨਕੁ ;
ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥ (750-4, ਸੂਹੀ, ਮਃ 5)

Guru Nanak is the greatest of all; He saved my honor in this Dark Age of Kali Yuga. ||4||10||57||

ਸੂਹੀ , ਮਹਲਾ ੫ ॥ (750-5)
Suhi, Fifth Mahala:

ਸਗਲ ਤਿਆਗਿ ਗੁਰ ਸਰਣੀ ਆਇਆ ;
ਰਾਖਹੁ ਰਾਖਨਹਾਰੇ ॥ (ਰਾਖਨ-ਹਾਰੇ ਬੋਲੋ) (750-5, ਸੂਹੀ, ਮਃ 5)
Renouncing everything, I have come to the Guru's Sanctuary; save me, O my Savior Lord!

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ; ਕਿਆ ਏਹਿ ਜੰਤ ਵਿਚਾਰੇ ॥੧॥(750-5, ਸੂਹੀ, ਮਃ 5)
Whatever You link me to, to that I am linked; what can this poor creature do? ||1||

ਮੇਰੇ ਰਾਮ ਜੀ ; ਤੂੰ ਪ੍ਰਭ ਅੰਤਰਜਾਮੀ ॥ (750-6, ਸੂਹੀ, ਮਃ 5)
O my Dear Almighty, You are the Inner-knower, the Searcher of hearts.

ਕਰਿ ਕਿਰਪਾ ਗੁਰਦੇਵ ਦਇਆਲਾ ;
ਗੁਣ ਗਾਵਾ ਨਿਤ ਸੁਆਮੀ ॥੧॥ ਰਹਾਉ ॥ (750-6, ਸੂਹੀ, ਮਃ 5)
Be Merciful to me, O Divine, Compassionate Guru, that I may constantly sing the Glorious Praises of my Master. ||1||Pause||

ਆਠ ਪਹਰ ਪ੍ਰਭੁ ਅਪਨਾ ਧਿਆਈਐ ; ਗੁਰਪ੍ਰਸਾਦਿ , ਭਉ ਤਰੀਐ ॥ (750-7, ਸੂਹੀ, ਮਃ 5)
Twenty-four hours a day, I meditate on my God; by Guru's Grace, I cross over the terrifying world-ocean.

ਆਪੁ ਤਿਆਗਿ , ਹੋਈਐ ਸਭ ਰੇਣਾ ;
ਜੀਵਤਿਆ ਇਉ ਮਰੀਐ ॥੨॥ (750-8, ਸੂਹੀ, ਮਃ 5)
Renouncing self-conceit, I have become the dust of all men's feet; in this way, I die, while I am still alive. ||2||

ਸਫਲ ਜਨਮੁ ਤਿਸ ਕਾ ਜਗ ਭੀਤਰਿ ; ਸਾਧਸੰਗਿ ਨਾਉ ਜਾਪੇ ॥ (750-8, ਸੂਹੀ, ਮਃ 5)
How fruitful is the life of that being in this world, who chants the Name in the Saadh Sangat, the Company of the Holy.

ਸਗਲ ਮਨੋਰਥ ਤਿਸ ਕੇ ਪੂਰਨ ; ਜਿਸੁ ਦਇਆ ਕਰੇ ਪ੍ਰਭੁ ਆਪੇ ॥੩॥ (750-9, ਸੂਹੀ, ਮਃ 5)
All desires are fulfilled, for the one who is blessed with God's Kindness and Mercy. ||3||

ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ; ਤੇਰੀ ਸਰਣਿ ਦਇਆਲਾ ॥ (750-10, ਸੂਹੀ, ਮਃ 5)

O Merciful to the meek, Kind and Compassionate Almighty, I seek Your Sanctuary.

ਕਰਿ ਕਿਰਪਾ ਅਪਨਾ ਨਾਮੁ ਦੀਜੈ ;
ਨਾਨਕ ਸਾਧ ਰਵਾਲਾ ॥੪॥੧੧॥੫੮॥ (750-10, ਸੂਹੀ, ਮਃ 5)

Take pity upon me, and bless me with Your Name. Nanak is the dust of the feet of the Holy. ||4||11||58||

ਰਾਗੁ ਸੂਹੀ , ਅਸਟਪਦੀਆ ; ਮਹਲਾ ੧ , ਘਰੁ ੧ (750-12)

Raag Suhi, Ashtapadee, First Mahala, First House:

ੴ ; ਸਤਿਗੁਰ ਪ੍ਰਸਾਦਿ ॥ (750-12)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਭਿ ਅਵਗਣ ਮੈ ; ਗੁਣੁ ਨਹੀ ਕੋਈ ॥ (750-13, ਸੂਹੀ, ਮਃ 1)

I am totally without virtue; I have no virtue at all.

ਕਿਉ ਕਰਿ ; ਕੰਤ ਮਿਲਾਵਾ ਹੋਈ ॥੧॥ (750-13, ਸੂਹੀ, ਮਃ 1)

How can I meet my Husband Lord? ||1||

ਨਾ ਮੈ ਰੂਪੁ ; ਨ ਬੰਕੇ ਨੈਣਾ ॥ (750-13, ਸੂਹੀ, ਮਃ 1)

I have no beauty, no enticing eyes.

ਨਾ ਕੁਲ ਢੰਗੁ ; ਨ ਮੀਠੇ ਬੈਣਾ ॥੧॥ ਰਹਾਉ ॥ (750-13, ਸੂਹੀ, ਮਃ 1)

I do not have a noble family, good manners or a sweet voice. ||1||Pause||

ਸਹਜਿ ਸੀਗਾਰ ; ਕਾਮਣਿ ਕਰਿ ਆਵੈ ॥ (750-14, ਸੂਹੀ, ਮਃ 1)

The soul-bride adorns herself with peace and poise.

ਤਾ ਸੋਹਾਗਣਿ ; ਜਾ ਕੰਤੈ ਭਾਵੈ ॥੨॥ (750-14, ਸੂਹੀ, ਮਃ 1)

But she is a happy soul-bride, only if her Husband Lord is pleased with her. ||2||

ਨਾ ਤਿਸੁ ਰੂਪੁ ; ਨ ਰੇਖਿਆ ਕਾਈ ॥ (750-15, ਸੂਹੀ, ਮਃ 1)

He has no form or feature;

ਅੰਤਿ ਨ ; ਸਾਹਿਬੁ ਸਿਮਰਿਆ ਜਾਈ ॥੩॥ (750-15, ਸੂਹੀ, ਮः 1)
at the very last instant, he cannot suddenly be contemplated. ||3||

ਸੁਰਤਿ ਮਤਿ ; ਨਾਹੀ ਚਤੁਰਾਈ ॥ (750-15, ਸੂਹੀ, ਮः 1)
I have no understanding, intellect or cleverness.

ਕਰਿ ਕਿਰਪਾ ਪ੍ਰਭ ; ਲਾਵਹੁ ਪਾਈ ॥੪॥ (750-16, ਸੂਹੀ, ਮः 1)
Have Mercy upon me, God, and attach me to Your Feet. ||4||

ਖਰੀ ਸਿਆਣੀ ; ਕੰਤ ਨ ਭਾਣੀ ॥ (750-16, ਸੂਹੀ, ਮः 1)
She may be very clever, but this does not please her Husband Lord.

ਮਾਇਆ ਲਾਗੀ ; ਭਰਮਿ ਭੁਲਾਣੀ ॥੫॥ (750-16, ਸੂਹੀ, ਮः 1)
Attached to Maya, she is deluded by doubt. ||5||

ਹਉਮੈ ਜਾਈ ; ਤਾ ਕੰਤ ਸਮਾਈ ॥ (750-17, ਸੂਹੀ, ਮः 1)
But if she gets rid of her ego, then she merges in her Husband Lord.

ਤਉ ਕਾਮਣਿ ਪਿਆਰੇ ; ਨਵ ਨਿਧਿ ਪਾਈ ॥੬॥ (750-17, ਸੂਹੀ, ਮः 1)
Only then can the soul-bride obtain the nine treasures of her Beloved. ||6||

ਅਨਿਕ ਜਨਮ ਬਿਛੁਰਤ ; ਦੁਖੁ ਪਾਇਆ ॥ (750-17, ਸੂਹੀ, ਮः 1)
Separated from You for countless incarnations, I have suffered in pain.

ਕਰੁ ਗਹਿ ਲੇਹੁ ; ਪ੍ਰੀਤਮ ਪ੍ਰਭ ਰਾਇਆ ॥੭॥ (750-18, ਸੂਹੀ, ਮः 1)
Please take my hand, O my Beloved Sovereign Almighty. ||7||

ਭਣਤਿ ਨਾਨਕੁ ; ਸਹੁ ਹੈ ਭੀ ਹੋਸੀ ॥ (750-18, ਸੂਹੀ, ਮः 1)
Prays Nanak, Almighty is, and shall always be.

ਜੈ ਭਾਵੈ ਪਿਆਰਾ ; ਤੈ ਰਾਵੇਸੀ ॥੮॥੧॥ (ਰਾਵੇ-ਸੀ ਬੋਲੋ) (750-19, ਸੂਹੀ, ਮः 1)
She alone is ravished and enjoyed, with whom the Beloved Lord is pleased. ||8||1||

ਸੂਹੀ , ਮਹਲਾ ੧ ; ਘਰੁ ੯ ॥ (ਨਾਵਾਂ ਬੋਲੋ) (751-1)
Suhi, First Mahala, Ninth House:

ੴ ; ਸਤਿਗੁਰ ਪ੍ਰਸਾਦਿ ॥ (751-1)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਕਚਾ ਰੰਗੁ ਕਸੁੰਭ ਕਾ ; ਥੋੜੜਿਆ ਦਿਨ ਚਾਰਿ ਜੀਉ ॥ (751-2, ਸੂਹੀ, ਮਃ 1)

The color of safflower is transitory; it lasts for only a few days.

ਵਿਣੁ ਨਾਵੈ ਭ੍ਰਮਿ ਭੁਲੀਆ ; ਠਗਿ ਮੁਠੀ ਕੂੜਿਆਰਿ ਜੀਉ ॥ (751-2, ਸੂਹੀ, ਮਃ 1)

Without the Name, the false woman is deluded by doubt and plundered by thieves.

ਸਚੇ ਸੇਤੀ ਰਤਿਆ ; ਜਨਮੁ ਨ ਦੂਜੀ ਵਾਰ ਜੀਉ ॥੧॥ (ਰੱਤਿਆ ਬੋਲੋ) (751-3, ਸੂਹੀ, ਮਃ 1)

But those who are attuned to Almighty, are not reincarnated again. ||1||

ਰੰਗੇ ਕਾ ਕਿਆ ਰੰਗੀਐ ; ਜੋ ਰਤੇ ਰੰਗੁ ਲਾਇ ਜੀਉ ॥ (751-3, ਸੂਹੀ, ਮਃ 1)

How can one who is already dyed in the color of Almighty's Love, be colored any other color?

ਰੰਗਣ ਵਾਲਾ ਸੇਵੀਐ ; ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ ॥ (751-3, ਸੂਹੀ, ਮਃ 1)

So serve God the Dyer, and focus your consciousness on Almighty. ||1||Pause||

ਚਾਰੇ ਕੁੰਡਾ ਜੇ ਭਵਹਿ ; ਬਿਨੁ ਭਾਗਾ ਧਨੁ ਨਾਹਿ ਜੀਉ ॥ (751-4, ਸੂਹੀ, ਮਃ 1)

You wander around in the four directions, but without the good fortune of destiny, you shall never obtain wealth.

ਅਵਗਣਿ ਮੁਠੀ ਜੇ ਫਿਰਹਿ ; ਬਧਿਕ ਥਾਇ ਨ ਪਾਹਿ ਜੀਉ ॥ (751-5, ਸੂਹੀ, ਮਃ 1)

If you are plundered (misguided) by evil desires, you shall wander around, but like a fugitive, you shall find no place of rest.

ਗੁਰਿ ਰਾਖੇ ਸੇ ਉਬਰੇ ; ਸਬਦਿ ਰਤੇ ਮਨ ਮਾਹਿ ਜੀਉ ॥੨॥ (ਰੱਤੇ ਬੋਲੋ) (751-5, ਸੂਹੀ, ਮਃ 1)

Only those who are protected by the Guru are saved; their minds are attuned to the Guru's Shabad (Gurbani). ||2||

ਚਿਟੇ ਜਿਨ ਕੇ ਕਪੜੇ ; ਮੈਲੇ ਚਿਤ ਕਠੋਰ ਜੀਉ ॥ (751-6, ਸੂਹੀ, ਮਃ 1)

Those who wear white clothes, but have filthy and stone-hearted minds,

ਤਿਨ ਮੁਖਿ ਨਾਮੁ ਨ ਊਪਜੈ ; ਦੂਜੈ ਵਿਆਪੇ ਚੋਰ ਜੀਉ ॥ (751-6, ਸੂਹੀ, ਮਃ 1)

may chant the Almighty's Name with their mouths, but they are engrossed in duality; they are thieves.

ਮੂਲੁ ਨ ਬੂਝਹਿ ਆਪਣਾ ; ਸੇ ਪਸੂਆ ਸੇ ਢੋਰ ਜੀਉ ॥੩॥ (751-7, ਸੂਹੀ, ਮਃ 1)

They do not understand their own roots; they are beasts. They are just animals! ||3||

ਨਿਤ ਨਿਤ ਖੁਸੀਆ ਮਨੁ ਕਰੇ ; ਨਿਤ ਨਿਤ ਮੰਗੈ ਸੁਖ ਜੀਉ ॥ (751-7, ਸੂਹੀ, ਮਃ 1)

Constantly, continually, the mortal seeks pleasures. Constantly, continually, he begs for peace.

ਕਰਤਾ ਚਿਤਿ ਨ ਆਵਈ ; ਫਿਰਿ ਫਿਰਿ ਲਗਹਿ ਦੁਖ ਜੀਉ ॥ (751-8, ਸੂਹੀ, ਮਃ 1)

But he does not think of the Creator Lord, and so he is overtaken by pain, again and again.

ਸੁਖ ਦੁਖ ਦਾਤਾ ਮਨਿ ਵਸੈ ; ਤਿਤੁ ਤਨਿ ਕੈਸੀ ਭੁਖ ਜੀਉ ॥੪॥ (751-8, ਸੂਹੀ, ਮਃ 1)

But one, within whose mind the Giver of pleasure and pain dwells - how can his body feel any need? ||4||

ਬਾਕੀ ਵਾਲਾ ਤਲਬੀਐ ; ਸਿਰਿ ਮਾਰੇ ਜੰਦਾਰੁ ਜੀਉ ॥ (751-9, ਸੂਹੀ, ਮਃ 1)

One who has a karmic debt to pay off is summoned, and the Messenger of Death smashes his head.

ਲੇਖਾ ਮੰਗੈ ਦੇਵਣਾ ; ਪੁਛੈ ਕਰਿ ਬੀਚਾਰੁ ਜੀਉ ॥ (751-9, ਸੂਹੀ, ਮਃ 1)

When his account is called for, it has to be given. After it is reviewed, payment is demanded.

ਸਚੇ ਕੀ ਲਿਵ ਉਬਰੈ ;
ਬਖਸੇ ਬਖਸਣਹਾਰੁ ਜੀਉ ॥੫॥ (ਬਖਸਣ-ਹਾਰੁ ਬੋਲੋ) (751-10, ਸੂਹੀ, ਮਃ 1)

Only love for the True One will save you; the Forgiver forgives. ||5||

ਅਨ ਕੋ ਕੀਜੈ ਮਿਤੜਾ ; ਖਾਕੁ ਰਲੈ , ਮਰਿ ਜਾਇ ਜੀਉ ॥ (751-10, ਸੂਹੀ, ਮਃ 1)

If you make any friend other than God, you shall die and mingle with the dust.

ਬਹੁ ਰੰਗ ਦੇਖਿ ਭੁਲਾਇਆ ; ਭੁਲਿ ਭੁਲਿ ਆਵੈ ਜਾਇ ਜੀਉ ॥ (751-11, ਸੂਹੀ, ਮਃ 1)

Gazing upon the many games of love, you are beguiled and bewildered; you come and go in reincarnation.

ਨਦਰਿ ਪ੍ਰਭੂ ਤੇ ਛੁਟੀਐ ; ਨਦਰੀ ਮੇਲਿ ਮਿਲਾਇ ਜੀਉ ॥੬॥ (751-11, ਸੂਹੀ, ਮਃ 1)

Only by God's Grace can you be saved. By His Grace, He unites in His Union. ||6||

ਗਾਫਲ ਗਿਆਨ ਵਿਹੂਣਿਆ ; ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥ (751-12, ਸੂਹੀ, ਮਃ 1)

O careless one, you are totally lacking any wisdom; do not seek wisdom without the Guru.

ਖਿੰਚੋਤਾਣਿ ਵਿਗੁਚੀਐ ; ਬੁਰਾ ਭਲਾ ਦੁਇ ਨਾਲਿ ਜੀਉ ॥ (751-12, ਸੂਹੀ, ਮਃ 1)

By indecision and inner conflict, you shall come to ruin. Good and bad both pull at you.

ਬਿਨੁ ਸਬਦੈ ਭੈ ਰਤਿਆ ; **(ਰੱਤਿਆ ਬੋਲੋ)**
ਸਭ ਜੋਹੀ ਜਮਕਾਲਿ ਜੀਉ ॥੭॥ (751-13, ਸੂਹੀ, ਮਃ 1)

Without being attuned to the Guru's Shabad (Gurbani) and the Fear of God, all come under the gaze of the Messenger of Death. ||7||

ਜਿਨਿ ਕਰਿ ਕਾਰਣੁ ਧਾਰਿਆ ; ਸਭਸੈ ਦੇਇ ਆਧਾਰੁ ਜੀਉ ॥ (751-13, ਸੂਹੀ, ਮਃ 1)

He who created the creation and sustains it, gives sustenance to all.

ਸੋ ਕਿਉ ਮਨਹੁ ਵਿਸਾਰੀਐ ; ਸਦਾ ਸਦਾ ਦਾਤਾਰੁ ਜੀਉ ॥ (751-14, ਸੂਹੀ, ਮਃ 1)

How can you forget Him from your mind? He is the Great Giver, forever and ever.

ਨਾਨਕ , ਨਾਮੁ ਨ ਵੀਸਰੈ ; ਨਿਧਾਰਾ ਆਧਾਰੁ ਜੀਉ ॥੮॥੧॥੨॥ (751-14, ਸੂਹੀ, ਮਃ 1)

Nanak shall never forget Almighty's Name (Naam), the Support of the unsupported. ||8||1||2||

ਸੂਹੀ , ਮਹਲਾ ੧ ; ਕਾਫੀ , ਘਰੁ ੧੦ ॥ **(ਦਸਵਾਂ ਬੋਲੋ)** (751-16)

Suhi, First Mahala, Kaafee, Tenth House:

ੴ ; ਸਤਿਗੁਰ ਪ੍ਰਸਾਦਿ ॥ (751-16)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮਾਣਸ ਜਨਮੁ ਦੁਲੰਭੁ ; ਗੁਰਮੁਖਿ ਪਾਇਆ ॥ **(ਦੁ-ਲੰਭੁ ਬੋਲੋ)** (751-17, ਸੂਹੀ ਕਾਫੀ, ਮਃ 1)

This human birth is so difficult to obtain; the Gurmukh obtains it.

ਮਨੁ ਤਨੁ ਹੋਇ ਚੁਲੰਭੁ ; ਜੇ ਸਤਿਗੁਰ ਭਾਇਆ ॥੧॥ (751-17, ਸੂਹੀ ਕਾਫੀ, ਮਃ 1)

The mind and body are dyed in the deep red color of devotional love, if it pleases the True Guru. ||1||

ਚਲੈ ਜਨਮੁ ਸਵਾਰਿ ; ਵਖਰੁ ਸਚੁ ਲੈ ॥ (751-17, ਸੂਹੀ ਕਾਫੀ, ਮਃ 1)

He departs with his life embellished and successful, taking the merchandise of the True Name.

ਪਤਿ ਪਾਏ ਦਰਬਾਰਿ ; ਸਤਿਗੁਰ ਸਬਦਿ ਭੈ ॥੧॥ ਰਹਾਉ ॥ (751-18, ਸੂਹੀ ਕਾਫੀ, ਮਃ 1)

He is honored in the Darbaar, the Royal Court, of Almighty, through the Shabad and respect of the True Guru. ||1||Pause||

ਮਨਿ ਤਨਿ ਸਚੁ ਸਲਾਹਿ ; ਸਾਚੇ ਮਨਿ ਭਾਇਆ ॥ (751-18, ਸੂਹੀ ਕਾਫੀ, ਮਃ 1)

One who praises Almighty with his mind and body, pleases the Mind of Almighty.

ਲਾਲਿ ਰਤਾ ਮਨੁ ਮਾਨਿਆ ; ਗੁਰੁ ਪੂਰਾ ਪਾਇਆ ॥੨॥ (ਰੱਤਾ ਬੋਲੋ) (752-1, ਸੂਹੀ ਕਾਫੀ, ਮਃ 1)

Attuned to the Beloved Lord, the mind is appeased, and finds the Perfect Guru. ||2||

ਹਉ ਜੀਵਾ ਗੁਣ ਸਾਰਿ ; ਅੰਤਰਿ ਤੂ ਵਸੈ ॥ (752-1, ਸੂਹੀ ਕਾਫੀ, ਮਃ 1)

I live, by cherishing Your Glorious Virtues; You dwell deep within me.

ਤੂੰ ਵਸਹਿ ਮਨ ਮਾਹਿ ; ਸਹਜੇ ਰਸਿ ਰਸੈ ॥੩॥ (752-2, ਸੂਹੀ ਕਾਫੀ, ਮਃ 1)

You dwell within my mind, and so it naturally celebrates in joyful delight. ||3||

ਮੂਰਖ ਮਨ ਸਮਝਾਇ ; ਆਖਉ ਕੇਤੜਾ ॥ (752-2, ਸੂਹੀ ਕਾਫੀ, ਮਃ 1)

O my foolish mind, how can I teach and instruct you?

ਗੁਰਮੁਖਿ ਹਰਿ ਗੁਣ ਗਾਇ ; ਰੰਗਿ ਰੰਗੇਤੜਾ ॥੪॥ (752-2, ਸੂਹੀ ਕਾਫੀ, ਮਃ 1)

As Gurmukh, sing the Praises of Almighty's virtues, and so become attuned to His Love. ||4||

ਨਿਤ ਨਿਤ ਰਿਦੈ ਸਮਾਲਿ ; ਪ੍ਰੀਤਮੁ ਆਪਣਾ ॥ (752-3, ਸੂਹੀ ਕਾਫੀ, ਮਃ 1)

Continually, continuously, remember and cherish your Beloved Lord in your heart.

ਜੇ ਚਲਹਿ ਗੁਣ ਨਾਲਿ ; ਨਾਹੀ ਦੁਖੁ ਸੰਤਾਪਣਾ ॥੫॥ (752-3, ਸੂਹੀ ਕਾਫੀ, ਮਃ 1)

For if you depart with virtue, then pain shall never afflict you. ||5||

ਮਨਮੁਖ ਭਰਮਿ ਭੁਲਾਣਾ ; ਨਾ ਤਿਸੁ ਰੰਗੁ ਹੈ ॥ (752-4, ਸੂਹੀ ਕਾਫੀ, ਮਃ 1)

The self-willed manmukh wanders around, deluded by illusion; he does not enshrine love for Almighty.

ਮਰਸੀ ਹੋਇ ਵਿਡਾਣਾ ; ਮਨਿ ਤਨਿ ਭੰਗੁ ਹੈ ॥੬॥ (752-4, ਸੂਹੀ ਕਾਫੀ, ਮਃ 1)

He dies as a stranger to his own self, and his mind and body are spoiled. ||6||

ਗੁਰ ਕੀ ਕਾਰ ਕਮਾਇ ; ਲਾਹਾ ਘਰਿ ਆਣਿਆ ॥ (752-5, ਸੂਹੀ ਕਾਫੀ, ਮਃ 1)

Performing service to the Guru, you shall go home with the profit.

ਗੁਰਬਾਣੀ ਨਿਰਬਾਣੁ ; ਸਬਦਿ ਪਛਾਣਿਆ ॥੭॥ (752-5, ਸੂਹੀ ਕਾਫੀ, ਮਃ 1)

Through Guru's Hymn (Bani) the state of Painless (Nirvana) is attained by reciting with desire (Sekaam) and if one recites desirelessly (Nishkaam) Almighty is recognised through Guru's Hymn (Gurbani). ||7||

ਇਕ ਨਾਨਕ ਕੀ ਅਰਦਾਸਿ ; ਜੇ ਤੁਧੁ ਭਾਵਸੀ ॥ (752-6, ਸੂਹੀ ਕਾਫੀ, ਮਃ 1)

Nanak makes this one prayer: if it pleases Your Will,

ਮੈ ਦੀਜੈ ਨਾਮ ਨਿਵਾਸੁ ; ਹਰਿ ਗੁਣ ਗਾਵਸੀ ॥੮॥੧॥੩॥ (752-6, ਸੂਹੀ ਕਾਫੀ, ਮਃ 1)

bless me with a home in Your Name, Almighty, that I may sing Your Glorious Praises. ||8||1||3||

ਸੂਹੀ , ਮਹਲਾ ੧ ॥ (752-7)

Suhi, First Mahala:

ਜਿਉ ਆਰਣਿ ਲੋਹਾ ਪਾਇ ; ਭੰਨਿ ਘੜਾਈਐ ॥ (752-7, ਸੂਹੀ, ਮਃ 1)

As iron is melted in the forge and re-shaped,

ਤਿਉ ਸਾਕਤੁ ਜੋਨੀ ਪਾਇ ; ਭਵੈ ਭਵਾਈਐ ॥੧॥ (752-7, ਸੂਹੀ, ਮਃ 1)

so is the godless materialist reincarnated, and forced to wander aimlessly. ||1||

ਬਿਨੁ ਬੂਝੇ ਸਭੁ ਦੁਖੁ ; ਦੁਖੁ ਕਮਾਵਣਾ ॥ (752-8, ਸੂਹੀ, ਮਃ 1)

Without understanding, everything is suffering, earning only more suffering.

ਹਉਮੈ ਆਵੈ ਜਾਇ ; ਭਰਮਿ ਭੁਲਾਵਣਾ ॥੧॥ ਰਹਾਉ ॥ (752-8, ਸੂਹੀ, ਮਃ 1)

In his ego, he comes and goes, wandering in confusion, deluded by illusion. ||1||Pause||

ਤੂੰ ਗੁਰਮੁਖਿ ਰਖਣਹਾਰੁ ; ਹਰਿ ਨਾਮੁ ਧਿਆਈਐ ॥ (ਰਖਣ-ਹਾਰੁ ਬੋਲੋ) (752-8, ਸੂਹੀ, ਮਃ 1)

You save those who are Gurmukh, O Almighty, through meditation on Your Naam.

ਮੇਲਹਿ ਤੁਝਹਿ ਰਜਾਇ ; ਸਬਦੁ ਕਮਾਈਐ ॥੨॥ (752-9, ਸੂਹੀ, ਮਃ 1)

You blend with Yourself, by Your Will, those who practice the Guru's Shabad (Gurbani). ||2||

ਤੂੰ ਕਰਿ ਕਰਿ ਵੇਖਹਿ ਆਪਿ ; ਦੇਹਿ ਸੁ ਪਾਈਐ ॥ (752-9, ਸੂਹੀ, ਮਃ 1)

You created the Creation, and You Yourself gaze upon it; whatever You give, is received.

ਤੂ ਦੇਖਹਿ ਥਾਪਿ ਉਥਾਪਿ ; ਦਰਿ ਬੀਨਾਈਐ ॥੩॥ (752-10, ਸੂਹੀ, ਮਃ 1)

You watch, establish and disestablish; You keep all in Your vision at Your Door. ||3||

ਦੇਹੀ ਹੋਵਗਿ ਖਾਕੁ ; ਪਵਣੁ ਉਡਾਈਐ ॥ (752-10, ਸੂਹੀ, ਮਃ 1)

The body shall turn to dust, and the soul shall fly away.

ਇਹੁ ਕਿਥੈ , ਘਰੁ ਅਉਤਾਕੁ ; ਮਹਲੁ ਨ ਪਾਈਐ ॥੪॥ (752-11, ਸੂਹੀ, ਮਃ 1)

So where are their homes and resting places now? They do not find the Mansion of Almighty's Presence, either. ||4||

ਦਿਹੁ ਦੀਵੀ ਅੰਧ ਘੋਰੁ ; ਘਬੁ ਮੁਹਾਈਐ ॥ (752-11, ਸੂਹੀ, ਮਃ 1)

In the pitch darkness of broad daylight, their wealth is being plundered.

ਗਰਬਿ ਮੁਸੈ ਘਰੁ ਚੋਰੁ ; ਕਿਸੁ ਰੂਆਈਐ ॥੫॥ (752-12, ਸੂਹੀ, ਮਃ 1)

Pride is looting their homes like a thief; where can they file their complaint? ||5||

ਗੁਰਮੁਖਿ ਚੋਰੁ ਨ ਲਾਗਿ ; ਹਰਿ ਨਾਮਿ ਜਗਾਈਐ ॥ (752-12, ਸੂਹੀ, ਮਃ 1)

The thief does not break into the home of the Gurmukh; he is awake in Almighty's Name (Naam).

ਸਬਦਿ ਨਿਵਾਰੀ ਆਗਿ ; ਜੋਤਿ ਦੀਪਾਈਐ ॥੬॥ (752-12, ਸੂਹੀ, ਮਃ 1)

The Guru's Shabad (Gurbani) puts out the fire of desire; God's Light illuminates and enlightens. ||6||

ਲਾਲੁ ਰਤਨੁ ਹਰਿ ਨਾਮੁ ; ਗੁਰਿ ਸੁਰਤਿ ਬੁਝਾਈਐ ॥ (752-13, ਸੂਹੀ, ਮਃ 1)

Almighty's Name (Naam), is a jewel, a ruby; the Guru has taught me the Guru's Shabad (Gurbani).

ਸਦਾ ਰਹੈ ਨਿਹਕਾਮੁ ; ਜੇ ਗੁਰਮਤਿ ਪਾਈਐ ॥੭॥ (752-13, ਸੂਹੀ, ਮਃ 1)

One who follows the Guru's Teachings remains forever free of desire. ||7||

ਰਾਤਿ ਦਿਹੈ ਹਰਿ ਨਾਉ ; ਮੰਨਿ ਵਸਾਈਐ ॥ (752-14, ਸੂਹੀ, ਮਃ 1)

Night and day, enshrine the Almighty's Name within your mind.

ਨਾਨਕ ਮੇਲਿ ਮਿਲਾਇ ; ਜੇ ਤੁਧੁ ਭਾਈਐ ॥੮॥੨॥੪॥ (752-14, ਸੂਹੀ, ਮਃ 1)

Please unite Nanak in Union, O Almighty, if it is pleasing to Your Will. ||8||2||4||

ਸੂਹੀ , ਮਹਲਾ ੧ ॥ (752-15)
Suhi, First Mahala:

ਮਨਹੁ ਨ ਨਾਮੁ ਵਿਸਾਰਿ ; ਅਹਿਨਿਸਿ ਧਿਆਈਐ ॥ (ਅਹਿ-ਨਿਸਿ ਬੋਲੋ) (752-15, ਸੂਹੀ, ਮਃ 1)
Never forget Almighty's Name (Naam), from your mind; night and day, meditate on it.

ਜਿਉ ਰਾਖਹਿ ਕਿਰਪਾ ਧਾਰਿ ; ਤਿਵੈ ਸੁਖੁ ਪਾਈਐ ॥੧॥ (752-15, ਸੂਹੀ, ਮਃ 1)
As You keep me, in Your Merciful Grace, so do I find peace. ||1||

ਮੈ ਅੰਧੁਲੇ ਹਰਿ ਨਾਮੁ ; ਲਕੁਟੀ ਟੋਹਣੀ ॥ (752-16, ਸੂਹੀ, ਮਃ 1)
I am blind, and the Almighty's Name is my cane.

ਰਹਉ ਸਾਹਿਬ ਕੀ ਟੇਕ ; ਨ ਮੋਹੈ ਮੋਹਣੀ ॥੧॥ ਰਹਾਉ ॥ (752-16, ਸੂਹੀ, ਮਃ 1)
I remain under the Sheltering Support of my Master; I am not enticed by Maya the enticer. ||1||Pause||

ਜਹ ਦੇਖਉ ਤਹ ਨਾਲਿ ; ਗੁਰਿ ਦੇਖਾਲਿਆ ॥ (752-17, ਸੂਹੀ, ਮਃ 1)
Wherever I look, there the Guru has shown me that God is always with me.

ਅੰਤਰਿ ਬਾਹਰਿ ਭਾਲਿ ; ਸਬਦਿ ਨਿਹਾਲਿਆ ॥੨॥ (752-17, ਸੂਹੀ, ਮਃ 1)
Searching inwardly and outwardly as well, I came to see Him, through the Guru's Shabad (Gurbani). ||2||

ਸੇਵੀ ਸਤਿਗੁਰ ਭਾਇ ; ਨਾਮੁ ਨਿਰੰਜਨਾ ॥ (752-17, ਸੂਹੀ, ਮਃ 1)
So serve the True Guru with love, through the Immaculate Naam, Almighty's Name (Naam).

ਤੁਧੁ ਭਾਵੈ ਤਿਵੈ ਰਜਾਇ ; ਭਰਮੁ ਭਉ ਭੰਜਨਾ ॥੩॥ (752-18, ਸੂਹੀ, ਮਃ 1)
As it pleases You, so by Your Will, You destroy my illusions and fears. ||3||

ਜਨਮਤ ਹੀ ਦੁਖੁ ਲਾਗੈ ; ਮਰਣਾ ਆਇਕੈ ॥ (ਆਇ-ਕੈ ਬੋਲੋ) (752-18, ਸੂਹੀ, ਮਃ 1)
At the very moment of birth, he is afflicted with pain, and in the end, he comes only to die.

ਜਨਮੁ ਮਰਣੁ ਪਰਵਾਣੁ ; ਹਰਿ ਗੁਣ ਗਾਇ ਕੈ ॥੪॥ (752-19, ਸੂਹੀ, ਮਃ 1)
Birth and death are validated and approved, singing the Praises of Almighty's virtues. ||4||

ਹਉ ਨਾਹੀ ਤੂ ਹੋਵਹਿ ; ਤੁਧ ਹੀ ਸਾਜਿਆ ॥ (752-19, ਸੂਹੀ, ਮਃ 1)
When there is no ego, there You are; You fashioned all of this.

ਆਪੇ ਥਾਪਿ ਉਥਾਪਿ ; ਸਬਦਿ ਨਿਵਾਜਿਆ ॥੫॥ (753-1, ਸੂਹੀ, ਮਃ 1)

You Yourself establish and disestablish; through the Guru's Shabad (Gurbani), You elevate and exalt. ||5||

ਦੇਹੀ ਭਸਮ ਰੁਲਾਇ ; ਨ ਜਾਪੀ ਕਹ ਗਇਆ ॥ (753-1, ਸੂਹੀ, ਮਃ 1)

When the body rolls in the dust, it is not known where the soul has gone.

ਆਪੇ ਰਹਿਆ ਸਮਾਇ ; ਸੋ ਵਿਸਮਾਦੁ ਭਇਆ ॥੬॥ (753-2, ਸੂਹੀ, ਮਃ 1)

He Himself is permeating and pervading; this is wonderful and amazing! ||6||

ਤੂੰ ਨਾਹੀ ਪ੍ਰਭ ਦੂਰਿ ; ਜਾਣਹਿ ਸਭ ਤੂਹੈ ॥ (753-2, ਸੂਹੀ, ਮਃ 1)

You are not far away, God; You know everything.

ਗੁਰਮੁਖਿ ਵੇਖਿ ਹਦੂਰਿ ; ਅੰਤਰਿ ਭੀ ਤੂਹੈ ॥੭॥ (753-2, ਸੂਹੀ, ਮਃ 1)

The Gurmukh sees You ever-present; You are deep within the nucleus of our inner self. ||7||

ਮੈ ਦੀਜੈ ਨਾਮ ਨਿਵਾਸੁ ; ਅੰਤਰਿ ਸਾਂਤਿ ਹੋਇ ॥ (753-3, ਸੂਹੀ, ਮਃ 1)

Please, bless me with a home in Your Name; may my inner self be at peace.

ਗੁਣ ਗਾਵੈ ਨਾਨਕ ਦਾਸੁ ; ਸਤਿਗੁਰੁ ਮਤਿ ਦੇਇ ॥੮॥੩॥੫॥ (753-3, ਸੂਹੀ, ਮਃ 1)

May slave Nanak sing Your Glorious Praises; O True Guru, please share the Teachings with me. ||8||3||5||

ਰਾਗੁ ਸੂਹੀ , ਮਹਲਾ ੩ ; ਘਰੁ ੧ ਅਸਟਪਦੀਆ

Raag Suhi, Third Mahala, First House, Ashtapadees:

ੴ ; ਸਤਿਗੁਰ ਪ੍ਰਸਾਦਿ ॥ (753-5)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਨਾਮੈ ਹੀ ਤੇ ਸਭੁ ਕਿਛੁ ਹੋਆ ; ਬਿਨੁ ਸਤਿਗੁਰ , ਨਾਮੁ ਨ ਜਾਪੈ ॥ (753-6, ਸੂਹੀ, ਮਃ 3)

Everything comes from Almighty's Name (Naam); without the True Guru, the Naam is not experienced.

ਗੁਰ ਕਾ ਸਬਦੁ ਮਹਾ ਰਸੁ ਮੀਠਾ ; ਬਿਨੁ ਚਾਖੇ ਸਾਦੁ ਨ ਜਾਪੈ ॥ (753-6, ਸੂਹੀ, ਮਃ 3)

The Guru's Shabad is the sweetest and most sublime essence, but without tasting it, its flavor cannot be experienced.

ਕਉਡੀ ਬਦਲੈ ਜਨਮੁ ਗਵਾਇਆ ; ਚੀਨਸਿ ਨਾਹੀ ਆਪੈ ॥ (753-7, ਸੂਹੀ, ਮਃ 3)

He wastes this human life in exchange for a mere shell; he does not understand his own self.

ਗੁਰਮੁਖਿ ਹੋਵੈ ਤਾ ਏਕੋ ਜਾਣੈ ; ਹਉਮੈ ਦੁਖੁ ਨ ਸੰਤਾਪੈ ॥੧॥ (753-7, ਸੂਹੀ, ਮਃ 3)

But, if he becomes Gurmukh, then he comes to know the One (Almighty), and the disease of egotism does not afflict him. ||1||

ਬਲਿਹਾਰੀ ਗੁਰ ਅਪਣੇ ਵਿਟਹੁ ; ਜਿਨਿ ਸਾਚੇ ਸਿਉ ਲਿਵ ਲਾਈ ॥ (753-8, ਸੂਹੀ, ਮਃ 3)

I am a sacrifice to my Guru, who has lovingly attached me to Almighty.

ਸਬਦੁ ਚੀਨ੍ਹਿ ਆਤਮੁ ਪਰਗਾਸਿਆ ;
ਸਹਜੇ ਰਹਿਆ ਸਮਾਈ ॥੧॥ ਰਹਾਉ ॥ (753-8, ਸੂਹੀ, ਮਃ 3)

Concentrating on the Guru's Shabad (Gurbani), the soul is illumined and enlightened. I remain absorbed in celestial ecstasy. ||1||Pause||

ਗੁਰਮੁਖਿ ਗਾਵੈ ਗੁਰਮੁਖਿ ਬੂਝੈ ; ਗੁਰਮੁਖਿ ਸਬਦੁ ਬੀਚਾਰੇ ॥ (753-9, ਸੂਹੀ, ਮਃ 3)

The Gurmukh sings the Praises of Almighty; the Gurmukh understands. The Gurmukh contemplates the Guru's Shabad (Gurbani).

ਜੀਉ ਪਿੰਡੁ ਸਭੁ ਗੁਰ ਤੇ ਉਪਜੈ ; ਗੁਰਮੁਖਿ ਕਾਰਜ ਸਵਾਰੇ ॥ (753-10, ਸੂਹੀ, ਮਃ 3)

Body and soul are totally rejuvenated through the Guru; the Gurmukh's affairs are resolved in his favor.

ਮਨਮੁਖਿ ਅੰਧਾ ਅੰਧੁ ਕਮਾਵੈ ; ਬਿਖੁ ਖਟੇ ਸੰਸਾਰੇ ॥ (753-10, ਸੂਹੀ, ਮਃ 3)

The blind self-willed manmukh acts blindly, and earns only poison in this world.

ਮਾਇਆ ਮੋਹਿ ਸਦਾ ਦੁਖੁ ਪਾਏ ; ਬਿਨੁ ਗੁਰ ਅਤਿ ਪਿਆਰੇ ॥੨॥ (753-11, ਸੂਹੀ, ਮਃ 3)

Enticed by Maya, he suffers in constant pain, without the most Beloved Guru. ||2||

ਸੋਈ ਸੇਵਕੁ ਜੇ ਸਤਿਗੁਰ ਸੇਵੇ ; ਚਾਲੈ ਸਤਿਗੁਰ ਭਾਏ ॥ (753-11, ਸੂਹੀ, ਮਃ 3)

He alone is a selfless servant, who serves the True Guru, and walks in harmony with the True Guru's Will.

ਸਾਚਾ ਸਬਦੁ ਸਿਫਤਿ ਹੈ ਸਾਚੀ ; ਸਾਚਾ ਮੰਨਿ ਵਸਾਏ ॥ (753-12, ਸੂਹੀ, ਮਃ 3)

The True Shabad, the Word of God, is the True Praise of God; enshrine Almighty within your mind.

ਸਚੀ ਬਾਣੀ ਗੁਰਮੁਖਿ ਆਖੈ ; ਹਉਮੈ ਵਿਚਹੁ ਜਾਏ ॥ (753-12, ਸੂਹੀ, ਮਃ 3)

The Gurmukh speaks the True Word of Gurbani, and egotism departs from within.

ਆਪੇ ਦਾਤਾ ਕਰਮੁ ਹੈ ਸਾਚਾ ; ਸਾਚਾ ਸਬਦੁ ਸੁਣਾਏ ॥੩॥ (753-13, ਸੂਹੀ, ਮਃ 3)

He Himself is the Giver, and True are His actions. He proclaims the True Guru's Shabad (Gurbani). ||3||

ਗੁਰਮੁਖਿ ਘਾਲੇ ਗੁਰਮੁਖਿ ਖਟੇ ; ਗੁਰਮੁਖਿ ਨਾਮੁ ਜਪਾਏ ॥ (753-13, ਸੂਹੀ, ਮਃ 3)

The Gurmukh works, and the Gurmukh earns; the Gurmukh inspires others to chant Almighty's Name (Naam).

ਸਦਾ ਅਲਿਪਤੁ ਸਾਚੈ ਰੰਗਿ ਰਾਤਾ ; **(ਅਲਿ-ਪਤੁ, ਰਾੱਤਾ ਬੋਲੋ)**
ਗੁਰ ਕੈ ਸਹਜਿ ਸੁਭਾਏ ॥ (753-14, ਸੂਹੀ, ਮਃ 3)

He is forever unattached, imbued with the Love of Almighty, intuitively in harmony with the Guru.

ਮਨਮੁਖੁ ਸਦ ਹੀ ਕੂੜੋ ਬੋਲੈ ; ਬਿਖੁ ਬੀਜੈ ਬਿਖੁ ਖਾਏ ॥ (753-14, ਸੂਹੀ, ਮਃ 3)

The self-willed manmukh always tells lies; he plants the seeds of poison, and eats only poison.

ਜਮਕਾਲਿ ਬਾਧਾ , ਤ੍ਰਿਸਨਾ ਦਾਧਾ ; **(ਜਮ-ਕਾਲਿ ਬੋਲੋ)**
ਬਿਨੁ ਗੁਰ ਕਵਣੁ ਛਡਾਏ ॥੪॥ (753-15, ਸੂਹੀ, ਮਃ 3)

He is bound and gagged by the Messenger of Death, and burnt in the fire of desire; who can save him, except the Guru? ||4||

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ; **(ਨ੍ਹਾਵਣੁ ਬੋਲੋ)**
ਗੁਰਮੁਖਿ ਆਪਿ ਬੁਝਾਏ ॥ (753-15, ਸੂਹੀ, ਮਃ 3)

True is that place of pilgrimage, where one bathes in the pool of Truth, and achieves self-realization as Gurmukh. The Gurmukh understands his own self.

ਅਠਸਠਿ ਤੀਰਥ ਗੁਰ ਸਬਦਿ ਦਿਖਾਏ ; (ਅਠ-ਸਠਿ ਬੋਲੋ)
ਤਿਤੁ ਨਾਤੈ ਮਲੁ ਜਾਏ ॥ (ਨ੍ਹਾਤੈ ਬੋਲੋ) (753-16, ਸੂਹੀ, ਮਃ 3)

Almighty has shown that Guru's Shabad is the sixty-eight sacred shrines of pilgrimage; bathing in it, filth of sins is washed away.

ਸਚਾ ਸਬਦੁ ਸਚਾ ਹੈ ਨਿਰਮਲੁ ; ਨਾ ਮਲੁ ਲਗੈ ਨ ਲਾਏ ॥ (753-16, ਸੂਹੀ, ਮਃ 3)

True and Immaculate is the True Word of His Shabad; no filth touches or clings to Him.

ਸਚੀ ਸਿਫਤਿ ਸਚੀ ਸਾਲਾਹ ; ਪੂਰੇ ਗੁਰ ਤੇ ਪਾਏ ॥੫॥ (753-17, ਸੂਹੀ, ਮਃ 3)

True Praise, True Devotional Praise, is obtained from the Perfect Guru. ||5||

ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ; ਦੁਰਮਤਿ ਕਹਣੁ ਨ ਜਾਏ ॥ (753-17, ਸੂਹੀ, ਮਃ 3)

Body, mind, everything belongs to Almighty; but the evil-minded ones cannot even say this.

ਹੁਕਮੁ ਹੋਵੈ ਤਾ ਨਿਰਮਲੁ ਹੋਵੈ ; ਹਉਮੈ ਵਿਚਹੁ ਜਾਏ ॥ (753-18, ਸੂਹੀ, ਮਃ 3)

If such is the Hukam of Almighty's Command, then one becomes pure and spotless, and the ego is taken away from within.

ਗੁਰ ਕੀ ਸਾਖੀ ਸਹਜੇ ਚਾਖੀ ; ਤ੍ਰਿਸਨਾ ਅਗਨਿ ਬੁਝਾਏ ॥ (753-18, ਸੂਹੀ, ਮਃ 3)

I have intuitively tasted the Guru's Teachings, and the fire of my desire has been quenched.

ਗੁਰ ਕੈ ਸਬਦਿ ਰਾਤਾ , ਸਹਜੇ ਮਾਤਾ ; (ਰਾੱਤਾ, ਮਾੱਤਾ ਬੋਲੋ)
ਸਹਜੇ ਰਹਿਆ ਸਮਾਏ ॥੬॥ (753-19, ਸੂਹੀ, ਮਃ 3)

Attuned to the Guru's Shabad, one is naturally intoxicated, merging imperceptibly into Almighty. ||6||

ਹਰਿ ਕਾ ਨਾਮੁ ਸਤਿ ਕਰਿ ਜਾਣੈ ; ਗੁਰ ਕੈ ਭਾਇ ਪਿਆਰੇ ॥ (754-1, ਸੂਹੀ, ਮਃ 3)

The Almighty's Name (Naam) is known as True, through the Love of the Beloved Guru.

ਸਚੀ ਵਡਿਆਈ ਗੁਰ ਤੇ ਪਾਈ ; ਸਚੈ ਨਾਇ ਪਿਆਰੇ ॥ (754-1, ਸੂਹੀ, ਮਃ 3)

True Glorious Greatness is obtained from the Guru, through the Beloved True Name.

ਏਕੋ ਸਚਾ ਸਭ ਮਹਿ ਵਰਤੈ ; ਵਿਰਲਾ ਕੋ ਵੀਚਾਰੇ ॥ (754-2, ਸੂਹੀ, ਮਃ 3)

The One True Almighty is permeating and pervading among all; how rare is the one who contemplates this.

ਆਪੇ ਮੇਲਿ ਲਏ ਤਾ ਬਖਸੇ ; ਸਚੀ ਭਗਤਿ ਸਵਾਰੇ ॥੭॥ (754-2, ਸੂਹੀ, ਮਃ 3)

Almighty Himself unites us in Union, and forgives us; He embellishes us with true devotional worship. ||7||

ਸਭੋ ਸਚੁ ਸਚੁ ਸਚੁ ਵਰਤੈ ; ਗੁਰਮੁਖਿ ਕੋਈ ਜਾਣੈ ॥ (754-3, ਸੂਹੀ, ਮਃ 3)

All is Truth; Truth, and Truth alone is pervading; how rare is the Gurmukh who knows this.

ਜੰਮਣ ਮਰਣਾ ਹੁਕਮੋ ਵਰਤੈ ; ਗੁਰਮੁਖਿ ਆਪੁ ਪਛਾਣੈ ॥ (754-3, ਸੂਹੀ, ਮਃ 3)

Birth and death occur by the Hukam of His Command; the Gurmukh understands his own self.

ਨਾਮੁ ਧਿਆਏ ਤਾ ਸਤਿਗੁਰੁ ਭਾਏ ; ਜੋ ਇਛੈ ਸੋ ਫਲੁ ਪਾਏ ॥ (754-4, ਸੂਹੀ, ਮਃ 3)

He meditates on Almighty's Name (Naam), and so pleases the True Guru. He receives whatever rewards he desires.

ਨਾਨਕ ਤਿਸ ਦਾ ਸਭੁ ਕਿਛੁ ਹੋਵੈ ; ਜਿ ਵਿਚਹੁ ਆਪੁ ਗਵਾਏ ॥੮॥੧॥ (754-4, ਸੂਹੀ, ਮਃ 3)

Guru Nanak says, one who eradicates self-conceit from within, has everything. ||8||1||

ਸੂਹੀ , ਮਹਲਾ ੩ ॥ (754-5)

Suhi, Third Mahala:

ਕਾਇਆ ਕਾਮਣਿ ਅਤਿ ਸੁਆਲਿਉ ; ਪਿਰੁ ਵਸੈ ਜਿਸੁ ਨਾਲੇ ॥ (754-5, ਸੂਹੀ, ਮਃ 3)

The body-bride is very beautiful; she dwells with her Husband (Almighty).

ਪਿਰ ਸਚੇ ਤੇ ਸਦਾ ਸੁਹਾਗਣਿ ; ਗੁਰ ਕਾ ਸਬਦੁ ਸਮ੍ਾਲੇ ॥ (754-5, ਸੂਹੀ, ਮਃ 3)

She becomes the happy soul-bride of her True Husband Almighty, contemplating Guru's Shabad.

ਹਰਿ ਕੀ ਭਗਤਿ ਸਦਾ ਰੰਗਿ ਰਾਤਾ ; **(ਰਾੱਤਾ ਬੋਲੋ)**
ਹਉਮੈ ਵਿਚਹੁ ਜਾਲੇ ॥੧॥ (754-6, ਸੂਹੀ, ਮਃ 3)

Almighty's devotee is forever attuned to Almighty's Love; her ego is burnt away from within. ||1||

ਵਾਹੁ ਵਾਹੁ ; ਪੂਰੇ ਗੁਰ ਕੀ ਬਾਣੀ ॥ (754-7, ਸੂਹੀ, ਮਃ 3)

Waaho (Astonishing)! Waaho! is the Perfect Guru's Bani.

ਪੂਰੇ ਗੁਰ ਤੇ ਉਪਜੀ ; ਸਾਚਿ ਸਮਾਣੀ ॥੧॥ ਰਹਾਉ ॥ (754-7, ਸੂਹੀ, ਮਃ 3)

It wells up and springs forth from the Perfect Guru, and merges into Truth. ||1||Pause||

ਕਾਇਆ ਅੰਦਰਿ ਸਭੁ ਕਿਛੁ ਵਸੈ ; ਖੰਡ ਮੰਡਲ ਪਾਤਾਲਾ ॥ (754-7, ਸੂਹੀ, ਮਃ 3)

Everything is within Almighty - the continents, worlds and nether regions.

ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ; **(ਜਗ-ਜੀਵਨ ਬੋਲੋ)**
ਸਭਨਾ ਕਰੇ ਪ੍ਰਤਿਪਾਲਾ ॥ (754-8, ਸੂਹੀ, ਮਃ 3)

The Life of the World, the Great Giver, dwells within the body; He is the Cherisher of all.

ਕਾਇਆ ਕਾਮਣਿ ਸਦਾ ਸੁਹੇਲੀ ; ਗੁਰਮੁਖਿ ਨਾਮੁ ਸਮ੍ਹਾਲਾ ॥੨॥ (754-9, ਸੂਹੀ, ਮਃ 3)

The body-bride is eternally beautiful; the Gurmukh contemplates Almighty's Name (Naam). ||2||

ਕਾਇਆ ਅੰਦਰਿ ਆਪੇ ਵਸੈ ;
ਅਲਖੁ ਨ ਲਖਿਆ ਜਾਈ ॥ **(ਅਲੱਖੁ ਬੋਲੋ)** (754-9, ਸੂਹੀ, ਮਃ 3)

Almighty Himself dwells within the body; He is invisible and cannot be seen.

ਮਨਮੁਖੁ ਮੁਗਧੁ ਬੂਝੈ ਨਾਹੀ ; ਬਾਹਰਿ ਭਾਲਣਿ ਜਾਈ ॥ (754-10, ਸੂਹੀ, ਮਃ 3)

The foolish self-willed manmukh does not understand; he goes out searching for Almighty externally.

ਸਤਿਗੁਰੁ ਸੇਵੇ ਸਦਾ ਸੁਖੁ ਪਾਏ ;
ਸਤਿਗੁਰਿ ਅਲਖੁ ਦਿਤਾ ਲਖਾਈ ॥੩॥ **(ਅਲੱਖੁ ਬੋਲੋ)** (754-10, ਸੂਹੀ, ਮਃ 3)

One who serves the True Guru is always at peace; the True Guru has shown me the Almighty who is beyond knowledge. ||3||

ਕਾਇਆ ਅੰਦਰਿ ਰਤਨ ਪਦਾਰਥ ; ਭਗਤਿ ਭਰੇ ਭੰਡਾਰਾ ॥ (754-11, ਸੂਹੀ, ਮਃ 3)

Within the body there are jewels and precious treasures, the over-flowing treasure of devotion.

ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ; ਹਾਟ ਪਟਣ ਬਾਜਾਰਾ ॥ (754-11, ਸੂਹੀ, ਮਃ 3)

Within this body are the nine continents of the earth, its markets, cities and streets.

ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ;
ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥ (754-12, ਸੂਹੀ, ਮਃ 3)

Within this body are the nine treasures of Almighty's Name (Naam); contemplating the Guru's Shabad, it is obtained. ||4||

ਕਾਇਆ ਅੰਦਰਿ ਤੋਲਿ ਤੁਲਾਵੈ ;
ਆਪੇ ਤੋਲਣਹਾਰਾ ॥ (ਤੋਲਣ-ਹਾਰਾ ਬੋਲੋ) (754-13, ਸੂਹੀ, ਮਃ 3)
Within the body, Almighty estimates the weight; He Himself is the weigher.

ਇਹੁ ਮਨੁ ਰਤਨੁ ਜਵਾਹਰ ਮਾਣਕੁ ; ਤਿਸ ਕਾ ਮੋਲੁ ਅਫਾਰਾ ॥ (754-13, ਸੂਹੀ, ਮਃ 3)
This mind is the jewel, the gem, the diamond; it is absolutely priceless.

ਮੋਲਿ ਕਿਤਹੀ , ਨਾਮੁ ਪਾਈਐ ਨਾਹੀ ;
ਨਾਮੁ ਪਾਈਐ ਗੁਰ ਬੀਚਾਰਾ ॥੫॥ (754-14, ਸੂਹੀ, ਮਃ 3)
Almighty’s Name (Naam), cannot be purchased at any price; the Naam is obtained by contemplating the Guru. ||5||

ਗੁਰਮੁਖਿ ਹੋਵੈ ਸੁ ਕਾਇਆ ਖੋਜੈ ; ਹੋਰ ਸਭ ਭਰਮਿ ਭੁਲਾਈ ॥ (754-14, ਸੂਹੀ, ਮਃ 3)
One who becomes Gurmukh searches this body; all others just wander around in confusion.

ਜਿਸ ਨੋ ਦੇਇ ਸੋਈ ਜਨੁ ਪਾਵੈ ; ਹੋਰ ਕਿਆ ਕੋ ਕਰੇ ਚਤੁਰਾਈ ॥ (754-15, ਸੂਹੀ, ਮਃ 3)
That humble being alone obtains it, unto whom Almighty bestows it. What other clever tricks can anyone try?

ਕਾਇਆ ਅੰਦਰਿ ਭਉ ਭਾਉ ਵਸੈ ; ਗੁਰਪਰਸਾਦੀ ਪਾਈ ॥੬॥ (754-15, ਸੂਹੀ, ਮਃ 3)
Within the body, the Fear of God and Love for Him abides; by Guru's Grace, they are obtained. ||6||

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ;
ਸਭ ਓਪਤਿ ਜਿਤੁ ਸੰਸਾਰਾ ॥ (754-16, ਸੂਹੀ, ਮਃ 3)
Within the body, are Brahma, Vishnu and Shiva, from whom the whole world emanated.

ਸਚੈ ਆਪਣਾ ਖੇਲੁ ਰਚਾਇਆ ; ਆਵਾ ਗਉਣੁ ਪਾਸਾਰਾ ॥ (754-17, ਸੂਹੀ, ਮਃ 3)
Almighty has staged and contrived His own play; the expanse of the Universe comes and goes.

ਪੂਰੈ ਸਤਿਗੁਰਿ ਆਪਿ ਦਿਖਾਇਆ ; ਸਚਿ ਨਾਮਿ ਨਿਸਤਾਰਾ ॥੭॥ (754-17, ਸੂਹੀ, ਮਃ 3)
The Perfect True Guru Himself has made it clear, that emancipation comes through the True Name. ||7||

ਸਾ ਕਾਇਆ ਜੋ ਸਤਿਗੁਰੁ ਸੇਵੈ ; ਸਚੈ ਆਪਿ ਸਵਾਰੀ ॥ (754-18, ਸੂਹੀ, ਮਃ 3)
That body, which serves the True Guru, is embellished by Almighty Himself.

ਵਿਣੁ ਨਾਵੈ ਦਰਿ ਢੋਈ ਨਾਹੀ ; ਤਾ ਜਮੁ ਕਰੇ ਖੁਆਰੀ ॥ (754-18, ਸੂਹੀ, ਮਃ 3)

Without the Name, the mortal finds no place of rest in the Almighty's Court; he shall be tortured by the Messenger of Death.

ਨਾਨਕ , ਸਚੁ ਵਡਿਆਈ ਪਾਏ ;
ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥ (754-19, ਸੂਹੀ, ਮਃ 3)

Guru Nanak says, true glory is bestowed, when Almighty showers His Mercy. ||8||2||

ਰਾਗੁ ਸੂਹੀ , ਮਹਲਾ ੩ ; ਘਰੁ ੧੦

Raag Suhi, Third Mahala, Tenth House:

ੴ ; ਸਤਿਗੁਰ ਪ੍ਰਸਾਦਿ ॥ (755-1)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਦੁਨੀਆ ਨ ਸਾਲਾਹਿ ; ਜੋ ਮਰਿ ਵੰਞਸੀ ॥ (755-2, ਸੂਹੀ, ਮਃ 3)

Do not praise the world; it shall simply pass away.

ਲੋਕਾ ਨ ਸਾਲਾਹਿ ; ਜੋ ਮਰਿ ਖਾਕੁ ਥੀਈ ॥੧॥ (755-2, ਸੂਹੀ, ਮਃ 3)

Do not praise other people; they shall die and turn to dust. ||1||

ਵਾਹੁ ਮੇਰੇ ਸਾਹਿਬਾ ; ਵਾਹੁ ॥ (755-2, ਸੂਹੀ, ਮਃ 3)

Waaho! Waaho! Hail, hail to my Master.

ਗੁਰਮੁਖਿ ਸਦਾ ਸਲਾਹੀਐ ; ਸਚਾ ਵੇਪਰਵਾਹੁ ॥੧॥ ਰਹਾਉ ॥ (755-3, ਸੂਹੀ, ਮਃ 3)

As Gurmukh, forever praise the One who is forever True, Independent and Carefree. ||1||Pause||

ਦੁਨੀਆ ਕੇਰੀ ਦੋਸਤੀ ; ਮਨਮੁਖ ਦਝਿ ਮਰੰਨਿ ॥ (755-3, ਸੂਹੀ, ਮਃ 3)

Making worldly friendships, the self-willed manmukhs burn and die.

ਜਮ ਪੁਰਿ ਬਧੇ ਮਾਰੀਅਹਿ ; ਵੇਲਾ ਨ ਲਾਹੰਨਿ ॥੨॥ (755-4, ਸੂਹੀ, ਮਃ 3)

In the City of Death, they are bound and gagged and beaten; this opportunity shall never come again. ||2||

ਗੁਰਮੁਖਿ ਜਨਮੁ ਸਕਾਰਥਾ ; ਸਚੈ ਸਬਦਿ ਲਗੰਨਿ ॥ (755-4, ਸੂਹੀ, ਮਃ 3)

The lives of the Gurmukhs are fruitful and blessed; they are committed to the True Guru's Shabad (Gurbani).

ਆਤਮ ਰਾਮੁ ਪ੍ਰਗਾਸਿਆ ; ਸਹਜੇ ਸੁਖਿ ਰਹੰਨਿ ॥੩॥ (755-4, ਸੂਹੀ, ਮਃ 3)

Their souls are illuminated by Almighty, and they dwell in peace and pleasure. ||3||

ਗੁਰ ਕਾ ਸਬਦੁ ਵਿਸਾਰਿਆ ; ਦੂਜੈ ਭਾਇ ਰਚੰਨਿ ॥ (755-5, ਸੂਹੀ, ਮਃ 3)

Those who forget the Guru's Shabad are engrossed in the love of duality (Maya).

ਤਿਸਨਾ ਭੁਖ ਨ ਉਤਰੈ ; ਅਨਦਿਨੁ ਜਲਤ ਫਿਰੰਨਿ ॥੪॥ (755-5, ਸੂਹੀ, ਮਃ 3)

Their hunger and thirst never leave them, and night and day, they wander around burning. ||4||

ਦੁਸਟਾ ਨਾਲਿ ਦੋਸਤੀ ; ਨਾਲਿ ਸੰਤਾ ਵੈਰੁ ਕਰੰਨਿ ॥ (755-6, ਸੂਹੀ, ਮਃ 3)

Those who make friendships with the wicked, and harbor animosity to the Saints,

ਆਪਿ ਡੁਬੇ ਕੁਟੰਬ ਸਿਉ ; ਸਗਲੇ ਕੁਲ ਡੋਬੰਨਿ ॥੫॥ (755-6, ਸੂਹੀ, ਮਃ 3)

shall drown with their families, and their entire lineage shall be obliterated. ||5||

ਨਿੰਦਾ ਭਲੀ ਕਿਸੈ ਕੀ ਨਾਹੀ ; ਮਨਮੁਖ ਮੁਗਧ ਕਰੰਨਿ ॥ (755-7, ਸੂਹੀ, ਮਃ 3)

It is not good to slander anyone, but the foolish, self-willed manmukhs still do it.

ਮੁਹ ਕਾਲੇ ਤਿਨ ਨਿੰਦਕਾ ; ਨਰਕੇ ਘੋਰਿ ਪਵੰਨਿ ॥੬॥ (755-7, ਸੂਹੀ, ਮਃ 3)

The faces of the slanderers turn black, and they fall into the most horrible hell. ||6||

ਏ ਮਨ , ਜੈਸਾ ਸੇਵਹਿ , ਤੈਸਾ ਹੋਵਹਿ ; ਤੇਹੇ ਕਰਮ ਕਮਾਇ ॥ (755-8, ਸੂਹੀ, ਮਃ 3)

O mind, as you serve, so do you become, and so are the deeds that you do.

ਆਪਿ ਬੀਜਿ ਆਪੇ ਹੀ ਖਾਵਣਾ ; ਕਹਣਾ ਕਿਛੂ ਨ ਜਾਇ ॥੭॥ (755-8, ਸੂਹੀ, ਮਃ 3)

Whatever you yourself plant, that is what you shall have to eat; nothing else can be said about this. ||7||

ਮਹਾ ਪੁਰਖਾ ਕਾ ਬੋਲਣਾ ; ਹੋਵੈ ਕਿਤੈ ਪਰਥਾਇ ॥ (755-9, ਸੂਹੀ, ਮਃ 3)

The speech of the great spiritual beings has a higher purpose.

ਓਇ ਅੰਮ੍ਰਿਤ ਭਰੇ ਭਰਪੂਰ ਹਹਿ ; ਓਨਾ ਤਿਲੁ ਨ ਤਮਾਇ ॥੮॥ (755-9, ਸੂਹੀ, ਮਃ 3)

They are filled to over-flowing with Ambrosial Nectar, and they have absolutely no greed at all. ||8||

ਗੁਣਕਾਰੀ ਗੁਣ ਸੰਘਰੈ ; ਅਵਰਾ ਉਪਦੇਸੇਨਿ ॥ (755-10, ਸੂਹੀ, ਮਃ 3)

The virtuous accumulate virtue, and teach others.

ਸੇ ਵਡਭਾਗੀ , ਜਿ ਓਨਾ ਮਿਲਿ ਰਹੇ ; ਅਨਦਿਨੁ ਨਾਮੁ ਲਏਨਿ ॥੯॥ (755-10, ਸੂਹੀ, ਮਃ 3)

Those who meet with them are so very fortunate; night and day, they chant Almighty's Name (Naam). ||9||

ਦੇਸੀ ਰਿਜਕੁ ਸੰਬਾਹਿ ; ਜਿਨਿ ਉਪਾਈ ਮੇਦਨੀ ॥ (755-11, ਸੂਹੀ, ਮਃ 3)

He who created the Universe, gives sustenance to it.

ਏਕੋ ਹੈ ਦਾਤਾਰੁ ; ਸਚਾ ਆਪਿ ਧਣੀ ॥੧੦॥ (755-11, ਸੂਹੀ, ਮਃ 3)

The One (Almighty) alone is the Great Giver. He Himself is the True Master. ||10||

ਸੋ ਸਚੁ ਤੇਰੈ ਨਾਲਿ ਹੈ ; ਗੁਰਮੁਖਿ ਨਦਰਿ ਨਿਹਾਲਿ ॥ (755-12, ਸੂਹੀ, ਮਃ 3)

That True Almighty is always with you; the Gurmukh is blessed with His Glance of Grace.

ਆਪੇ ਬਖਸੇ ਮੇਲਿ ਲਏ ; ਸੋ ਪ੍ਰਭੁ ਸਦਾ ਸਮਾਲਿ ॥੧੧॥ (755-12, ਸੂਹੀ, ਮਃ 3)

He Himself shall forgive you, and merge you into Himself; forever cherish and contemplate God. ||11||

ਮਨੁ ਮੈਲਾ ਸਚੁ ਨਿਰਮਲਾ ; ਕਿਉ ਕਰਿ ਮਿਲਿਆ ਜਾਇ ॥ (755-13, ਸੂਹੀ, ਮਃ 3)

The mind is impure; only Almighty is pure. So how can it merge into Him?

ਪ੍ਰਭੁ ਮੇਲੇ ਤਾ ਮਿਲਿ ਰਹੈ ; ਹਉਮੈ ਸਬਦਿ ਜਲਾਇ ॥੧੨॥ (755-13, ਸੂਹੀ, ਮਃ 3)

God merges it into Himself, and then it remains merged; through the Word of His Shabad, the ego is burnt away. ||12||

ਸੋ ਸਹੁ ਸਚਾ ਵੀਸਰੈ ; ਧ੍ਰਿਗੁ ਜੀਵਣੁ ਸੰਸਾਰਿ ॥ (755-14, ਸੂਹੀ, ਮਃ 3)

Cursed is the life in this world, of one who forgets her True Husband (Almighty).

ਨਦਰਿ ਕਰੇ ਨਾ ਵੀਸਰੈ ; ਗੁਰਮਤੀ ਵੀਚਾਰਿ ॥੧੩॥ (755-14, ਸੂਹੀ, ਮਃ 3)

Almighty grants His Mercy, and she does not forget Him, if she contemplates the Guru's Teachings. ||13||

ਸਤਿਗੁਰੁ ਮੇਲੇ ਤਾ ਮਿਲਿ ਰਹਾ ; ਸਾਚੁ ਰਖਾ ਉਰ ਧਾਰਿ ॥ (755-15, ਸੂਹੀ, ਮਃ 3)

The True Guru unites her, and so she remains united with Him, with Almighty enshrined within her heart.

ਮਿਲਿਆ ਹੋਇ ਨ ਵੀਛੁੜੈ ; ਗੁਰ ਕੈ ਹੇਤਿ ਪਿਆਰਿ ॥੧੪॥ (755-15, ਸੂਹੀ, ਮਃ 3)

And so united, she will not be separated again; she remains in the love and affection of the Guru. ||14||

ਪਿਰੁ ਸਾਲਾਹੀ ਆਪਣਾ ; ਗੁਰ ਕੈ ਸਬਦਿ ਵੀਚਾਰਿ ॥ (755-16, ਸੂਹੀ, ਮਃ 3)

I praise my Husband Almighty, contemplating the Guru's Shabad.

ਮਿਲਿ ਪ੍ਰੀਤਮ ਸੁਖੁ ਪਾਇਆ ; ਸੋਭਾਵੰਤੀ ਨਾਰਿ ॥੧੫॥ (755-16, ਸੂਹੀ, ਮਃ 3)

Meeting with my Beloved, I have found peace; I am His most beautiful and happy soul-bride. ||15||

ਮਨਮੁਖ ਮਨੁ ਨ ਭਿਜਈ ; ਅਤਿ ਮੈਲੇ ਚਿਤਿ ਕਠੋਰ ॥ (755-17, ਸੂਹੀ, ਮਃ 3)

The mind of the self-willed manmukh is not softened; his consciousness is totally polluted and stone-hearted.

ਸਪੈ ਦੁਧੁ ਪੀਆਈਐ ; ਅੰਦਰਿ ਵਿਸੁ , ਨਿਕੋਰ ॥੧੬॥ (755-17, ਸੂਹੀ, ਮਃ 3)

Even if the venomous snake is fed on milk, it shall still be filled with poison. ||16||

ਆਪਿ ਕਰੇ ਕਿਸੁ ਆਖੀਐ ; ਆਪੇ ਬਖਸਣਹਾਰੁ ॥ (ਬਖਸਣ-ਹਾਰੁ ਬੋਲੋ) (755-18, ਸੂਹੀ, ਮਃ 3)

He Himself does - who else should I ask? He Himself is the Forgiving Almighty.

ਗੁਰ ਸਬਦੀ ਮੈਲੁ ਉਤਰੈ ; ਤਾ ਸਚੁ ਬਣਿਆ ਸੀਗਾਰੁ ॥੧੭॥ (755-18, ਸੂਹੀ, ਮਃ 3)

Through the Guru's Teachings, filth is washed away, and then, one is embellished with the ornament of Truth. ||17||

ਸਚਾ ਸਾਹੁ ਸਚੇ ਵਣਜਾਰੇ ; ਓਥੈ ਕੂੜੇ ਨ ਟਿਕੰਨਿ ॥ (756-1, ਸੂਹੀ, ਮਃ 3)

True is the Banker, and True are His traders. The false ones cannot remain there.

ਓਨਾ ਸਚੁ ਨ ਭਾਵਈ ; ਦੁਖ ਹੀ ਮਾਹਿ ਪਚੰਨਿ ॥੧੮॥ (756-1, ਸੂਹੀ, ਮਃ 3)

They do not love the Truth - they are consumed by their pain. ||18||

ਹਉਮੈ ਮੈਲਾ ਜਗੁ ਫਿਰੈ ; ਮਰਿ ਜੰਮੈ ਵਾਰੋ ਵਾਰ ॥ (756-2, ਸੂਹੀ, ਮਃ 3)

The world wanders around in the filth of egotism; it dies, and is re-born, over and again.

ਪਇਐ ਕਿਰਤਿ ਕਮਾਵਣਾ ;
ਕੋਇ ਨ ਮੇਟਣਹਾਰ ॥੧੯॥ **(ਮੇਟਣ-ਹਾਰ ਬੋਲੋ)** (756-2, ਸੂਹੀ, ਮਃ 3)

He acts in accordance with the karma of his past actions, which no one can erase. ||19||

ਸੰਤਾ ਸੰਗਤਿ ਮਿਲਿ ਰਹੈ ; ਤਾ ਸਚਿ ਲਗੈ ਪਿਆਰੁ ॥ (756-2, ਸੂਹੀ, ਮਃ 3)

But if he joins the Society of the Saints, then he comes to embrace love for the Truth.

ਸਚੁ ਸਲਾਹੀ ਸਚੁ ਮਨਿ ; ਦਰਿ ਸਚੈ ਸਚਿਆਰੁ ॥੨੦॥ (756-3, ਸੂਹੀ, ਮਃ 3)

Praising Almighty with a truthful mind, he becomes true in the Court of Almighty. ||20||

ਗੁਰ ਪੂਰੇ ਪੂਰੀ ਮਤਿ ਹੈ ;
ਅਹਿਨਿਸਿ ਨਾਮੁ ਧਿਆਇ ॥ **(ਅਹਿ-ਨਿਸਿ ਬੋਲੋ)** (756-3, ਸੂਹੀ, ਮਃ 3)

The Teachings of the Perfect Guru are perfect; meditate on Almighty's Name (Naam), day and night.

ਹਉਮੈ ਮੇਰਾ ਵਡ ਰੋਗੁ ਹੈ ; ਵਿਚਹੁ ਠਾਕਿ ਰਹਾਇ ॥੨੧॥ (756-4, ਸੂਹੀ, ਮਃ 3)

Egotism and self-conceit are terrible diseases; tranquility and stillness come from within. ||21||

ਗੁਰੁ ਸਾਲਾਹੀ ਆਪਣਾ ; ਨਿਵਿ ਨਿਵਿ ਲਾਗਾ ਪਾਇ ॥ **(ਪਾਂਇ ਬੋਲੋ)** (756-4, ਸੂਹੀ, ਮਃ 3)

Fifth Mahala:

ਧੰਨੁ ਸੁ ਵੇਲਾ ਘੜੀ ਧੰਨੁ ; ਧਨੁ ਮੂਰਤੁ ਪਲੁ ਸਾਰੁ ॥ (958-10, ਰਾਮਕਲੀ, ਮਃ 5)

Blessed is that time, blessed is that hour, blessed is that second, excellent is that instant;

ਧੰਨੁ ਸੁ ਦਿਨਸੁ ਸੰਜੋਗੜਾ ; ਜਿਤੁ ਡਿਠਾ ਗੁਰ ਦਰਸਾਰੁ ॥ (958-10, ਰਾਮਕਲੀ, ਮਃ 5)

blessed is that day, and that opportunity, when I gazed upon the Blessed Vision of the Guru's Darshan.

ਮਨ ਕੀਆ ਇਛਾ ਪੂਰੀਆ ;
ਹਰਿ ਪਾਇਆ ਅਗਮ ਅਪਾਰੁ ॥ (958-11, ਰਾਮਕਲੀ, ਮਃ 5)

The mind's desires are fulfilled, when the inaccessible, unfathomable Masteris obtained.

ਹਉਮੈ ਤੁਟਾ ਮੋਹੜਾ ; ਇਕੁ ਸਚੁ ਨਾਮੁ ਆਧਾਰੁ ॥ (958-11, ਰਾਮਕਲੀ, ਮਃ 5)

Egotism and emotional attachment are eradicated, and one leans only on the Support of the True Name.

ਜਨੁ ਨਾਨਕੁ ਲਗਾ ਸੇਵ ਹਰਿ ;
ਉਧਰਿਆ ਸਗਲ ਸੰਸਾਰੁ ॥੨॥ (ਉਧੱਰਿਆ ਨਹੀਂ ਬੋਲਣਾ)(958-12, ਰਾਮਕਲੀ, ਮਃ 5)

O servant Nanak, one who is committed to Almighty's service - the whole world is saved along with him. ||2||

ਪਉੜੀ ॥ (958-12)

Pauree:

ਸਿਫਤਿ ਸਲਾਹਣੁ ਭਗਤਿ ; ਵਿਰਲੇ ਦਿਤੀਅਨੁ ॥ (958-12, ਰਾਮਕਲੀ, ਮਃ 5)

How rare are those who are blessed to praise Almighty, in devotional worship.

ਸਉਪੇ ਜਿਸੁ ਭੰਡਾਰ ; ਫਿਰਿ ਪੁਛ ਨ ਲੀਤੀਅਨੁ ॥ (958-13, ਰਾਮਕਲੀ, ਮਃ 5)

Those who are blessed with Almighty's treasures are not called to give their account again.

ਜਿਸ ਨੋ ਲਗਾ ਰੰਗੁ ; ਸੇ ਰੰਗਿ ਰਤਿਆ ॥ (ਰੱਤਿਆ ਬੋਲੋ) (958-13, ਰਾਮਕਲੀ, ਮਃ 5)

Those who are imbued with His Love are absorbed in ecstasy.

ਓਨਾ ਇਕੋ ਨਾਮੁ ਅਧਾਰੁ ;
ਇਕਾ ਉਨ ਭਤਿਆ ॥ (ਭੱਤਿਆ ਬੋਲੋ) (958-14, ਰਾਮਕਲੀ, ਮਃ 5)

They take the Support of the One Name; the One Name is their only food.

ਓਨਾ ਪਿਛੈ ਜਗੁ ; ਭੁੰਚੈ ਭੋਗਈ ॥ (958-14, ਰਾਮਕਲੀ, ਮਃ 5)

For their sake, the world eats and enjoys.

ਓਨਾ ਪਿਆਰਾ ਰਬੁ ; ਓਨਾਹਾ ਜੋਗਈ ॥ (958-14, ਰਾਮਕਲੀ, ਮਃ 5)

Their Beloved Master belongs to them alone.

ਜਿਸੁ ਮਿਲਿਆ ਗੁਰੁ ਆਇ ; ਤਿਨਿ ਪ੍ਰਭੁ ਜਾਣਿਆ ॥ (958-15, ਰਾਮਕਲੀ, ਮਃ 5)

The Guru comes and meets them; they alone know Almighty.

ਹਉ ਬਲਿਹਾਰੀ ਤਿਨ ; ਜਿ ਖਸਮੈ ਭਾਣਿਆ ॥੪॥ (958-15, ਰਾਮਕਲੀ, ਮਃ 5)

I am a sacrifice to those who are pleasing to their Master. ||4||

ਸਲੋਕ , ਮਃ ੫ ॥ (958-16)

Salok, Fifth Mahala:

ਹਰਿ ਇਕਸੈ ਨਾਲਿ ਮੈ ਦੋਸਤੀ ;
ਹਰਿ ਇਕਸੈ ਨਾਲਿ ਮੈ ਰੰਗੁ ॥ (958-16, ਰਾਮਕਲੀ, ਮਃ 5)

My friendship is with the One Master alone; I am in love with the One Master alone.

ਹਰਿ ਇਕੋ ਮੇਰਾ ਸਜਣੋ ; ਹਰਿ ਇਕਸੈ ਨਾਲਿ ਮੈ ਸੰਗੁ ॥(958-16, ਰਾਮਕਲੀ, ਮਃ 5)

Almighty is my only friend; my companionship is with the One Master alone.

ਹਰਿ ਇਕਸੈ ਨਾਲਿ ਮੈ ਗੋਸਟੇ ;
ਮੁਹੁ ਮੈਲਾ ਕਰੈ ਨ ਭੰਗੁ ॥ (958-17, ਰਾਮਕਲੀ, ਮਃ 5)

My conversation is with the One Master alone; He never frowns, or turns His face away.

ਜਾਣੈ ਬਿਰਥਾ ਜੀਅ ਕੀ ; ਕਦੇ ਨ ਮੋੜੈ ਰੰਗੁ ॥ (958-17, ਰਾਮਕਲੀ, ਮਃ 5)

He alone knows the state of my soul; He never ignores my love.

ਹਰਿ ਇਕੋ ਮੇਰਾ ਮਸਲਤੀ ; ਭੰਨਣ ਘੜਨ ਸਮਰਥੁ ॥ (958-18, ਰਾਮਕਲੀ, ਮਃ 5)

He is my only counselor, all-powerful to destroy and create.

ਹਰਿ ਇਕੋ ਮੇਰਾ ਦਾਤਾਰੁ ਹੈ ;
ਸਿਰਿ ਦਾਤਿਆ ਜਗ ਹਥੁ ॥ (958-18, ਰਾਮਕਲੀ, ਮਃ 5)

Almighty is my only Giver. He places His hand upon the heads of the generous in the world.

ਹਰਿ ਇਕਸੈ ਦੀ , ਮੈ ਟੇਕ ਹੈ ;
ਜੋ ਸਿਰਿ ਸਭਨਾ ਸਮਰਥੁ ॥ (958-19, ਰਾਮਕਲੀ, ਮਃ 5)

I take the Support of the One Master alone; He is all-powerful, over the heads of all.

ਸਤਿਗੁਰਿ ਸੰਤੁ ਮਿਲਾਇਆ; ਮਸਤਕਿ ਧਰਿ ਕੈ ਹਥੁ ॥ (958-19, ਰਾਮਕਲੀ, ਮਃ 5)

The Saint, the True Guru, has united me with Almighty. He placed His hand on my forehead.

ਵਡਾ ਸਾਹਿਬੁ ਗੁਰੂ ਮਿਲਾਇਆ ;
ਜਿਨਿ ਤਾਰਿਆ ਸਗਲ ਜਗਤੁ ॥ (959-1, ਰਾਮਕਲੀ, ਮਃ 5)

The Guru led me to meet the greatest Master; He saved the whole world.

ਮਨ ਕੀਆ ਇਛਾ ਪੂਰੀਆ ; ਪਾਇਆ ਧੁਰਿ ਸੰਜੋਗ ॥ (959-1, ਰਾਮਕਲੀ, ਮਃ 5)

The desires of the mind are fulfilled; I have attained my pre-destined Union with Almighty.

ਨਾਨਕ , ਪਾਇਆ ਸਚੁ ਨਾਮੁ ; ਸਦ ਹੀ ਭੋਗੇ ਭੋਗ ॥੧॥ (959-2, ਰਾਮਕਲੀ, ਮਃ 5)

Guru Nanak says, one who has obtained the True Name; He enjoys the enjoyments forever. ||1||

ਮਃ ੫ ॥ (959-2)

Fifth Mahala:

ਮਨਮੁਖਾ ਕੇਰੀ ਦੋਸਤੀ ; ਮਾਇਆ ਕਾ ਸਨਬੰਧੁ ॥ (959-2, ਰਾਮਕਲੀ, ਮਃ 5)

Friendship with the self-willed manmukhs is an alliance with Maya.

ਵੇਖਦਿਆ ਹੀ ਭਜਿ ਜਾਨਿ ; ਕਦੇ ਨ ਪਾਇਨਿ ਬੰਧੁ ॥ (959-3, ਰਾਮਕਲੀ, ਮਃ 5)

As we watch, they run away; they never stand firm.

ਜਿਚਰੁ ਪੈਨਨਿ ਖਾਵਨ੍ਹੇ ; ਤਿਚਰੁ ਰਖਨਿ ਗੰਢੁ ॥ (959-3, ਰਾਮਕਲੀ, ਮਃ 5)

As long as they get food and clothing, they stick around.

ਜਿਤੁ ਦਿਨਿ ਕਿਛੁ ਨ ਹੋਵਈ ;
ਤਿਤੁ ਦਿਨਿ ਬੋਲਨਿ ਗੰਧੁ ॥ (959-4, ਰਾਮਕਲੀ, ਮਃ 5)

But on that day when they receive nothing, then they start to curse.

ਜੀਅ ਕੀ ਸਾਰ ਨ ਜਾਣਨੀ ;
ਮਨਮੁਖ ਅਗਿਆਨੀ ਅੰਧੁ ॥ (959-4, ਰਾਮਕਲੀ, ਮਃ 5)

The self-willed manmukhs are ignorant and blind; they do not know the secrets of the soul.

ਕੂੜਾ ਗੰਢੁ ਨ ਚਲਈ ; ਚਿਕੜਿ ਪਥਰ ਬੰਧੁ ॥ (959-5, ਰਾਮਕਲੀ, ਮਃ 5)

The false bond does not last; it is like stones joined with mud.

ਅੰਧੇ ਆਪੁ ਨ ਜਾਣਨੀ ; ਫਕੜੁ ਪਿਟਨਿ ਧੰਧੁ ॥(ਫੱਕੜੁ ਬੋਲੋ) (959-5, ਰਾਮਕਲੀ, ਮਃ 5)

The blind do not understand themselves; they are engrossed in false worldly entanglements.

ਝੂਠੈ ਮੋਹਿ ਲਪਟਾਇਆ ; ਹਉ ਹਉ ਕਰਤ ਬਿਹੰਧੁ ॥ (959-6, ਰਾਮਕਲੀ, ਮਃ 5)

Entangled in false attachments, they pass their lives in egotism and self-conceit.

ਕ੍ਰਿਪਾ ਕਰੇ ਜਿਸੁ ਆਪਣੀ ; ਧੁਰਿ ਪੂਰਾ ਕਰਮੁ ਕਰੇਇ ॥ (959-6, ਰਾਮਕਲੀ, ਮਃ 5)

But that being, whom Almighty has blessed with His Mercy from the very beginning, does perfect deeds, and accumulates good karma.

ਜਨ ਨਾਨਕ , ਸੇ ਜਨ ਉਬਰੇ ;
ਜੋ ਸਤਿਗੁਰ ਸਰਣਿ ਪਰੇ ॥੨॥ (959-7, ਰਾਮਕਲੀ, ਮਃ 5)

Guru Nanak says, those humble beings alone are saved, who enter the Sanctuary of the True Guru. ||2||

ਪਉੜੀ ॥ (959-7)

Pauree:

ਜੋ ਰਤੇ ਦੀਦਾਰ ; ਸੇਈ ਸਚੁ ਹਾਕੁ ॥ (ਰੱਤੇ ਬੋਲੋ) (959-7, ਰਾਮਕਲੀ, ਮਃ 5)

Those who are imbued with Almighty's Vision, speak the Truth.

ਜਿਨੀ ਜਾਤਾ ਖਸਮੁ ; ਕਿਉ ਲਭੈ ਤਿਨਾ ਖਾਕੁ ॥ (959-7, ਰਾਮਕਲੀ, ਮਃ 5)

How can I obtain the dust of those who realize their Master?

ਮਨੁ ਮੈਲਾ ਵੇਕਾਰੁ ; ਹੋਵੈ ਸੰਗਿ ਪਾਕੁ ॥ (959-8, ਰਾਮਕਲੀ, ਮਃ 5)

The mind, stained by evil desires, becomes pure by associating with them.

ਦਿਸੈ ਸਚਾ ਮਹਲੁ ; ਖੁਲੈ ਭਰਮ ਤਾਕੁ ॥ (959-8, ਰਾਮਕਲੀ, ਮਃ 5)

One sees the Mansion of Almighty's Presence, when the door of illusion is opened.

ਜਿਸਹਿ ਦਿਖਾਲੇ ਮਹਲੁ ; ਤਿਸੁ ਨ ਮਿਲੈ ਧਾਕੁ ॥ (959-9, ਰਾਮਕਲੀ, ਮਃ 5)

That one, unto whom the Mansion of Almighty's Presence is revealed, is never pushed or shoved.

ਮਨੁ ਤਨੁ ਹੋਇ ਨਿਹਾਲੁ ; ਬਿੰਦਕ ਨਦਰਿ ਝਾਕੁ ॥ (959-9, ਰਾਮਕਲੀ, ਮਃ 5)

My mind and body are exalted (delighted), when Almighty blesses me, even for an instant, with His Glance of Grace.

ਨਉ ਨਿਧਿ ਨਾਮੁ ਨਿਧਾਨੁ ; ਗੁਰ ਕੈ ਸਬਦਿ ਲਾਗੁ ॥ (959-9, ਰਾਮਕਲੀ, ਮਃ 5)

The nine treasures, and the treasure of Almighty's Name (Naam) are obtained by commitment to the Guru's Shabad (Gurbani).

ਤਿਸੈ ਮਿਲੈ ਸੰਤ ਖਾਕੁ ; ਮਸਤਕਿ ਜਿਸੈ ਭਾਗੁ ॥੫॥ (959-10, ਰਾਮਕਲੀ, ਮਃ 5)

He alone is blessed with the dust of the feet of the Saints, upon whose forehead such pre-ordained desiny is inscribed. ||5||

ਸਲੋਕ , ਮਃ ੫ ॥ (959-10)

Salok, Fifth Mahala:

ਹਰਣਾਖੀ ਕੂ , ਸਚੁ ਵੈਣੁ ਸੁਣਾਈ ;
ਜੋ ਤਉ ਕਰੇ ਉਧਾਰਣੁ ॥ (959-11, ਰਾਮਕਲੀ, ਮਃ 5)

O deer-eyed bride, I speak the Truth, which shall save you.

ਸੁੰਦਰ ਬਚਨ , ਤੁਮ ਸੁਣਹੁ ਛਬੀਲੀ ;
ਪਿਰੁ , ਤੈਡਾ ਮਨ ਸਾਧਾਰਣੁ ॥ (959-11, ਰਾਮਕਲੀ, ਮਃ 5)

Listen to these beautiful words, O beauteous bride; your Beloved Master is your mind's only support.

ਦੁਰਜਨ ਸੇਤੀ ਨੇਹੁ ਰਚਾਇਓ ;
ਦਸਿ , ਵਿਖਾ ਮੈ ਕਾਰਣੁ ॥ (959-12, ਰਾਮਕਲੀ, ਮਃ 5)

You have fallen in love with an evil person; tell me - show me why!

ਊਣੀ ਨਾਹੀ , ਝੂਣੀ ਨਾਹੀ ;
ਨਾਹੀ ਕਿਸੈ ਵਿਹੂਣੀ ॥ (959-12, ਰਾਮਕਲੀ, ਮਃ 5)

I lack nothing, and I am not sad or depressed; I have no deficiency at all.

ਪਿਰੁ ਛੈਲੁ ਛਬੀਲਾ ਛਡਿ ਗਵਾਇਓ ;
ਦੁਰਮਤਿ ਕਰਮਿ ਵਿਹੂਣੀ ॥ (959-13, ਰਾਮਕਲੀ, ਮਃ 5)

I abandoned and lost my fascinating and beautiful Husband Lord; in this evil-mindedness, I have lost my good fortune.

ਨਾ ਹਉ ਭੁਲੀ , ਨਾ ਹਉ ਚੁਕੀ ;
ਨਾ ਮੈ , ਨਾਹੀ ਦੋਸਾ ॥ (959-13, ਰਾਮਕਲੀ, ਮਃ 5)

I am not mistaken, and I am not confused; I have no egotism, and commit no offense.

ਜਿਤੁ ਹਉ ਲਾਈ , ਤਿਤੁ ਹਉ ਲਗੀ ;
ਤੂ ਸੁਣਿ ਸਚੁ ਸੰਦੇਸਾ ॥ (959-14, ਰਾਮਕਲੀ, ਮਃ 5)

As You have linked me, so I am linked; listen to my true message.

ਸਾਈ ਸੋੁਹਾਗਣਿ , ਸਾਈ ਭਾਗਣਿ ;
ਜੈ ਪਿਰਿ ਕਿਰਪਾ ਧਾਰੀ ॥ (959-14, ਰਾਮਕਲੀ, ਮਃ 5)

She alone is the blessed soul-bride, and she alone is fortunate, upon whom the Husband (Almighty)has showered His Mercy.

ਪਿਰਿ , ਅਉਗਣ ਤਿਸ ਕੇ ਸਭਿ ਗਵਾਏ ;
ਗਲ ਸੇਤੀ ਲਾਇ ਸਵਾਰੀ ॥ (959-15, ਰਾਮਕਲੀ, ਮਃ 5)

Her Husband (Almighty)takes away all her faults and mistakes; hugging her close in His embrace, He embellishes her.

ਕਰਮਹੀਣ ਧਨ , ਕਰੈ ਬਿਨੰਤੀ ; (ਕਰਮ-ਹੀਣ ਬੋਲੋ)
ਕਦਿ ਨਾਨਕ , ਆਵੈ ਵਾਰੀ ॥ (959-15, ਰਾਮਕਲੀ, ਮਃ 5)

The unfortunate soul-bride makes this prayer: Guru Nanak says, when will my turn come?

ਸਭਿ ਸੁਹਾਗਣਿ ਮਾਣਹਿ ਰਲੀਆ ;
ਇਕ ਦੇਵਹੁ ਰਾਤਿ ਮੁਰਾਰੀ ॥੧॥ (959-16, ਰਾਮਕਲੀ, ਮਃ 5)

All the blessed soul-brides celebrate and make merry; bless me as well with a night of bliss, Dear Almighty. ||1||

ਮਃ ੫ ॥ (959-16)

Fifth Mahala:

ਕਾਹੇ ਮਨ ਤੂ ਡੋਲਤਾ ; ਹਰਿ ਮਨਸਾ ਪੂਰਣਹਾਰੁ ॥ (959-17, ਰਾਮਕਲੀ, ਮਃ 5)

Why do you waver, O my mind? Almighty is the Fulfiller of hopes and desires.

ਸਤਿਗੁਰੁ ਪੁਰਖੁ ਧਿਆਇ ਤੂ ;
ਸਭਿ ਦੁਖ ਵਿਸਾਰਣਹਾਰੁ ॥ (959-17, ਰਾਮਕਲੀ, ਮਃ 5)

Meditate on the True Guru, the Primal Being; He is the Destroyer of all pains.

ਹਰਿ ਨਾਮਾ ਆਰਾਧਿ ਮਨ ;
ਸਭਿ ਕਿਲਵਿਖ ਜਾਹਿ ਵਿਕਾਰ ॥ (959-18, ਰਾਮਕਲੀ, ਮਃ 5)

Worship and adore Almighty's Name, O my mind; all sins and corruption shall be washed away.

ਜਿਨ ਕਉ ਪੂਰਬਿ ਲਿਖਿਆ ;
ਤਿਨ ਰੰਗੁ ਲਗਾ ਨਿਰੰਕਾਰ ॥ (959-18, ਰਾਮਕਲੀ, ਮਃ 5)

Those who are blessed with such pre-ordained destiny, are in love with the Formless Lord.

ਓਨੀ ਛਡਿਆ ਮਾਇਆ ਸੁਆਵੜਾ ;
ਧਨੁ ਸੰਚਿਆ ਨਾਮੁ ਅਪਾਰੁ ॥ (959-19, ਰਾਮਕਲੀ, ਮਃ 5)

They abandon the tastes of Maya, and gather in the infinite wealth of Almighty's Name (Naam).

ਅਠੇ ਪਹਰ ਇਕਤੈ ਲਿਵੈ ; ਮੰਨੇਨਿ ਹੁਕਮੁ ਅਪਾਰੁ ॥ (959-19, ਰਾਮਕਲੀ, ਮਃ 5)

Twenty-four hours a day, they are lovingly absorbed in the One Master; they surrender and accept the Will of the Infinite Lord.

ਜਨੁ ਨਾਨਕੁ ਮੰਗੈ ਦਾਨੁ ਇਕੁ ;
ਦੇਹੁ ਦਰਸੁ ਮਨਿ ਪਿਆਰੁ ॥੨॥ (960-1, ਰਾਮਕਲੀ, ਮਃ 5)

Servant Nanak begs for this one gift: please bless me, Almighty, with the Your Sight (Darshan); my mind is in love with You. ||2||

ਪਉੜੀ ॥ (960-1)

Pauree:

ਜਿਸੁ ਤੂ ਆਵਹਿ ਚਿਤਿ ; ਤਿਸ ਨੋ ਸਦਾ ਸੁਖ ॥ (960-1, ਰਾਮਕਲੀ, ਮਃ 5)

One who is conscious of You finds everlasting peace.

ਜਿਸੁ ਤੂ ਆਵਹਿ ਚਿਤਿ ; ਤਿਸੁ ਜਮ ਨਾਹਿ ਦੁਖ ॥ (960-2, ਰਾਮਕਲੀ, ਮਃ 5)

One who is conscious of You does not suffer at the hands of the Messenger of Death.

ਜਿਸੁ ਤੂ ਆਵਹਿ ਚਿਤਿ ; ਤਿਸੁ ਕਿ ਕਾੜਿਆ ॥ (960-2, ਰਾਮਕਲੀ, ਮਃ 5)

One who is conscious of You is not anxious.

ਜਿਸ ਦਾ ਕਰਤਾ ਮਿਤ੍ਰੁ ; ਸਭਿ ਕਾਜ ਸਵਾਰਿਆ ॥ (960-3, ਰਾਮਕਲੀ, ਮਃ 5)

One who has the Creator as his Friend - all his affairs are resolved.

ਜਿਸੁ ਤੂ ਆਵਹਿ ਚਿਤਿ ; ਸੋ ਪਰਵਾਣੁ ਜਨੁ ॥ (960-3, ਰਾਮਕਲੀ, ਮਃ 5)

One who remembers You is renowned and respected.

ਜਿਸੁ ਤੂ ਆਵਹਿ ਚਿਤਿ ; ਬਹੁਤਾ ਤਿਸੁ ਧਨੁ ॥ (960-3, ਰਾਮਕਲੀ, ਮਃ 5)

One who remembers You becomes very wealthy.

ਜਿਸੁ ਤੂ ਆਵਹਿ ਚਿਤਿ ; ਸੋ ਵਡ ਪਰਵਾਰਿਆ ॥ (960-4, ਰਾਮਕਲੀ, ਮਃ 5)

One who remembers You has a great family.

ਜਿਸੁ ਤੂ ਆਵਹਿ ਚਿਤਿ ; ਤਿਨਿ ਕੁਲ ਉਧਾਰਿਆ ॥੬॥ (960-4, ਰਾਮਕਲੀ, ਮਃ 5)

One who remembers You saves his ancestors. ||6||

ਸਲੋਕ , ਮਃ ੫ ॥ (960-5)

Salok, Fifth Mahala:

Prologue: There was one greedy Pandit who used to narrate discourses of praises before Guru Arjan Dev Ji and used to slander Guru Ji behind his back for the greed of money. When his deeds were revealed, his services in Guru's court were terminatedand Guru Ji uttered the following Shabad to caution his Sikhs from such deceivers;

ਅੰਦਰਹੁ ਅੰਨਾ , ਬਾਹਰਹੁ ਅੰਨਾ ; ਕੂੜੀ ਕੂੜੀ ਗਾਵੈ ॥ (960-5, ਰਾਮਕਲੀ, ਮਃ 5)

Blind inwardly, and blind outwardly, he sings falsely, falsely.

ਦੇਹੀ ਧੋਵੈ , ਚਕ੍ਰ ਬਣਾਏ ; ਮਾਇਆ ਨੋ ਬਹੁ ਧਾਵੈ ॥ (960-5, ਰਾਮਕਲੀ, ਮਃ 5)

He washes his body, and draws ritual marks on it, and totally runs after wealth.

ਅੰਦਰਿ ਮੈਲੁ ਨ ਉਤਰੈ ਹਉਮੈ ;
ਫਿਰਿ ਫਿਰਿ ਆਵੈ ਜਾਵੈ ॥ (960-6, ਰਾਮਕਲੀ, ਮਃ 5)

But the filth of his egotism is not removed from within, and over and over again, he comes and goes in reincarnation.

ਨੀਂਦ ਵਿਆਪਿਆ , ਕਾਮਿ ਸੰਤਾਪਿਆ ;
ਮੁਖਹੁ ਹਰਿ ਹਰਿ ਕਹਾਵੈ ॥ (960-6, ਰਾਮਕਲੀ, ਮਃ 5)

Engulfed in sleep, and tormented by frustrated sexual desire, he chants Almighty's Name with his mouth.

ਬੈਸਨੋ ਨਾਮੁ , ਕਰਮ ਹਉ ਜੁਗਤਾ ;
ਤੁਹ ਕੁਟੇ ਕਿਆ ਫਲੁ ਪਾਵੈ ॥ (960-7, ਰਾਮਕਲੀ, ਮਃ 5)

He is called a Vaishnav, but he is bound to deeds of egotism; by threshing only husks, what rewards can be obtained?

ਹੰਸਾ ਵਿਚਿ ਬੈਠਾ ਬਗੁ ਨ ਬਣਈ ;
ਨਿਤ ਬੈਠਾ ਮਛੀ ਨੋ ਤਾਰ ਲਾਵੈ ॥ (960-7, ਰਾਮਕਲੀ, ਮਃ 5)

Sitting among the swans, the crane does not become one of them; sitting there, he keeps staring at the fish.

ਜਾ ਹੰਸ ਸਭਾ , ਵੀਚਾਰੁ ਕਰਿ ਦੇਖਨਿ ; (ਪੋਲਾ ਬੋਲੋ)
ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥ (960-8, ਰਾਮਕਲੀ, ਮਃ 5)

And when the gathering of swans looks and sees, they realize that they can never form an alliance with the crane.

ਹੰਸਾ ਹੀਰਾ ਮੋਤੀ ਚੁਗਣਾ ; ਬਗੁ ਡਡਾ ਭਾਲਣ ਜਾਵੈ ॥ (960-9, ਰਾਮਕਲੀ, ਮਃ 5)

The swans peck at the diamonds and pearls, while the crane chases after frogs.

ਉਡਰਿਆ ਵੇਚਾਰਾ ਬਗੁਲਾ ;
ਮਤੁ ਹੋਵੈ , ਮੰਞੁ ਲਖਾਵੈ ॥ (960-9, ਰਾਮਕਲੀ, ਮਃ 5)

The poor crane flies away, so that his secret will not be exposed.

ਜਿਤੁ ਕੋ ਲਾਇਆ , ਤਿਤ ਹੀ ਲਾਗਾ ;
ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥ (960-10, ਰਾਮਕਲੀ, ਮਃ 5)

Whatever Almighty attaches one to, to that he is attached. Who is to blame, when Almighty wills it so?

ਸਤਿਗੁਰੁ ਸਰਵਰੁ , ਰਤਨੀ ਭਰਪੂਰੇ ;
ਜਿਸੁ ਪ੍ਰਾਪਤਿ , ਸੋ ਪਾਵੈ ॥ (960-10, ਰਾਮਕਲੀ, ਮਃ 5)

The True Guru is the lake, overflowing with pearls. One who meets the True Guru obtains them.

ਸਿਖ ਹੰਸ , ਸਰਵਰਿ ਇਕਠੇ ਹੋਏ ;
ਸਤਿਗੁਰ ਕੈ ਹੁਕਮਾਵੈ ॥ (960-11, ਰਾਮਕਲੀ, ਮਃ 5)

The Sikh-swans gather at the lake, according to the Will of the True Guru.

ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ;
ਖਾਇ ਖਰਚਿ ਰਹੇ , ਤੋਟਿ ਨ ਆਵੈ ॥ (960-11, ਰਾਮਕਲੀ, ਮਃ 5)

The lake is filled with the wealth of these jewels and pearls; they are spent and consumed, but they never run out.

ਸਰਵਰ ਹੰਸੁ ਦੂਰਿ ਨ ਹੋਈ ; ਕਰਤੇ ਏਵੈ ਭਾਵੈ ॥ (960-12, ਰਾਮਕਲੀ, ਮਃ 5)

The swan never leaves the lake; such is the Pleasure of the Creator's Will.

ਜਨ ਨਾਨਕ , ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ ;
ਸੋ ਸਿਖੁ ਗੁਰੂ ਪਹਿ ਆਵੈ ॥ (960-12, ਰਾਮਕਲੀ, ਮਃ 5)

Guru Nanak says, one who has such pre-ordained destiny inscribed upon his forehead - that Sikh comes to the Guru.

ਆਪਿ ਤਰਿਆ , ਕੁਟੰਬ ਸਭਿ ਤਾਰੇ ;
ਸਭਾ ਸ੍ਰਿਸਟਿ ਛਡਾਵੈ ॥੧॥ (960-13, ਰਾਮਕਲੀ, ਮਃ 5)

He saves himself, and saves all his generations as well; he emancipates the whole world. ||1||

ਮਃ ੫ ॥ (960-14)

Fifth Mahala:

ਪੰਡਿਤੁ ਆਖਾਏ ਬਹੁਤੀ ਰਾਹੀ ; ਕੋਰੜ ਮੋਠ ਜਿਨੇਹਾ ॥ (960-14, ਰਾਮਕਲੀ, ਮਃ 5)

He is called a Pandit, a religious scholar, and yet he wanders along many pathways. He is as hard as uncooked beans.

ਅੰਦਰਿ ਮੋਹੁ , ਨਿਤ ਭਰਮਿ ਵਿਆਪਿਆ ;
ਤਿਸਟਸਿ ਨਾਹੀ , ਦੇਹਾ ॥ (960-14, ਰਾਮਕਲੀ, ਮਃ 5)

He is filled with attachment, and constantly engrossed in doubt; his body cannot hold still.

ਕੂੜੀ ਆਵੈ ਕੂੜੀ ਜਾਵੈ ; ਮਾਇਆ ਕੀ ਨਿਤ ਜੋਹਾ ॥ (960-15, ਰਾਮਕਲੀ, ਮਃ 5)

False is his coming, and false is his going; he is continually on the lookout for Maya.

ਸਚੁ ਕਹੈ , ਤਾ ਛੋਹੋ ਆਵੈ ; ਅੰਤਰਿ ਬਹੁਤਾ ਰੋਹਾ ॥ (960-15, ਰਾਮਕਲੀ, ਮਃ 5)

If someone speaks the truth, then he is aggravated; he is totally filled with anger.

ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ;
ਮਨਿ ਲਾਗਾ ਤਿਸੁ ਮੋਹਾ ॥ (960-16, ਰਾਮਕਲੀ, ਮਃ 5)

The evil fool is engrossed in evil-mindedness and false intellectualizations; his mind is attached to emotional attachment.

ਠਗੈ ਸੇਤੀ ਠਗੁ ਰਲਿ ਆਇਆ ;
ਸਾਥੁ ਭਿ ਇਕੋ ਜੇਹਾ ॥ (960-16, ਰਾਮਕਲੀ, ਮਃ 5)

The deceiver abides with the five deceivers; it is a gathering of like minds.

ਸਤਿਗੁਰੁ ਸਰਾਫੁ , ਨਦਰੀ ਵਿਚਦੋ ਕਢੈ ;
ਤਾਂ ਉਘੜਿ ਆਇਆ ਲੋਹਾ ॥ (960-17, ਰਾਮਕਲੀ, ਮਃ 5)

And when the Jeweller, the True Guru, appraises him, then he is exposed as mere iron.

ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ;
ਉਘੜਿਆ ਪੜਦਾ ਅਗੈ ਆਇ ਖਲੋਹਾ ॥ (960-18, ਰਾਮਕਲੀ, ਮਃ 5)

Mixed and mingled with others, he was passed off as genuine in many places; but now, the veil has been lifted, and he stands naked before all.

ਸਤਿਗੁਰ ਕੀ ਜੇ ਸਰਣੀ ਆਵੈ ;
ਫਿਰਿ ਮਨੂਰਹੁ ਕੰਚਨੁ ਹੋਹਾ ॥ (ਮਨੂਰ-ਹੁ ਬੋਲੋ) (960-18, ਰਾਮਕਲੀ, ਮਃ 5)

One who comes to the Sanctuary of the True Guru, shall be transformed from iron into gold.

ਸਤਿਗੁਰੁ ਨਿਰਵੈਰੁ , ਪੁਤ੍ਰ ਸਤ੍ਰ ਸਮਾਨੇ ;
ਅਉਗਣ ਕਟੇ , ਕਰੇ ਸੁਧੁ ਦੇਹਾ ॥ (960-19, ਰਾਮਕਲੀ, ਮਃ 5)

The True Guru has no anger or vengeance; He looks upon son and enemy alike. Removing faults and mistakes, He purifies the human body.

ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ;
ਤਿਸੁ ਸਤਿਗੁਰ ਨਾਲਿ ਸਨੇਹਾ ॥ (960-19, ਰਾਮਕਲੀ, ਮਃ 5)

Guru Nanak says, one who has such pre-ordained destiny inscribed upon his forehead, is in love with the True Guru.

ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ;
ਜਿਸੁ ਕਿਰਪਾਲੁ ਹੋਵੈ , ਤਿਸੁ ਰਿਦੈ ਵਸੇਹਾ ॥ (961-1, ਰਾਮਕਲੀ, ਮਃ 5)

The Word of the Perfect True Guru's Bani is Ambrosial Nectar; it dwells in the heart of one who is blessed by the Guru's Mercy.

ਆਵਣ ਜਾਣਾ ਤਿਸ ਕਾ ਕਟੀਐ ;
ਸਦਾ ਸਦਾ ਸੁਖੁ ਹੋਹਾ ॥੨॥ (961-2, ਰਾਮਕਲੀ, ਮਃ 5)

His coming and going in reincarnation is ended; forever and ever, he is at peace. ||2||

ਪਉੜੀ ॥ (961-2)

Pauree:

ਜੋ ਤੁਧੁ ਭਾਣਾ ਜੰਤੁ ; ਸੋ ਤੁਧੁ ਬੁਝਈ ॥ (961-2, ਰਾਮਕਲੀ, ਮਃ 5)

He alone understands You, Master, with whom You are pleased.

ਜੋ ਤੁਧੁ ਭਾਣਾ ਜੰਤੁ ; ਸੁ ਦਰਗਹ ਸਿਝਈ ॥ (961-3, ਰਾਮਕਲੀ, ਮਃ 5)

He alone is approved in the Court of Almighty, with whom You are pleased.

ਜਿਸ ਨੋ ਤੇਰੀ ਨਦਰਿ ; ਹਉਮੈ ਤਿਸੁ ਗਈ ॥ (961-3, ਰਾਮਕਲੀ, ਮਃ 5)

Egotism is eradicated, when You bestow Your Grace.

ਜਿਸਨੋ , ਤੂ ਸੰਤੁਸਟੁ ; ਕਲਮਲ ਤਿਸੁ ਖਈ ॥ (961-4, ਰਾਮਕਲੀ, ਮਃ 5)

Sins are erased, when You are thoroughly pleased.

ਜਿਸ ਕੈ ਸੁਆਮੀ ਵਲਿ ; ਨਿਰਭਉ ਸੋ ਭਈ ॥ (961-4, ਰਾਮਕਲੀ, ਮਃ 5)

One who has Almighty Master on his side, becomes fearless.

ਜਿਸਨੋ , ਤੂ ਕਿਰਪਾਲੁ ; ਸਚਾ ਸੋ ਥਿਅਈ ॥ (961-4, ਰਾਮਕਲੀ, ਮਃ 5)

One who is blessed with Your Mercy, becomes truthful.

ਜਿਸਨੋ ਤੇਰੀ ਮਇਆ ;
ਨ ਪੋਹੈ ਅਗਨਈ ॥ (ਅਗਨੱਈ ਬੋਲੋ) (961-5, ਰਾਮਕਲੀ, ਮਃ 5)

One who is blessed with Your Kindness, is not touched by fire.

ਤਿਸਨੋ ਸਦਾ ਦਇਆਲੁ ;
ਜਿਨਿ ਗੁਰ ਤੇ ਮਤਿ ਲਈ ॥੭॥ (961-5, ਰਾਮਕਲੀ, ਮਃ 5)

You are forever Merciful to those who are receptive to the Guru's Teachings. ||7||

ਸਲੋਕ , ਮਃ ੫ ॥ (961-6)

Salok, Fifth Mahala:

ਕਰਿ ਕਿਰਪਾ ਕਿਰਪਾਲ ; ਆਪੇ ਬਖਸਿ ਲੈ ॥ (961-6, ਰਾਮਕਲੀ, ਮਃ 5)

Please grant Your Grace, O Merciful Almighty; please forgive me.

ਸਦਾ ਸਦਾ ਜਪੀ ਤੇਰਾ ਨਾਮੁ ;
ਸਤਿਗੁਰ ਪਾਇ ਪੈ ॥ (ਪਾਂਇ ਬੋਲੋ) (961-6, ਰਾਮਕਲੀ, ਮਃ 5)

Forever and ever, I chant Your Name; I fall at the feet of the True Guru.

ਮਨ ਤਨ ਅੰਤਰਿ ਵਸੁ ; ਦੂਖਾ ਨਾਸੁ ਹੋਇ ॥ (961-7, ਰਾਮਕਲੀ, ਮਃ 5)

Please, dwell within my mind and body, and end my sufferings.

ਹਥ ਦੇਇ ਆਪਿ ਰਖੁ ; ਵਿਆਪੈ ਭਉ ਨ ਕੋਇ ॥ (961-7, ਰਾਮਕਲੀ, ਮਃ 5)

Please give me Your hand, and save me, that fear may not afflict me.

ਗੁਣ ਗਾਵਾ ਦਿਨੁ ਰੈਣਿ ; ਏਤੈ ਕੰਮਿ ਲਾਇ ॥ (961-7, ਰਾਮਕਲੀ, ਮਃ 5)

May I sing Your Glorious Praises day and night; please commit me to this task.

ਸੰਤ ਜਨਾ ਕੈ ਸੰਗਿ ; ਹਉਮੈ ਰੋਗੁ ਜਾਇ ॥ (961-8, ਰਾਮਕਲੀ, ਮਃ 5)

Associating with the humble Saints, the disease of egotism is eradicated.

ਸਰਬ ਨਿਰੰਤਰਿ ਖਸਮੁ ; ਏਕੋ ਰਵਿ ਰਹਿਆ ॥ (961-8, ਰਾਮਕਲੀ, ਮਃ 5)

The One Master is all-pervading, permeating everywhere.

ਗੁਰਪਰਸਾਦੀ ਸਚੁ ; ਸਚੋ ਸਚੁ ਲਹਿਆ ॥ (961-9, ਰਾਮਕਲੀ, ਮਃ 5)

By Guru's Grace, I have truly found the Truest of the True.

ਦਇਆ ਕਰਹੁ ਦਇਆਲ ; ਅਪਣੀ ਸਿਫਤਿ ਦੇਹੁ ॥ (961-9, ਰਾਮਕਲੀ, ਮਃ 5)

Please bless me with Your Kindness, O Kind Master, and bless me with Your Praises.

ਦਰਸਨੁ ਦੇਖਿ ਨਿਹਾਲ ; ਨਾਨਕ ਪ੍ਰੀਤਿ ਏਹ ॥੧॥ (961-9, ਰਾਮਕਲੀ, ਮ: 5)

Gazing upon the Your Sight (Darshan), I am exalted (delighted); this is what Guru Nanak loves. ||1||

ਮ: ੫ ॥ (961-10)

Fifth Mahala:

ਏਕੋ ਜਪੀਐ ਮਨੈ ਮਾਹਿ ; ਇਕਸ ਕੀ ਸਰਣਾਇ ॥ (961-10, ਰਾਮਕਲੀ, ਮ: 5)

Meditate on the One Master within your mind, and enter the Sanctuary of the One Masteralone.

ਇਕਸੁ ਸਿਉ ਕਰਿ ਪਿਰਹੜੀ ; ਦੂਜੀ ਨਾਹੀ ਜਾਇ ॥ (961-10, ਰਾਮਕਲੀ, ਮ: 5)

Be in love with the One Master; there is no other at all.

ਇਕੋ ਦਾਤਾ ਮੰਗੀਐ ; ਸਭੁ ਕਿਛੁ ਪਲੈ ਪਾਇ ॥ (961-11, ਰਾਮਕਲੀ, ਮ: 5)

Beg from the One Master, the Great Giver, and you will be blessed with everything.

ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ;
ਇਕੋ ਇਕੁ ਧਿਆਇ ॥ (961-11, ਰਾਮਕਲੀ, ਮ: 5)

In your mind and body, with each breath and morsel of food, meditate on the One and only Almighty.

ਅੰਮ੍ਰਿਤੁ ਨਾਮੁ ਨਿਧਾਨੁ ਸਚੁ ;
ਗੁਰਮੁਖਿ ਪਾਇਆ ਜਾਇ ॥ (961-12, ਰਾਮਕਲੀ, ਮ: 5)

The Gurmukh obtains the true treasure, the Ambrosial Naam, Almighty's Name.

ਵਡਭਾਗੀ ਤੇ ਸੰਤ ਜਨ ; ਜਿਨ ਮਨਿ ਵੁਠਾ ਆਇ ॥ (961-12, ਰਾਮਕਲੀ, ਮ: 5)

Very fortunate are those humble Saints, within whose minds Almighty has come to abide.

ਜਲਿ ਥਲਿ ਮਹੀਅਲਿ ਰਵਿ ਰਹਿਆ ;
ਦੂਜਾ ਕੋਈ ਨਾਹਿ ॥ (961-13, ਰਾਮਕਲੀ, ਮ: 5)

He is pervading and permeating the water, the land and the sky; there is no other at all.

ਨਾਮੁ ਧਿਆਈ ਨਾਮੁ ਉਚਰਾ ;
ਨਾਨਕ ਖਸਮ ਰਜਾਇ ॥੨॥ (961-13, ਰਾਮਕਲੀ, ਮਃ 5)

Meditating on Almighty's Name (Naam), and chanting the Naam, Nanak abides in the Will of his Master. ||2||

ਪਉੜੀ ॥ (961-14)

Pauree:

ਜਿਸਨੋ ਤੂ ਰਖਵਾਲਾ ; ਮਾਰੇ ਤਿਸੁ ਕਉਣੁ ॥(ਜਿਸ-ਨੋ ਬੋਲੋ) (961-14, ਰਾਮਕਲੀ, ਮਃ 5)

One who has You as his Saving Grace - who can kill him?

ਜਿਸਨੋ ਤੂ ਰਖਵਾਲਾ ; ਜਿਤਾ ਤਿਨੈ ਭੈਣੁ ॥(ਜਿਸ-ਨੋ ਬੋਲੋ) (961-14, ਰਾਮਕਲੀ, ਮਃ 5)

One who has You as his Saving Grace conquers the three worlds.

ਜਿਸਨੋ ਤੇਰਾ ਅੰਗੁ ; ਤਿਸੁ ਮੁਖੁ ਉਜਲਾ ॥(ਜਿਸ-ਨੋ ਬੋਲੋ) (961-15, ਰਾਮਕਲੀ, ਮਃ 5)

One who has You on his side - his face is radiant and bright.

ਜਿਸਨੋ ਤੇਰਾ ਅੰਗੁ ; (ਜਿਸ-ਨੋ ਬੋਲੋ)
ਸੁ ਨਿਰਮਲੀ ਹੂੰ ਨਿਰਮਲਾ ॥ (961-15, ਰਾਮਕਲੀ, ਮਃ 5)

One who has You on his side, is the purest of the Pure.

ਜਿਸਨੋ ਤੇਰੀ ਨਦਰਿ ; ਨ ਲੇਖਾ ਪੁਛੀਐ ॥(ਜਿਸ-ਨੋ ਬੋਲੋ) (961-15, ਰਾਮਕਲੀ, ਮਃ 5)

One who is blessed with Your Grace is not called to give his account.

ਜਿਸਨੋ ਤੇਰੀ ਖੁਸੀ ; (ਜਿਸ-ਨੋ ਬੋਲੋ)
ਤਿਨਿ ਨਉ ਨਿਧਿ ਭੁੰਚੀਐ ॥ (961-16, ਰਾਮਕਲੀ, ਮਃ 5)

One with whom You are pleased, obtains the nine treasures.

ਜਿਸਨੋ ਤੂ ਪ੍ਰਭ ਵਲਿ ; (ਜਿਸ-ਨੋ ਬੋਲੋ)
ਤਿਸੁ ਕਿਆ ਮੁਹਛੰਦਗੀ ॥ (961-16, ਰਾਮਕਲੀ, ਮਃ 5)

One who has You on his side, Almighty - unto whom is he subservient?

ਜਿਸਨੋ ਤੇਰੀ ਮਿਹਰ ; (ਜਿਸ-ਨੋ ਬੋਲੋ)
ਸੁ ਤੇਰੀ ਬੰਦਿਗੀ ॥੮॥ (961-17, ਰਾਮਕਲੀ, ਮਃ 5)

One who is blessed with Your Kind Mercy is dedicated to Your worship. ||8||

ਸਲੋਕ , ਮਹਲਾ ੫ ॥ (961-17)

Salok, Fifth Mahala:

ਹੋਹੁ ਕ੍ਰਿਪਾਲ ਸੁਆਮੀ ਮੇਰੇ ; ਸੰਤਾਂ ਸੰਗਿ ਵਿਹਾਵੇ ॥ (961-17, ਰਾਮਕਲੀ, ਮਃ 5)

Be Merciful, O my Master, that I may pass my life in the Society of the Saints.

ਤੁਧਹੁ ਭੁਲੇ , ਸਿ ਜਮਿ ਜਮਿ ਮਰਦੇ ;
ਤਿਨ ਕਦੇ ਨ ਚੁਕਨਿ ਹਾਵੇ ॥੧॥ (961-18, ਰਾਮਕਲੀ, ਮਃ 5)

Those who forget You are born only to die and be reincarnated again; their sufferings will never end. ||1||

ਮਃ ੫ ॥ (961-18)

Fifth Mahala:

ਸਤਿਗੁਰੁ ਸਿਮਰਹੁ ਆਪਣਾ ;
ਘਟਿ ਅਵਘਟਿ ਘਟ ਘਾਟ ॥ (961-18, ਰਾਮਕਲੀ, ਮਃ 5)

Meditate in remembrance within your heart on the True Guru, whether you are on the most difficult path, on the mountain or by the river bank.

ਹਰਿ ਹਰਿ ਨਾਮੁ ਜਪੰਤਿਆ ; ਕੋਇ ਨ ਬੰਧੈ ਵਾਟ ॥੨॥ (961-19, ਰਾਮਕਲੀ, ਮਃ 5)

Chanting Almighty's Name, no one shall block your way. ||2||

ਪਉੜੀ ॥ (961-19)

Pauree:

ਤਿਥੈ ਤੂ ਸਮਰਥੁ ; ਜਿਥੈ ਕੋਇ ਨਾਹਿ ॥ (962-1, ਰਾਮਕਲੀ, ਮਃ 5)

Where You are, Almighty, there is no one else.

ਓਥੈ ਤੇਰੀ ਰਖ ; ਅਗਨੀ ਉਦਰ ਮਾਹਿ ॥ (962-1, ਰਾਮਕਲੀ, ਮਃ 5)

There, in the fire of the mother's womb, You protected us.

ਸੁਣਿ ਕੈ ਜਮ ਕੇ ਦੂਤ ; ਨਾਇ ਤੇਰੈ ਛਡਿ ਜਾਹਿ ॥ (962-1, ਰਾਮਕਲੀ, ਮਃ 5)

Hearing Your Name, the Messenger of Death runs away.

ਭਉਜਲੁ ਬਿਖਮੁ ਅਸਗਾਹੁ ; ਗੁਰ ਸਬਦੀ ਪਾਰਿ ਪਾਹਿ ॥ (962-2, ਰਾਮਕਲੀ, ਮਃ 5)

The terrifying, treacherous, impassible worldly ocean is crossed over, through the Guru's Shabad (Gurbani).

ਜਿਨ ਕਉ ਲਗੀ ਪਿਆਸ ; ਅੰਮ੍ਰਿਤੁ ਸੇਇ ਖਾਹਿ ॥ (962-2, ਰਾਮਕਲੀ, ਮਃ 5)

Those who feel thirst for You, take in Your Ambrosial Nectar.

ਕਲਿ ਮਹਿ ਏਹੋ ਪੁੰਨੁ ; ਗੁਣ ਗੋਵਿੰਦ ਗਾਹਿ ॥ (962-3, ਰਾਮਕਲੀ, ਮਃ 5)

This is the only act of goodness in this Dark Age of Kal-yug, to sing the Praises of Almighty of the life form within the Universe.

ਸਭਸੈ ਨੋ ਕਿਰਪਾਲੁ ; ਸਮ੍ਾਲੇ ਸਾਹਿ ਸਾਹਿ ॥ (962-3, ਰਾਮਕਲੀ, ਮਃ 5)

He is Merciful to all; He sustains us with each and every breath.

ਬਿਰਥਾ ਕੋਇ ਨ ਜਾਇ ; ਜਿ ਆਵੈ ਤੁਧੁ ਆਹਿ ॥੯॥ (962-3, ਰਾਮਕਲੀ, ਮਃ 5)

Those who come to You with love and faith are never turned away empty-handed. ||9||

ਸਲੋਕ , ਮਃ ੫ ॥ (962-4)

Salok, Fifth Mahala:

ਦੂਜਾ ਤਿਸੁ ਨ ਬੁਝਾਇਹੁ ;
ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥ (962-4, ਰਾਮਕਲੀ, ਮਃ 5)

Those whom You bless with the Support of Your Name, O Supreme Almighty, do not know any other.

ਅਗਮੁ ਅਗੋਚਰੁ ਸਾਹਿਬੋ ; ਸਮਰਥੁ ਸਚੁ ਦਾਤਾਰੁ ॥ (962-5, ਰਾਮਕਲੀ, ਮਃ 5)

Inaccessible, Unfathomable Master, All-powerful True Great Giver:

ਤੂ ਨਿਹਚਲੁ ਨਿਰਵੈਰੁ ਸਚੁ ; ਸਚਾ ਤੁਧੁ ਦਰਬਾਰੁ ॥ (962-5, ਰਾਮਕਲੀ, ਮਃ 5)

You are eternal and unchanging, without vengeance and True; True is Your Court.

ਕੀਮਤਿ ਕਹਣੁ ਨ ਜਾਈਐ ; ਅੰਤੁ ਨ ਪਾਰਾਵਾਰੁ ॥ (962-5, ਰਾਮਕਲੀ, ਮਃ 5)

Your worth cannot be described; You have no end or limitation.

ਪ੍ਰਭੁ ਛੋਡਿ ਹੋਰੁ ਜਿ ਮੰਗਣਾ ; ਸਭੁ ਬਿਖਿਆ ਰਸ ਛਾਰੁ ॥ (962-6, ਰਾਮਕਲੀ, ਮਃ 5)

To forsake Almighty, and ask for something else, is all corruption and ashes.

ਸੇ ਸੁਖੀਏ , ਸਚੁ ਸਾਹ ਸੇ ; ਜਿਨ ਸਚਾ ਬਿਉਹਾਰੁ ॥ (962-6, ਰਾਮਕਲੀ, ਮਃ 5)

They alone find peace, and they are the true kings, whose dealings are true.

ਜਿਨਾ ਲਗੀ ਪ੍ਰੀਤਿ ਪ੍ਰਭ ਨਾਮ ; ਸਹਜ ਸੁਖ ਸਾਰੁ ॥ (962-7, ਰਾਮਕਲੀ, ਮਃ 5)

Those who are in love with Almighty's Name, intuitively enjoy the essence of peace.

ਨਾਨਕ , ਇਕੁ ਆਰਾਧੇ ; ਸੰਤਨ ਰੇਣਾਰੁ ॥੧॥ (962-7, ਰਾਮਕਲੀ, ਮਃ 5)

Guru Nanak says, worship and adore the One Lord; seek the dust of the Saints. ||1||

ਮਃ ੫ ॥ (962-8)

Fifth Mahala:

ਅਨਦ ਸੂਖ ਬਿਸ੍ਰਾਮ ਨਿਤ ; ਹਰਿ ਕਾ ਕੀਰਤਨੁ ਗਾਇ ॥ (962-8, ਰਾਮਕਲੀ, ਮਃ 5)

Singing Almighty's Praises, bliss, peace and rest are obtained.

ਅਵਰ ਸਿਆਣਪ ਛਾਡਿ ਦੇਹਿ ;
ਨਾਨਕ , ਉਧਰਸਿ ਨਾਇ ॥੨॥ (962-8, ਰਾਮਕਲੀ, ਮਃ 5)

Forsake other clever tricks, Guru Nanak says; only through the Name will you be saved. ||2||

ਪਉੜੀ ॥ (962-9)

Pauree:

ਨਾ ਤੂ ਆਵਹਿ ਵਸਿ ; ਬਹੁਤੁ ਘਿਣਾਵਣੇ ॥ (962-9, ਰਾਮਕਲੀ, ਮਃ 5)

No one can bring You under control, by despising the world.

ਨਾ ਤੂ ਆਵਹਿ ਵਸਿ ; ਬੇਦ ਪੜਾਵਣੇ ॥ (962-9, ਰਾਮਕਲੀ, ਮਃ 5)

No one can bring You under control, by studying the Vedas.

ਨਾ ਤੂ ਆਵਹਿ ਵਸਿ ; ਤੀਰਥਿ ਨਾਈਐ ॥ (ਨ੍ਹਾਈਐ ਬੋਲੋ) (962-10, ਰਾਮਕਲੀ, ਮਃ 5)

No one can bring You under control, by bathing at the holy places.

ਨਾ ਤੂ ਆਵਹਿ ਵਸਿ ; ਧਰਤੀ ਧਾਈਐ ॥ (962-10, ਰਾਮਕਲੀ, ਮਃ 5)

No one can bring You under control, by wandering all over the world.

ਨਾ ਤੂ ਆਵਹਿ ਵਸਿ ; ਕਿਤੈ ਸਿਆਣਪੈ ॥ (962-10, ਰਾਮਕਲੀ, ਮਃ 5)

No one can bring You under control, by any clever tricks.

ਨਾ ਤੂ ਆਵਹਿ ਵਸਿ ; ਬਹੁਤਾ ਦਾਨੁ ਦੇ ॥ (962-11, ਰਾਮਕਲੀ, ਮਃ 5)

No one can bring You under control, by giving huge donations to charities.

ਸਭੁ ਕੋ ਤੇਰੈ ਵਸਿ ; ਅਗਮ ਅਗੋਚਰਾ ॥ (962-11, ਰਾਮਕਲੀ, ਮ: 5)

Everyone is under Your power, Dear Almighty You arebeyond the reach of mind and body (Agam) and beyond the reach of sensors (Agochar).

ਤੂ ਭਗਤਾ ਕੈ ਵਸਿ ; ਭਗਤਾ ਤਾਣੁ ਤੇਰਾ ॥੧੦॥ (962-11, ਰਾਮਕਲੀ, ਮ: 5)

You are under the control of Your devotees; You are the strength of Your devotees. ||10||

ਸਲੋਕ , ਮ: ੫ ॥ (962-12)

Salok, Fifth Mahala:

ਆਪੇ ਵੈਦੁ ; ਆਪਿ ਨਾਰਾਇਣੁ ॥ (962-12, ਰਾਮਕਲੀ, ਮ: 5)

Almighty Himself is the true physician.

ਏਹਿ ਵੈਦ ; ਜੀਅ ਕਾ ਦੁਖੁ ਲਾਇਣ ॥ (962-12, ਰਾਮਕਲੀ, ਮ: 5)

These physicians of the world only burden the soul with pain.

ਗੁਰ ਕਾ ਸਬਦੁ ; ਅੰਮ੍ਰਿਤ ਰਸੁ ਖਾਇਣ ॥ (962-13, ਰਾਮਕਲੀ, ਮ: 5)

The Guru's Shabad (Gurbani) is Ambrosial Nectar; it is so delicious to eat.

ਨਾਨਕ , ਜਿਸੁ ਮਨਿ ਵਸੈ ;
ਤਿਸ ਕੇ ਸਭਿ ਦੂਖ ਮਿਟਾਇਣ ॥੧॥ (962-13, ਰਾਮਕਲੀ, ਮ: 5)

Guru Nanak says, one whose mind is filled with this Nectar, all his pains are dispelled. ||1||

ਮ: ੫ ॥ (962-14)

Fifth Mahala:

ਹੁਕਮਿ ਉਛਲੈ ; ਹੁਕਮੇ ਰਹੈ ॥ (962-14, ਰਾਮਕਲੀ, ਮ: 5)

By Almighty's Command (Hukam), they move about; by Almighty's Command, they remain still.

ਹੁਕਮੇ ; ਦੁਖੁ ਸੁਖੁ ਸਮ ਕਰਿ ਸਹੈ ॥ (962-14, ਰਾਮਕਲੀ, ਮ: 5)

By His Hukam, they endure pain and pleasure alike.

ਹੁਕਮੇ ; ਨਾਮੁ ਜਪੈ ਦਿਨੁ ਰਾਤਿ ॥ (962-14, ਰਾਮਕਲੀ, ਮ: 5)

By His Hukam, they chant the Naam, Almighty's Name, day and night.

ਨਾਨਕ ; ਜਿਸ ਨੋ ਹੋਵੈ ਦਾਤਿ ॥ (962-14, ਰਾਮਕਲੀ, ਮ: 5)

Guru Nanak says, he alone does so, who is blessed.

ਹੁਕਮਿ ਮਰੈ ; ਹੁਕਮੇ ਹੀ ਜੀਵੈ ॥ (962-15, ਰਾਮਕਲੀ, ਮ: 5)

By Almighty's Command, they die; by His Command, they live.

ਹੁਕਮੇ ; ਨਾਨ੍ਾ ਵਡਾ ਥੀਵੈ ॥ (962-15, ਰਾਮਕਲੀ, ਮ: 5)

By His Hukam, they become tiny, and huge.

ਹੁਕਮੇ ; ਸੋਗ ਹਰਖ ਆਨੰਦ ॥ (962-15, ਰਾਮਕਲੀ, ਮ: 5)

By His Hukam, they receive pain, happiness and bliss.

ਹੁਕਮੇ ; ਜਪੈ ਨਿਰੋਧਰ ਗੁਰ ਮੰਤ ॥ (962-16, ਰਾਮਕਲੀ, ਮ: 5)

By His Hukam, they chant the Guru's Mantra, which always works.

ਹੁਕਮੇ ; ਆਵਣੁ ਜਾਣੁ ਰਹਾਏ ॥ (962-16, ਰਾਮਕਲੀ, ਮ: 5)

By His Hukam, coming and going in reincarnation cease,

ਨਾਨਕ ; ਜਾ ਕਉ ਭਗਤੀ ਲਾਏ ॥੨॥ (962-16, ਰਾਮਕਲੀ, ਮ: 5)

Guru Nanak says, when He links them to His devotional worship. ||2||

ਪਉੜੀ ॥ (962-16)

Pauree:

ਹਉ ਤਿਸੁ ਢਾਢੀ ਕੁਰਬਾਣੁ ; ਜਿ ਤੇਰਾ ਸੇਵਦਾਰੁ ॥ (962-17, ਰਾਮਕਲੀ, ਮ: 5)

I am a sacrifice to that musician who is Your servant, Dear Almighty.

ਹਉ ਤਿਸੁ ਢਾਢੀ ਬਲਿਹਾਰ ; ਜਿ ਗਾਵੈ ਗੁਣ ਅਪਾਰ ॥ (962-17, ਰਾਮਕਲੀ, ਮ: 5)

I am a sacrifice to that musician who sings the Glorious Praises of the Infinite Lord.

ਸੋ ਢਾਢੀ ਧਨੁ ਧੰਨੁ ; ਜਿਸੁ ਲੋੜੇ ਨਿਰੰਕਾਰੁ ॥ (962-17, ਰਾਮਕਲੀ, ਮ: 5)

Great, Great is that musician, for whom the Formless Master Himself longs.

ਸੋ ਢਾਢੀ ਭਾਗਠੁ ;
ਜਿਸੁ ਸਚਾ ਦੁਆਰਬਾਰੁ ॥ (ਦੁਆਰ-ਬਾਰੁ ਬੋਲੋ) (962-18, ਰਾਮਕਲੀ, ਮ: 5)

Very fortunate is that musician who comes to the gate of the Court of the True Lord.

ਓਹੁ ਢਾਢੀ ਤੁਧੁ ਧਿਆਇ ; ਕਲਾਣੇ ਦਿਨੁ ਰੈਣਾਰ ॥ (962-18, ਰਾਮਕਲੀ, ਮਃ 5)

That musician meditates on You, Almighty, and praises You day and night.

ਮੰਗੈ ਅੰਮ੍ਰਿਤ ਨਾਮੁ ; ਨ ਆਵੈ ਕਦੇ ਹਾਰਿ ॥ (962-19, ਰਾਮਕਲੀ, ਮਃ 5)

He begs for the Ambrosial Naam, Almighty's Name, and will never be defeated.

ਕਪੜੁ ਭੋਜਨੁ ਸਚੁ ; ਰਹਦਾ ਲਿਵੈ ਧਾਰ ॥ (962-19, ਰਾਮਕਲੀ, ਮਃ 5)

His clothes and his food are true, and he enshrines love for Almighty within.

ਸੋ ਢਾਢੀ ਗੁਣਵੰਤੁ ; ਜਿਸ ਨੋ ਪ੍ਰਭ ਪਿਆਰੁ ॥੧੧॥ (962-19, ਰਾਮਕਲੀ, ਮਃ 5)

Virtuous is that musician who loves Almighty. ||11||

ਸਲੋਕ , ਮਃ ੫ ॥ (963-1)

Salok, Fifth Mahala:

ਅੰਮ੍ਰਿਤ ਬਾਣੀ ਅਮਿਉ ਰਸੁ ; ਅੰਮ੍ਰਿਤੁ ਹਰਿ ਕਾ ਨਾਉ ॥ (963-1, ਰਾਮਕਲੀ, ਮਃ 5)

The Bani of the Guru's Word is Ambrosial Nectar; its taste is sweet. The Almighty's Name is Ambrosial Nectar.

ਮਨਿ ਤਨਿ ਹਿਰਦੈ ਸਿਮਰਿ ;
ਹਰਿ ਆਠ ਪਹਰ ਗੁਣ ਗਾਉ ॥ (963-2, ਰਾਮਕਲੀ, ਮਃ 5)

Meditate in remembrance on Almighty in your mind, body and heart; twenty-four hours a day, sing His Glorious Praises.

ਉਪਦੇਸੁ ਸੁਣਹੁ ਤੁਮ ਗੁਰਸਿਖਹੁ ;
ਸਚਾ ਇਹੈ ਸੁਆਉ ॥ (963-2, ਰਾਮਕਲੀ, ਮਃ 5)

Listen to these Teachings, O Sikhs of the Guru. This is the true purpose of life.

ਜਨਮੁ ਪਦਾਰਥੁ ਸਫਲੁ ਹੋਇ ;
ਮਨ ਮਹਿ ਲਾਇਹੁ ਭਾਉ ॥ (ਲਾਇ-ਹੁ ਬੋਲੋ) (963-3, ਰਾਮਕਲੀ, ਮਃ 5)

This priceless human life will be made fruitful; embrace love for Almighty in your mind.

ਸੂਖ ਸਹਜ ਆਨਦੁ ਘਣਾ ;
ਪ੍ਰਭ ਜਪਤਿਆ ਦੁਖੁ ਜਾਇ ॥ (963-3, ਰਾਮਕਲੀ, ਮਃ 5)

Celestial peace and absolute bliss come when one meditates on Almighty, suffering is dispelled.

ਨਾਨਕ , ਨਾਮੁ ਜਪਤ ਸੁਖੁ ਊਪਜੈ ;
ਦਰਗਹ ਪਾਈਐ ਥਾਉ ॥੧॥ (963-4, ਰਾਮਕਲੀ, ਮਃ 5)

Guru Nanak says, chanting the Naam, Almighty's Name, peace wells up, and one obtains a place in the Court of Almighty. ||1||

ਮਃ ੫ ॥ (963-4)

Fifth Mahala:

ਨਾਨਕ , ਨਾਮੁ ਧਿਆਈਐ ; ਗੁਰੁ ਪੂਰਾ ਮਤਿ ਦੇਇ ॥ (963-4, ਰਾਮਕਲੀ, ਮਃ 5)

Guru Nanak says, meditate on the Naam, Almighty's Name; this is the Teaching imparted by the Perfect Guru.

ਭਾਣੈ ਜਪ ਤਪ ਸੰਜਮੋ ; ਭਾਣੈ ਹੀ ਕਢਿ ਲੇਇ ॥ (963-5, ਰਾਮਕਲੀ, ਮਃ 5)

In Almighty's Will, they practice meditation, austerity and self-discipline; in Almighty's Will, they are released.

ਭਾਣੈ ਜੋਨਿ ਭਵਾਈਐ ; ਭਾਣੈ ਬਖਸ ਕਰੇਇ ॥ (963-5, ਰਾਮਕਲੀ, ਮਃ 5)

In Almighty's Will, they are made to wander in reincarnation; in Almighty's Will, they are forgiven.

ਭਾਣੈ ਦੁਖੁ ਸੁਖੁ ਭੋਗੀਐ ; ਭਾਣੈ ਕਰਮ ਕਰੇਇ ॥ (963-5, ਰਾਮਕਲੀ, ਮਃ 5)

In Almighty's Will, pain and pleasure are experienced; in Almighty's Will, actions are performed.

ਭਾਣੈ ਮਿਟੀ ਸਾਜਿ ਕੈ ; ਭਾਣੈ ਜੋਤਿ ਧਰੇਇ ॥ (963-6, ਰਾਮਕਲੀ, ਮਃ 5)

In Almighty's Will, clay is fashioned into form; in Almighty's Will, His Light is infused into it.

ਭਾਣੈ ਭੋਗ ਭੋਗਾਇਦਾ ; ਭਾਣੈ ਮਨਹਿ ਕਰੇਇ ॥ (963-6, ਰਾਮਕਲੀ, ਮਃ 5)

In Almighty's Will, enjoyments are enjoyed; in Almighty's Will, these enjoyments are denied.

ਭਾਣੈ ਨਰਕਿ ਸੁਰਗਿ ਅਉਤਾਰੇ ; ਭਾਣੈ ਧਰਣਿ ਪਰੇਇ ॥ (963-7, ਰਾਮਕਲੀ, ਮਃ 5)

In Almighty's Will, they are incarnated in heaven and hell; in Almighty's Will, they fall to the ground.

ਭਾਣੈ ਹੀ ਜਿਸੁ ਭਗਤੀ ਲਾਏ ; ਨਾਨਕ ਵਿਰਲੇ ਹੇ ॥੨॥ (963-7, ਰਾਮਕਲੀ, ਮਃ 5)

In Almighty's Will, they are committed to His devotional worship and Praise; Guru Nanak says, how rare are these! ||2||

ਪਉੜੀ ॥ (963-8)

Pauree:

ਵਡਿਆਈ ਸਚੇ ਨਾਮ ਕੀ ; ਹਉ ਜੀਵਾ ਸੁਣਿ ਸੁਣੇ ॥ (963-8, ਰਾਮਕਲੀ, ਮਃ 5)

Listening, hearing the glorious greatness of the True Name, I live.

ਪਸੂ ਪਰੇਤ ਅਗਿਆਨ ; ਉਧਾਰੇ ਇਕ ਖਣੇ ॥ (963-8, ਰਾਮਕਲੀ, ਮਃ 5)

Even ignorant beasts and goblins can be saved, in an instant.

ਦਿਨਸੁ ਰੈਣਿ ਤੇਰਾ ਨਾਉ ; ਸਦਾ ਸਦ ਜਾਪੀਐ ॥ (963-9, ਰਾਮਕਲੀ, ਮਃ 5)

Day and night, chant the Name, forever and ever.

ਤ੍ਰਿਸਨਾ ਭੁਖ ਵਿਕਰਾਲ ; ਨਾਇ ਤੇਰੈ ਧ੍ਰਾਪੀਐ ॥ (963-9, ਰਾਮਕਲੀ, ਮਃ 5)

The most horrible thirst and hunger is satisfied through Your Name, Dear Almighty.

ਰੋਗੁ ਸੋਗੁ ਦੁਖੁ ਵੰਞੈ ; ਜਿਸੁ ਨਾਉ ਮਨਿ ਵਸੈ ॥ (963-9, ਰਾਮਕਲੀ, ਮਃ 5)

Disease, sorrow and pain run away, when the Name dwells within the mind.

ਤਿਸਹਿ ਪਰਾਪਤਿ ਲਾਲੁ ; ਜੋ ਗੁਰ ਸਬਦੀ ਰਸੈ ॥ (963-10, ਰਾਮਕਲੀ, ਮਃ 5)

He alone attains his Beloved, who loves the Guru's Shabad (Gurbani).

ਖੰਡ ਬ੍ਰਹਮੰਡ ਬੇਅੰਤ ;
ਉਧਾਰਣਹਾਰਿਆ ॥ (ਉਧਾਰਣ-ਹਾਰਿਆ ਬੋਲੋ) (963-10, ਰਾਮਕਲੀ, ਮਃ 5)

The worlds and solar systems are saved by the Infinite Lord.

ਤੇਰੀ ਸੋਭਾ ਤੁਧੁ ; ਸਚੇ ਮੇਰੇ ਪਿਆਰਿਆ ॥੧੨॥ (963-11, ਰਾਮਕਲੀ, ਮਃ 5)

Your glory is Yours alone, O my Beloved True Lord. ||12||

ਸਲੋਕ , ਮਃ ੫ ॥ (963-11)

Salok, Fifth Mahala:

ਮਿਤ੍ਰੁ ਪਿਆਰਾ ਨਾਨਕ ਜੀ , ਮੈ ਛਡਿ ਗਵਾਇਆ ;
ਰੰਗਿ ਕਸੁੰਭੈ ਭੁਲੀ ॥ (963-11, ਰਾਮਕਲੀ, ਮਃ 5)

I abandoned and lost my Beloved Friend, Guru Nanak says; I was fooled by the transitory color of the safflower, which fades away.

ਤਉ ਸਜਣ ਕੀ , ਮੈ ਕੀਮ ਨ ਪਉਦੀ ;
ਹਉ ਤੁਧੁ ਬਿਨੁ ਅਢੁ ਨ ਲਹਦੀ ॥੧॥ (963-12, ਰਾਮਕਲੀ, ਮਃ 5)

I did not know Your value, O my Friend; without You, I am not worth even half a shell. ||1||

ਮਃ ੫ ॥ (963-13)

Fifth Mahala:

ਸਸੁ ਵਿਰਾਇਨਿ ਨਾਨਕ ਜੀਉ , ਸਸੁਰਾ ਵਾਦੀ ;
ਜੇਠੋ ਪਉ ਪਉ ਲੂਹੈ ॥ (963-13, ਰਾਮਕਲੀ, ਮਃ 5)

My mother-in-law is my enemy, Guru Nanak says; my father-in-law is argumentative and my brother-in-law burns me at every step.

ਹਭੇ , ਭਸੁ ਪੁਣੇਦੇ ਵਤਨੁ ; ਜਾ ਮੈ ਸਜਣੁ ਤੂਹੈ ॥੨॥ (963-13, ਰਾਮਕਲੀ, ਮਃ 5)

They can all just play in the dust, when You are my Friend, Dear Almighty. ||2||

ਪਉੜੀ ॥ (963-14)

Pauree:

ਜਿਸੁ ਤੂ ਵੁਠਾ ਚਿਤਿ ; ਤਿਸੁ ਦਰਦੁ ਨਿਵਾਰਣੋ ॥ (963-14, ਰਾਮਕਲੀ, ਮਃ 5)

You relieve the pains of those, within whose consciousness You dwell, Dear Almighty.

ਜਿਸੁ ਤੂ ਵੁਠਾ ਚਿਤਿ ; ਤਿਸੁ ਕਦੇ ਨ ਹਾਰਣੋ ॥ (963-14, ਰਾਮਕਲੀ, ਮਃ 5)

Those, within whose consciousness You dwell, never lose.

ਜਿਸੁ ਮਿਲਿਆ ਪੂਰਾ ਗੁਰੂ ; ਸੁ ਸਰਪਰ ਤਾਰਣੋ ॥ (963-15, ਰਾਮਕਲੀ, ਮਃ 5)

One who meets the Perfect Guru will surely be saved.

ਜਿਸ ਨੋ ਲਾਏ ਸਚਿ ; ਤਿਸੁ ਸਚੁ ਸਮ੍ਾਲਣੋ ॥ (963-15, ਰਾਮਕਲੀ, ਮਃ 5)

One who is attached to Truth, contemplates Truth.

ਜਿਸੁ ਆਇਆ ਹਥਿ ਨਿਧਾਨੁ ; ਸੁ ਰਹਿਆ ਭਾਲਣੋ ॥ (963-15, ਰਾਮਕਲੀ, ਮਃ 5)

One, into whose hands the treasure comes, stops searching.

ਜਿਸ ਨੋ ਇਕੋ ਰੰਗੁ ; ਭਗਤੁ ਸੋ ਜਾਨਣੋ ॥ (963-16, ਰਾਮਕਲੀ, ਮਃ 5)

He alone is known as a devotee, who loves the One Lord.

ਓਹੁ ਸਭਨਾ ਕੀ ਰੇਣੁ ; ਬਿਰਹੀ ਚਾਰਣੋ ॥ (963-16, ਰਾਮਕਲੀ, ਮਃ 5)

He is the dust under the feet of all; he is the lover of Almighty's feet.

ਸਭਿ ਤੇਰੇ ਚੋਜ ਵਿਡਾਣ ; ਸਭੁ ਤੇਰਾ ਕਾਰਣੋ ॥੧੩॥(963-17, ਰਾਮਕਲੀ, ਮਃ 5)

Everything is Your wonderful play; the whole creation is Yours. ||13||

ਸਲੋਕ , ਮਃ ੫ ॥ (963-17)

Salok, Fifth Mahala:

ਉਸਤਤਿ ਨਿੰਦਾ ਨਾਨਕ ਜੀ , ਮੈ ਹਭ ਵਞਾਈ ;
ਛੋੜਿਆ , ਹਭੁ ਕਿਝੁ ਤਿਆਗੀ ॥ (963-17, ਰਾਮਕਲੀ, ਮਃ 5)

I have totally discarded praise and slander, Guru Nanak says; I have forsaken and abandoned everything.

ਹਭੇ ਸਾਕ , ਕੂੜਾਵੇ ਡਿਠੇ ;
ਤਉ ਪਲੈ ਤੈਡੈ ਲਾਗੀ ॥੧॥ (963-18, ਰਾਮਕਲੀ, ਮਃ 5)

I have seen that all relationships are false, and so I have grasped hold of the hem of Your robe, Lord. ||1||

ਮਃ ੫ ॥ (963-18)

Fifth Mahala:

ਫਿਰਦੀ ਫਿਰਦੀ ਨਾਨਕ ਜੀਉ , ਹਉ ਫਾਵੀ ਥੀਈ ;
ਬਹੁਤੁ ਦਿਸਾਵਰ ਪੰਧਾ ॥ (963-19, ਰਾਮਕਲੀ, ਮਃ 5)

I wandered and wandered and went crazy, Guru Nanak says, in countless foreign lands and pathways.

ਤਾ ਹਉ ਸੁਖਿ ਸੁਖਾਲੀ ਸੁਤੀ ;
ਜਾ ਗੁਰਮਿਲਿ ਸਜਣੁ ਮੈ ਲਧਾ ॥੨॥ (963-19, ਰਾਮਕਲੀ, ਮਃ 5)

But then, I slept in peace and comfort, when I met the Guru, and found my Friend. ||2||

ਪਉੜੀ ॥ (964-1)

Pauree:

ਸਭੇ ਦੁਖ ਸੰਤਾਪ ; ਜਾਂ ਤੁਧਹੁ ਭੁਲੀਐ ॥ (964-1, ਰਾਮਕਲੀ, ਮਃ 5)

When I forget You, I endure all pains and afflictions.

ਜੇ ਕੀਚਨਿ ਲਖ ਉਪਾਵ ; ਤਾਂ ਕਹੀ ਨ ਘੁਲੀਐ ॥ (964-1, ਰਾਮਕਲੀ, ਮਃ 5)

Making thousands of efforts, they are still not eliminated.

ਜਿਸ ਨੋ ਵਿਸਰੈ ਨਾਉ ; ਸੁ ਨਿਰਧਨੁ ਕਾਂਢੀਐ ॥ (964-2, ਰਾਮਕਲੀ, ਮਃ 5)

One who forgets the Name, is known as a poor person.

ਜਿਸ ਨੋ ਵਿਸਰੈ ਨਾਉ ; ਸੋ ਜੋਨੀ ਹਾਂਢੀਐ ॥ (964-2, ਰਾਮਕਲੀ, ਮਃ 5)

One who forgets the Name, wanders in reincarnation.

ਜਿਸੁ ਖਸਮੁ ਨ ਆਵੈ ਚਿਤਿ ; ਤਿਸੁ ਜਮੁ ਡੰਡੁ ਦੇ ॥ (964-2, ਰਾਮਕਲੀ, ਮਃ 5)

One who does not remember his Master, is punished by the Messenger of Death.

ਜਿਸੁ ਖਸਮੁ ਨ ਆਵੀ ਚਿਤਿ ; ਰੋਗੀ ਸੇ ਗਣੇ ॥ (964-3, ਰਾਮਕਲੀ, ਮਃ 5)

One who does not remember his Master, is judged to be a sick person.

ਜਿਸੁ ਖਸਮੁ ਨ ਆਵੀ ਚਿਤਿ ; ਸੁ ਖਰੋ ਅਹੰਕਾਰੀਆ ॥ (964-3, ਰਾਮਕਲੀ, ਮਃ 5)

One who does not remember his Master, is egotistical and proud.

ਸੋਈ ਦੁਹੇਲਾ ਜਗਿ ; ਜਿਨਿ ਨਾਉ ਵਿਸਾਰੀਆ ॥੧੪॥ (964-4, ਰਾਮਕਲੀ, ਮਃ 5)

One who forgets the Name is miserable in this world. ||14||

ਸਲੋਕ , ਮਃ ੫ ॥ (964-4)

Salok, Fifth Mahala:

ਤੈਡੀ ਬੰਦਸਿ , ਮੈ ਕੋਇ ਨ ਡਿਠਾ ;
ਤੂ ਨਾਨਕ ਮਨਿ ਭਾਣਾ ॥ (964-4, ਰਾਮਕਲੀ, ਮਃ 5)

I have not seen any other like You. You alone are pleasing tGuru Nanak says's mind.

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ;
ਜੈ ਮਿਲਿ ਕੰਤੁ ਪਛਾਣਾ ॥੧॥ (964-5, ਰਾਮਕਲੀ, ਮਃ 5)

I am a dedicated, devoted sacrifice to that friend, that mediator, who leads me to recognize my Husband Lord. ||1||

ਮਃ ੫ ॥ (964-6)

Fifth Mahala:

ਪਾਵ ਸੁਹਾਵੇ , ਜਾਂ ਤਉ ਧਿਰਿ ਜੁਲਦੇ ;
ਸੀਸੁ ਸੁਹਾਵਾ ਚਰਣੀ ॥ (964-6, ਰਾਮਕਲੀ, ਮਃ 5)

Beautiful are those feet which walk towards You; beautiful is that head which falls at Your Feet.

ਮੁਖੁ ਸੁਹਾਵਾ , ਜਾਂ ਤਉ ਜਸੁ ਗਾਵੈ ;
ਜੀਉ ਪਇਆ ਤਉ ਸਰਣੀ ॥੨॥ (964-6, ਰਾਮਕਲੀ, ਮਃ 5)

Beautiful is that mouth which sings Your Praises; beautiful is that soul which seeks Your Sanctuary. ||2||

ਪਉੜੀ ॥ (964-7)

Pauree:

ਮਿਲਿ ਨਾਰੀ ਸਤਸੰਗਿ ; ਮੰਗਲੁ ਗਾਵੀਆ ॥ (964-7, ਰਾਮਕਲੀ, ਮਃ 5)

Meeting Almighty's brides, in the True Congregation, I sing the songs of joy.

ਘਰ ਕਾ ਹੋਆ ਬੰਧਾਨੁ ; ਬਹੁੜਿ ਨ ਧਾਵੀਆ ॥ (964-7, ਰਾਮਕਲੀ, ਮਃ 5)

The home of my heart is now held steady, and I shall not go out wandering again.

ਬਿਨਠੀ ਦੁਰਮਤਿ ਦੁਰਤੁ ; ਸੋਇ ਕੂੜਾਵੀਆ ॥ (964-8, ਰਾਮਕਲੀ, ਮਃ 5)

Evil-mindedness has been dispelled, along with sin and my bad reputation.

ਸੀਲਵੰਤਿ ਪਰਧਾਨਿ ; ਰਿਦੈ ਸਚਾਵੀਆ ॥ (964-8, ਰਾਮਕਲੀ, ਮਃ 5)

I am well-known as being calm and good-natured; my heart is filled with Truth.

ਅੰਤਰਿ ਬਾਹਰਿ ਇਕੁ ਇਕ ; ਰੀਤਾਵੀਆ ॥ (964-8, ਰਾਮਕਲੀ, ਮਃ 5)

Inwardly and outwardly, the One and only Masteris my way.

ਮਨਿ ਦਰਸਨ ਕੀ ਪਿਆਸ ; ਚਰਣ ਦਾਸਾਵੀਆ ॥ (964-9, ਰਾਮਕਲੀ, ਮਃ 5)

My mind is thirsty for the His Sight (Darshan), I am a slave at His feet.

ਸੋਭਾ ਬਣੀ ਸੀਗਾਰੁ ; ਖਸਮਿ ਜਾਂ ਰਾਵੀਆ ॥ (964-9, ਰਾਮਕਲੀ, ਮਃ 5)

I am glorified and embellished, when my Master enjoys me.

ਮਿਲੀਆ ਆਇ ਸੰਜੋਗਿ ; ਜਾਂ ਤਿਸੁ ਭਾਵੀਆ ॥੧੫॥ (964-10, ਰਾਮਕਲੀ, ਮਃ 5)

I meet Him through my blessed destiny, when it is pleasing to His Will. ||15||

ਸਲੋਕ , ਮਃ ੫ ॥ (964-10)

Salok, Fifth Mahala:

ਹਭਿ ਗੁਣ ਤੈਡੇ ਨਾਨਕ ਜੀਉ , ਮੈ ਕੂ ਥੀਏ ;
ਮੈ ਨਿਰਗੁਣ ਤੇ , ਕਿਆ ਹੋਵੈ ॥ (964-10, ਰਾਮਕਲੀ, ਮਃ 5)

All virtues are Yours, Dear Almightyd; You bestow them upon us. I am unworthy - what can I achieve? Says Guru Nanak

ਤਉ ਜੇਵਡੁ ਦਾਤਾਰੁ ਨ ਕੋਈ ;
ਜਾਚਕੁ ਸਦਾ ਜਾਚੋਵੈ ॥੧॥ (964-11, ਰਾਮਕਲੀ, ਮਃ 5)

There is no other Giver as great as You. I am a beggar; I beg from You forever. ||1||

ਮਃ ੫ ॥ (964-11)

Fifth Mahala:

ਦੇਹ ਛਿਜੰਦੜੀ , ਊਣ ਮਝੂਣਾ ;
ਗੁਰਿ ਸਜਣਿ , ਜੀਉ ਧਰਾਇਆ ॥ (964-11, ਰਾਮਕਲੀ, ਮਃ 5)

My body was wasting away, and I was depressed. The Guru, my Friend, has encouraged and consoled me.

ਹਭੇ ਸੁਖ ਸੁਹੇਲੜਾ ਸੁਤਾ ;
ਜਿਤਾ ਜਗੁ ਸਬਾਇਆ ॥੨॥ (964-12, ਰਾਮਕਲੀ, ਮਃ 5)

I sleep in total peace and comfort; I have conquered the whole world. ||2||

ਪਉੜੀ ॥ (964-13)

Pauree:

ਵਡਾ ਤੇਰਾ ਦਰਬਾਰੁ ; ਸਚਾ ਤੁਧੁ ਤਖਤੁ ॥ (964-13, ਰਾਮਕਲੀ, ਮਃ 5)

Your Court is glorious and great. Your holy throne is True.

ਸਿਰਿ ਸਾਹਾ ਪਾਤਿਸਾਹੁ ; ਨਿਹਚਲੁ ਚਉਰੁ ਛਤੁ ॥ (964-13, ਰਾਮਕਲੀ, ਮਃ 5)

You are the Emperor over the heads of kings. Your canopy and chauree (fly-brush) are permanent and unchanging.

ਜੋ ਭਾਵੈ ਪਾਰਬ੍ਰਹਮ ; ਸੋਈ ਸਚੁ ਨਿਆਉ ॥ (964-13, ਰਾਮਕਲੀ, ਮਃ 5)

That alone is true justice, which is pleasing to the Will of the Supreme Almighty.

ਜੇ ਭਾਵੈ ਪਾਰਬ੍ਰਹਮ ; ਨਿਥਾਵੇ ਮਿਲੈ ਥਾਉ ॥ (964-14, ਰਾਮਕਲੀ, ਮਃ 5)

Even the homeless receive a home, when it is pleasing to the Will of the Supreme Almighty.

ਜੋ ਕੀਨ੍ਹੀ ਕਰਤਾਰਿ ; ਸਾਈ ਭਲੀ ਗਲ ॥ (964-14, ਰਾਮਕਲੀ, ਮਃ 5)

Whatever the Creator Master does, is a good thing.

ਜਿਨ੍ਹੀ ਪਛਾਤਾ ਖਸਮੁ ; ਸੇ ਦਰਗਾਹ ਮਲ ॥ (964-15, ਰਾਮਕਲੀ, ਮਃ 5)

Those who recognize their Master, are seated in the Court of Almighty.

ਸਹੀ ਤੇਰਾ ਫੁਰਮਾਨੁ ; ਕਿਨੈ ਨ ਫੇਰੀਐ ॥ (964-15, ਰਾਮਕਲੀ, ਮਃ 5)

True is Your Command; no one can challenge it.

ਕਾਰਣ ਕਰਣ ਕਰੀਮ ; ਕੁਦਰਤਿ ਤੇਰੀਐ ॥੧੬॥ (964-15, ਰਾਮਕਲੀ, ਮਃ 5)

O Merciful Master, Cause of causes, Your creative power is all-powerful. ||16||

ਸਲੋਕ , ਮਃ ੫ ॥ (964-16)

Salok, Fifth Mahala:

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ;
ਨਾਮੁ ਜਪੰਦੜੀ ਲਾਲੀ ॥ (964-16, ਰਾਮਕਲੀ, ਮਃ 5)

Hearing of You, my body and mind have blossomed forth; chanting the Naam, Almighty's Name, I am flushed with life.

ਪੰਧਿ ਜੁਲੰਦੜੀ , ਮੇਰਾ ਅੰਦਰੁ ਠੰਢਾ ;
ਗੁਰ ਦਰਸਨੁ ਦੇਖਿ ਨਿਹਾਲੀ ॥੧॥ (964-16, ਰਾਮਕਲੀ, ਮਃ 5)

Walking on the Path, I have found cool serenity deep within; gazing upon the Guru's Darshan, I am exalted (delighted). ||1||

ਮਃ ੫ ॥ (964-17)

Fifth Mahala:

ਹਠ ਮੰਝਾਹੂ ; ਮੈ ਮਾਣਕੁ ਲਧਾ ॥ (964-17, ਰਾਮਕਲੀ, ਮਃ 5)

I have found the jewel within my heart.

ਮੁਲਿ ਨ ਘਿਧਾ ; ਮੈ ਕੂ ਸਤਿਗੁਰਿ ਦਿਤਾ ॥ (964-17, ਰਾਮਕਲੀ, ਮਃ 5)

I was not charged for it; the True Guru gave it to me.

ਢੂੰਢ ਵਞਾਈ ; ਥੀਆ ਥਿਤਾ ॥ (964-18, ਰਾਮਕਲੀ, ਮਃ 5)

My search has ended, and I have become stable.

ਜਨਮੁ ਪਦਾਰਥੁ ; ਨਾਨਕ ਜਿਤਾ ॥੨॥ (964-18, ਰਾਮਕਲੀ, ਮਃ 5)

Guru Nanak says, I have conquered this priceless human life. ||2||

ਪਉੜੀ ॥ (964-18)

Pauree:

ਜਿਸ ਕੈ ਮਸਤਕਿ ਕਰਮੁ ਹੋਇ ; ਸੋ ਸੇਵਾ ਲਾਗਾ ॥ (964-18, ਰਾਮਕਲੀ, ਮਃ 5)

One who has such good fortune upon his forehead, is committed to Almighty's service.

ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ;
ਸੋ ਅਨਦਿਨੁ ਜਾਗਾ ॥ (964-19, ਰਾਮਕਲੀ, ਮਃ 5)

One whose heart lotus blossoms forth upon meeting the Guru, remains awake and aware, night and day.

ਲਗਾ ਰੰਗੁ ਚਰਣਾਰਬਿੰਦ ; (ਚਰਣਾਰ-ਬਿੰਦ ਬੋਲੋ)
ਸਭੁ ਭ੍ਰਮੁ ਭਉ ਭਾਗਾ ॥ (964-19, ਰਾਮਕਲੀ, ਮਃ 5)

All doubt and fear run away from one who is in love with Almighty's lotus feet.

ਆਤਮੁ ਜਿਤਾ ਗੁਰਮਤੀ ; ਆਗੰਜਤ ਪਾਗਾ ॥ (965-1, ਰਾਮਕਲੀ, ਮਃ 5)

He conquers his soul, following the Guru's Teachings, and attains the Imperishable Lord.

ਜਿਸਹਿ ਧਿਆਇਆ ਪਾਰਬ੍ਰਹਮੁ ; ਸੋ ਕਲਿ ਮਹਿ ਤਾਗਾ ॥ (965-1, ਰਾਮਕਲੀ, ਮਃ 5)

He alone keeps up in this Dark Age of Kal-yug, who meditates on the Supreme Almighty.

ਸਾਧੂ ਸੰਗਤਿ ਨਿਰਮਲਾ ; ਅਠਸਠਿ ਮਜਨਾਗਾ ॥ (965-2, ਰਾਮਕਲੀ, ਮਃ 5)

In the Saadh Sangat, the Company of the Holy, he is Pure, as if he has bathed at the sixty-eight sacred shrines of pilgrimage.

ਜਿਸੁ ਪ੍ਰਭੁ ਮਿਲਿਆ ਆਪਣਾ ; ਸੋ ਪੁਰਖੁ ਸਭਾਗਾ ॥ (965-2, ਰਾਮਕਲੀ, ਮਃ 5)

He alone is a man of good fortune, who has met with Almighty.

ਨਾਨਕ , ਤਿਸੁ ਬਲਿਹਾਰਣੈ ; ਜਿਸੁ ਏਵਡ ਭਾਗਾ ॥੧੭॥ (965-3, ਰਾਮਕਲੀ, ਮਃ 5)

Guru Nanak says, I am a sacrifice to such a one, whose destiny is so great! ||17||

ਸਲੋਕ , ਮਃ ੫ ॥ (965-3)

Salok, Fifth Mahala:

ਜਾਂ ਪਿਰੁ ਅੰਦਰਿ ; ਤਾਂ ਧਨ ਬਾਹਰਿ ॥ (965-3, ਰਾਮਕਲੀ, ਮਃ 5)

When the Husband (Almighty)is within the heart, then Maya, the bride, goes outside.

ਜਾਂ ਪਿਰੁ ਬਾਹਰਿ ; ਤਾਂ ਧਨ ਮਾਹਰਿ ॥ (965-4, ਰਾਮਕਲੀ, ਮਃ 5)

When one's Husband (Almighty)is outside of oneself, then Maya, the bride, is supreme.

ਬਿਨੁ ਨਾਵੈ ; ਬਹੁ ਫੇਰੁ ਫਿਰਾਹਰਿ ॥ (965-4, ਰਾਮਕਲੀ, ਮਃ 5)

Without the Name, one wanders all around.

ਸਤਿਗੁਰਿ ਸੰਗਿ ; ਦਿਖਾਇਆ ਜਾਹਰਿ ॥ (965-4, ਰਾਮਕਲੀ, ਮਃ 5)

The True Guru shows us that Almighty is with us.

ਜਨ ਨਾਨਕ ; ਸਚੇ ਸਚਿ ਸਮਾਹਰਿ ॥੧॥ (965-5, ਰਾਮਕਲੀ, ਮਃ 5)

Servant Nanak merges in the Truest of the True. ||1||

ਮਃ ੫ ॥ (965-5)

Fifth Mahala:

ਆਹਰ ਸਭਿ ਕਰਦਾ ਫਿਰੈ ; ਆਹਰੁ ਇਕੁ ਨ ਹੋਇ ॥ (965-5, ਰਾਮਕਲੀ, ਮਃ 5)

Making all sorts of efforts, they wander around; but they do not make even one effort.

ਨਾਨਕ ਜਿਤੁ ਆਹਰਿ ਜਗੁ ਉਧਰੈ ;
ਵਿਰਲਾ ਬੂਝੈ ਕੋਇ ॥੨॥ (965-6, ਰਾਮਕਲੀ, ਮਃ 5)

Guru Nanak says, how rare are those who understand the effort which saves the world. ||2||

ਪਉੜੀ ॥ (965-6)

Pauree:

ਵਡੀ ਹੂ ਵਡਾ ਅਪਾਰੁ ; ਤੇਰਾ ਮਰਤਬਾ ॥ (965-6, ਰਾਮਕਲੀ, ਮਃ 5)

The greatest of the great, infinite is Your dignity.

ਰੰਗ ਪਰੰਗ ਅਨੇਕ ; ਨ ਜਾਪਨ੍ਹਿ ਕਰਤਬਾ ॥ (965-7, ਰਾਮਕਲੀ, ਮਃ 5)

Your colors and hues are so numerous; no one can know Your actions.

ਜੀਆ ਅੰਦਰਿ ਜੀਉ ; ਸਭੁ ਕਿਛੁ ਜਾਣਲਾ ॥ (965-7, ਰਾਮਕਲੀ, ਮਃ 5)

You are the Soul within all souls; You alone know everything.

ਸਭੁ ਕਿਛੁ ਤੇਰੈ ਵਸਿ ; ਤੇਰਾ ਘਰੁ ਭਲਾ ॥ (965-7, ਰਾਮਕਲੀ, ਮਃ 5)

Everything is under Your control; Your home is beautiful.

ਤੇਰੈ ਘਰਿ ਆਨੰਦੁ ; ਵਧਾਈ ਤੁਧੁ ਘਰਿ ॥ (965-8, ਰਾਮਕਲੀ, ਮਃ 5)

Your home is filled with bliss, which resonates and resounds throughout Your home.

ਮਾਣੁ ਮਹਤਾ ਤੇਜੁ ; ਆਪਣਾ ਆਪਿ ਜਰਿ ॥ (965-8, ਰਾਮਕਲੀ, ਮਃ 5)

Your honor, majesty and glory are Yours alone.

ਸਰਬ ਕਲਾ ਭਰਪੂਰੁ ; ਦਿਸੈ ਜਤ ਕਤਾ ॥ (965-9, ਰਾਮਕਲੀ, ਮਃ 5)

You are overflowing with all powers; wherever we look, there You are.

ਨਾਨਕ ਦਾਸਨਿ ਦਾਸੁ ; ਤੁਧੁ ਆਗੈ ਬਿਨਵਤਾ ॥੧੮॥(965-9, ਰਾਮਕਲੀ, ਮਃ 5)

Nanak, the slave of Your slaves, prays to You alone. ||18||

ਸਲੋਕ , ਮਃ ੫ ॥ (965-9)

Salok, Fifth Mahala:

ਛਤੜੇ ਬਾਜਾਰ ; ਸੋਹਨਿ ਵਿਚਿ ਵਪਾਰੀਏ ॥ (965-10, ਰਾਮਕਲੀ, ਮਃ 5)

Your streets are covered with canopies; under them, the traders look beautiful.

ਵਖਰੁ ਹਿਕੁ ਅਪਾਰੁ ; ਨਾਨਕ ਖਟੇ ਸੋ ਧਣੀ ॥੧॥ (965-10, ਰਾਮਕਲੀ, ਮਃ 5)

Guru Nanak says, he alone is truly a banker, who buys the infinite commodity. ||1||

ਮਹਲਾ ੫ ॥ (965-10)

Fifth Mahala:

ਕਬੀਰਾ ਹਮਰਾ ਕੋ ਨਹੀ ; ਹਮ ਕਿਸ ਹੂ ਕੇ ਨਾਹਿ ॥ (965-10, ਰਾਮਕਲੀ, ਕਬੀਰ)

Kabir, no one is mine, and I belong to no one.

ਜਿਨਿ ਇਹੁ ਰਚਨੁ ਰਚਾਇਆ ;
ਤਿਸ ਹੀ ਮਾਹਿ ਸਮਾਹਿ ॥੨॥ (965-11, ਰਾਮਕਲੀ, ਕਬੀਰ)

I am absorbed in the One, who created this creation. ||2||

ਪਉੜੀ ॥ (965-11)

Pauree:

ਸਫਲਿਉ ਬਿਰਖੁ ਸੁਹਾਵੜਾ ; ਹਰਿ ਸਫਲ ਅੰਮ੍ਰਿਤਾ ॥ (965-12, ਰਾਮਕਲੀ, ਮਃ 5)

Almighty is the most beautiful fruit tree, bearing fruits of Ambrosial Nectar.

ਮਨੁ ਲੋਚੈ ਉਨ੍ ਮਿਲਣ ਕਉ ; ਕਿਉ ਵੰਞੈ ਘਿਤਾ ॥ (965-12, ਰਾਮਕਲੀ, ਮਃ 5)

My mind longs to meet Him; how can I ever find Him?

ਵਰਨਾ ਚਿਹਨਾ ਬਾਹਰਾ ; ਓਹੁ ਅਗਮੁ ਅਜਿਤਾ ॥ (965-12, ਰਾਮਕਲੀ, ਮਃ 5)

He has no color or form; He is inaccessible and unconquerable.

ਓਹੁ ਪਿਆਰਾ ਜੀਅ ਕਾ ; ਜੋ ਖੋਲ੍ਹੈ ਭਿਤਾ ॥ (965-13, ਰਾਮਕਲੀ, ਮਃ 5)

I love Him with all my soul; He opens the door for me.

ਸੇਵਾ ਕਰੀ ਤੁਸਾੜੀਆ ; ਮੈ ਦਸਿਹੁ ਮਿਤਾ ॥ (965-13, ਰਾਮਕਲੀ, ਮਃ 5)

I shall serve you forever, if you tell me of my Friend.

ਕੁਰਬਾਣੀ ਵੰਞਾ ਵਾਰਣੈ ; ਬਲੇ ਬਲਿ ਕਿਤਾ ॥ (965-14, ਰਾਮਕਲੀ, ਮਃ 5)

I am a sacrifice, a dedicated, devoted sacrifice to Him.

ਦਸਨਿ ਸੰਤ ਪਿਆਰਿਆ ; ਸੁਣਹੁ ਲਾਇ ਚਿਤਾ ॥ (965-14, ਰਾਮਕਲੀ, ਮਃ 5)

The Beloved Saints tell us, to listen with our consciousness.

ਜਿਸੁ ਲਿਖਿਆ ਨਾਨਕ ਦਾਸ ;
ਤਿਸੁ ਨਾਉ ਅੰਮ੍ਰਿਤੁ , ਸਤਿਗੁਰਿ ਦਿਤਾ ॥੧੯॥ (965-15, ਰਾਮਕਲੀ, ਮਃ 5)

One who has such pre-ordained destiny, O slave Nanak, is blessed with the Ambrosial Name by the True Guru. ||19||

ਸਲੋਕ , ਮਹਲਾ ੫ ॥ (965-15)

Salok, Fifth Mahala:

ਕਬੀਰ ਧਰਤੀ ਸਾਧ ਕੀ ; ਤਸਕਰ ਬੈਸਹਿ ਗਾਹਿ ॥ (965-15, ਰਾਮਕਲੀ, ਮਃ 5)

Kabir, the earth belongs to the Holy, but the thieves have come and now sit among them.

ਧਰਤੀ ਭਾਰਿ ਨ ਬਿਆਪਈ ;
ਉਨ ਕਉ ਲਾਹੂ ਲਾਹਿ ॥੧॥ (965-16, ਰਾਮਕਲੀ, ਮਃ 5)

The earth does not feel their weight; even they profit. ||1||

ਮਹਲਾ ੫ ॥ (965-16)

Fifth Mahala:

ਕਬੀਰ ਚਾਵਲ ਕਾਰਣੇ ; ਤੁਖ ਕਉ ਮੁਹਲੀ ਲਾਇ ॥ (965-17, ਰਾਮਕਲੀ, ਮਃ 5)

Kabir, for the sake of the rice, the husks are beaten and threshed.

ਸੰਗਿ ਕੁਸੰਗੀ ਬੈਸਤੇ ; ਤਬ ਪੂਛੇ ਧਰਮਰਾਇ ॥੨॥ (965-17, ਰਾਮਕਲੀ, ਮਃ 5)

When one sits in the company of evil people, then he will be called to account by the Righteous Judge (Dharam-Raj). ||2||

ਪਉੜੀ ॥ (965-17)

Pauree:

ਆਪੇ ਹੀ ਵਡ ਪਰਵਾਰੁ ; ਆਪਿ ਇਕਾਤੀਆ ॥ (965-18, ਰਾਮਕਲੀ, ਮਃ 5)

He Himself has the greatest family; He Himself is all alone.

ਆਪਣੀ ਕੀਮਤਿ ਆਪਿ ; ਆਪੇ ਹੀ ਜਾਤੀਆ ॥ (965-18, ਰਾਮਕਲੀ, ਮਃ 5)

He alone knows His own worth.

ਸਭੁ ਕਿਛੁ ਆਪੇ ਆਪਿ ; ਆਪਿ ਉਪੰਨਿਆ ॥ (965-18, ਰਾਮਕਲੀ, ਮਃ 5)

He Himself, by Himself, created everything.

ਆਪਣਾ ਕੀਤਾ ਆਪਿ ; ਆਪਿ ਵਰੰਨਿਆ ॥ (965-19, ਰਾਮਕਲੀ, ਮਃ 5)

Only He Himself can describe His own creation.

ਧੰਨੁ ਸੁ ਤੇਰਾ ਥਾਨੁ ; ਜਿਥੈ ਤੂ ਵੁਠਾ ॥ (965-19, ਰਾਮਕਲੀ, ਮਃ 5)

Blessed is Your place, where You dwell, Lord.

ਧੰਨੁ ਸੁ ਤੇਰੇ ਭਗਤ ; ਜਿਨ੍ਹੀ ਸਚੁ ਤੂੰ ਡਿਠਾ ॥ (966-1, ਰਾਮਕਲੀ, ਮਃ 5)

Blessed are Your devotees, who see You, O True Lord.

ਜਿਸ ਨੋ ਤੇਰੀ ਦਇਆ ; ਸਲਾਹੇ ਸੋਇ ਤੁਧੁ ॥ (966-1, ਰਾਮਕਲੀ, ਮਃ 5)

He alone praises You, who is blessed by Your Grace.

ਜਿਸੁ ਗੁਰ ਭੇਟੇ ਨਾਨਕ ; ਨਿਰਮਲ ਸੋਈ ਸੁਧੁ ॥੨੦॥(966-1, ਰਾਮਕਲੀ, ਮਃ 5)

One who meets the Guru, Guru Nanak says, is Pure and sanctified. ||20||

ਸਲੋਕ , ਮਃ ੫ ॥ (966-2)

Salok, Fifth Mahala:

ਫਰੀਦਾ , ਭੂਮਿ ਰੰਗਾਵਲੀ ; ਮੰਝਿ , ਵਿਸੂਲਾ ਬਾਗੁ ॥ (966-2, ਰਾਮਕਲੀ, ਮਃ 5)

Fareed, this world is beautiful, but there is a thorny garden within it.

ਜੋ ਨਰ ਪੀਰਿ ਨਿਵਾਜਿਆ ; ਤਿਨ੍ਾ ਅੰਚ ਨ ਲਾਗ ॥੧॥ (966-2, ਰਾਮਕਲੀ, ਮਃ 5)

Those who are blessed by their spiritual teacher are not even scratched. ||1||

ਮਃ ੫ ॥ (966-3)

Fifth Mahala:

ਫਰੀਦਾ, ਉਮਰ ਸੁਹਾਵੜੀ ; ਸੰਗਿ ਸੁਵੰਨੜੀ ਦੇਹ ॥ (966-3, ਰਾਮਕਲੀ, ਮਃ 5)

Fareed, blessed is the life, with such a beautiful body.

ਵਿਰਲੇ ਕੇਈ ਪਾਈਅਨਿ੍ ; ਜਿਨ੍ਾ ਪਿਆਰੇ ਨੇਹ ॥੨॥ (966-3, ਰਾਮਕਲੀ, ਮਃ 5)

How rare are those who are found to love their Beloved Lord. ||2||

ਪਉੜੀ ॥ (966-4)

Pauree:

ਜਪੁ ਤਪੁ ਸੰਜਮੁ ਦਇਆ ਧਰਮੁ ; ਜਿਸੁ ਦੇਹਿ ਸੁ ਪਾਏ ॥ (966-4, ਰਾਮਕਲੀ, ਮਃ 5)

He alone obtains meditation, austerities, self-discipline, compassion and faith, whom Almighty so blesses.

ਜਿਸੁ ਬੁਝਾਇਹਿ ਅਗਨਿ ਆਪਿ ; ਸੋ ਨਾਮੁ ਧਿਆਏ ॥ (966-4, ਰਾਮਕਲੀ, ਮਃ 5)

He alone meditates on the Naam, Almighty's Name, whose fire Almighty puts out.

ਅੰਤਰਜਾਮੀ ਅਗਮ ਪੁਰਖੁ ; ਇਕ ਦ੍ਰਿਸਟਿ ਦਿਖਾਏ ॥ (966-5, ਰਾਮਕਲੀ, ਮਃ 5)

The Inner-knower of hearts, beyond the mind (Almighty), inspires us to look upon all with an impartial eye.

ਸਾਧਸੰਗਤਿ ਕੈ ਆਸਰੈ ; ਪ੍ਰਭ ਸਿਉ ਰੰਗੁ ਲਾਏ ॥ (966-5, ਰਾਮਕਲੀ, ਮਃ 5)

With the support of the Saadh Sangat, the Company of the Holy, one falls in love with Almighty.

ਅਉਗਣ ਕਟਿ ਮੁਖੁ ਉਜਲਾ ; ਹਰਿ ਨਾਮਿ ਤਰਾਏ ॥ (966-6, ਰਾਮਕਲੀ, ਮਃ 5)

One's faults are eradicated, and one's face becomes radiant and bright; through Almighty's Name, one crosses over.

ਜਨਮ ਮਰਣ ਭਉ ਕਟਿਓਨੁ ; ਫਿਰਿ ਜੋਨਿ ਨ ਪਾਏ ॥ (966-6, ਰਾਮਕਲੀ, ਮਃ 5)

The fear of birth and death is removed, and he is not reincarnated again.

ਅੰਧ ਕੂਪ ਤੇ ਕਾਢਿਅਨੁ ; ਲੜੁ ਆਪਿ ਫੜਾਏ ॥ (966-7, ਰਾਮਕਲੀ, ਮਃ 5)

Almighty lifts him up and pulls him out of the deep, dark pit, and attaches him to the hem of His robe.

ਨਾਨਕ , ਬਖਸਿ ਮਿਲਾਇਅਨੁ ; ਰਖੇ ਗਲਿ ਲਾਏ ॥੨੧॥ (966-7, ਰਾਮਕਲੀ, ਮਃ 5)

Guru Nanak says, Almighty forgives him, and holds him close in His embrace. ||21||

ਸਲੋਕ , ਮਃ ੫ ॥ (966-8)

Salok, Fifth Mahala:

ਮੁਹਬਤਿ ਜਿਸੁ ਖੁਦਾਇ ਦੀ ;
ਰਤਾ ਰੰਗਿ ਚਲੂਲਿ ॥ (ਰੱਤਾ ਬੋਲੋ) (966-8, ਰਾਮਕਲੀ, ਮਃ 5)

One who loves Almighty is imbued with the deep crimson color of His love.

ਨਾਨਕ ਵਿਰਲੇ ਪਾਈਅਹਿ ;
ਤਿਸੁ ਜਨ , ਕੀਮ ਨ ਮੂਲਿ ॥੧॥ (966-8, ਰਾਮਕਲੀ, ਮਃ 5)

Guru Nanak says, such a person is rarely found; the value of such a humble person can never be estimated. ||1||

ਮਃ ੫ ॥ (966-9)

Fifth Mahala:

ਅੰਦਰੁ ਵਿਧਾ ਸਚਿ ਨਾਇ ; ਬਾਹਰਿ ਭੀ ਸਚੁ ਡਿਠੋਮਿ ॥ (966-9, ਰਾਮਕਲੀ, ਮਃ 5)

The True Name has pierced the nucleus of my self deep within. Outside, I see the True Master as well.

ਨਾਨਕ , ਰਵਿਆ ਹਭ ਥਾਇ ;
ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥ (966-9, ਰਾਮਕਲੀ, ਮਃ 5)

Guru Nanak says, He is pervading and permeating all places, the forests and the meadows, the three worlds, and every hair. ||2||

ਪਉੜੀ ॥ (966-10)

Pauree:

ਆਪੇ ਕੀਤੋ ਰਚਨੁ ; ਆਪੇ ਹੀ ਰਤਿਆ ॥ (966-10, ਰਾਮਕਲੀ, ਮਃ 5)

He Himself created the Universe; He Himself imbues it.

ਆਪੇ ਹੋਇਓ ਇਕੁ ; ਆਪੇ ਬਹੁ ਭਤਿਆ ॥ (966-10, ਰਾਮਕਲੀ, ਮਃ 5)

He Himself is One, and He Himself has numerous forms.

ਆਪੇ ਸਭਨਾ ਮੰਝਿ ; ਆਪੇ ਬਾਹਰਾ ॥ (966-11, ਰਾਮਕਲੀ, ਮਃ 5)

He Himself is within all, and He Himself is beyond them.

ਆਪੇ ਜਾਣਹਿ ਦੂਰਿ ; ਆਪੇ ਹੀ ਜਾਹਰਾ ॥ (966-11, ਰਾਮਕਲੀ, ਮਃ 5)

He Himself is known to be far away, and He Himself is right here.

ਆਪੇ ਹੋਵਹਿ ਗੁਪਤੁ ; ਆਪੇ ਪਰਗਟੀਐ ॥ (966-11, ਰਾਮਕਲੀ, ਮਃ 5)

He Himself is hidden, and He Himself is revealed.

ਕੀਮਤਿ ਕਿਸੈ ਨ ਪਾਇ ; ਤੇਰੀ ਥਟੀਐ ॥ (966-12, ਰਾਮਕਲੀ, ਮਃ 5)

No one can estimate the value of Your Creation, Lord.

ਗਹਿਰ ਗੰਭੀਰੁ ਅਥਾਹੁ ; ਅਪਾਰੁ ਅਗਣਤੁ ਤੂੰ ॥ (966-12, ਰਾਮਕਲੀ, ਮਃ 5)

You are deep and profound, unfathomable, infinite and invaluable.

ਨਾਨਕ , ਵਰਤੈ ਇਕੁ ;
ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥ (966-13, ਰਾਮਕਲੀ, ਮਃ 5)

Guru Nanak says, the One Master is all-pervading. You are the One and only. ||22||1||2|| Sudh||

ਰਾਮਕਲੀ ਕੀ ਵਾਰ ;
All the True Guru's followers were excused from the tax; they meditated on Almighty's Name.

ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ;
ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ (1116-15, ਤੁਖਾਰੀ, ਮਃ 4)

The Messenger of Death does not even approach those who have walked on the path, and followed the Guru's Teachings.

ਸਭ ਗੁਰੂ ਗੁਰੂ ਜਗਤੁ ਬੋਲੈ ;
ਗੁਰ ਕੈ ਨਾਇ ਲਇਐ , ਸਭਿ ਛੁਟਕਿ ਗਇਆ ॥ (1116-16, ਤੁਖਾਰੀ, ਮਃ 4)

All the world said, "Guru! Guru! Guru!" Uttering the Guru's Name, they were all emancipated.

ਦੁਤੀਆ , ਜਮੁਨ ਗਏ ਗੁਰਿ ;
ਹਰਿ ਹਰਿ ਜਪਨੁ ਕੀਆ ॥੪॥ (1116-17, ਤੁਖਾਰੀ, ਮਃ 4)

Second, the Guru went to the river Jamunaa, where He chanted Almighty's Name. ||4||

ਤ੍ਰਿਤੀਆ , ਆਏ ਸੁਰਸਰੀ ;
ਤਹ ਕਉਤਕੁ ਚਲਤੁ ਭਇਆ ॥ (1116-17, ਤੁਖਾਰੀ, ਮਃ 4)

Third, He went to the Ganges, and a wonderful drama was played out there.

ਸਭ ਮੋਹੀ ਦੇਖਿ ਦਰਸਨੁ , ਗੁਰ ਸੰਤ ;
ਕਿਨੈ , ਆਢੁ ਨ ਦਾਮੁ ਲਇਆ ॥ (1116-18, ਤੁਖਾਰੀ, ਮਃ 4)

All were fascinated, gazing upon the Blessed Vision of the Saintly Guru's Darshan; no tax at all was imposed upon anyone.

ਆਢੁ ਦਾਮੁ , ਕਿਛੁ ਪਇਆ ਨ ਬੋਲਕ ;
ਜਾਗਾਤੀਆ , ਮੋਹਣ ਮੁੰਦਣਿ ਪਈ ॥ (1116-18, ਤੁਖਾਰੀ, ਮਃ 4)

No tax at all was collected, and the mouths of the tax collectors were sealed.

ਭਾਈ , ਹਮ ਕਰਹ ਕਿਆ ;
ਕਿਸੁ ਪਾਸਿ ਮਾਂਗਹ , ਸਭ ਭਾਗਿ ਸਤਿਗੁਰ ਪਿਛੈ ਪਈ ॥ (1116-19, ਤੁਖਾਰੀ, ਮਃ 4)

They said, "O brothers, what should we do? Who should we ask? Everyone is running after the True Guru."

ਜਾਗਾਤੀਆ ਉਪਾਵ ਸਿਆਣਪ ਕਰਿ , ਵੀਚਾਰੁ ਡਿਠਾ ;
ਭੰਨਿ ਬੋਲਕਾ , ਸਭਿ ਉਠਿ ਗਇਆ ॥ (1117-1, ਤੁਖਾਰੀ, ਮਃ 4)

The tax collectors were smart; they thought about it, and saw. They broke their cash-boxes and left.

ਤ੍ਰਿਤੀਆ , ਆਏ ਸੁਰਸਰੀ ;
ਤਹ ਕਉਤਕੁ ਚਲਤੁ ਭਇਆ ॥੫॥ (1117-2, ਤੁਖਾਰੀ, ਮਃ 4)

Third, He went to the Ganges, and a wonderful drama was played out there. ||5||

ਮਿਲਿ ਆਏ , ਨਗਰ ਮਹਾ ਜਨਾ ;
ਗੁਰ ਸਤਿਗੁਰ , ਓਟ ਗਹੀ ॥ (1117-2, ਤੁਖਾਰੀ, ਮਃ 4)

The important men of the city met together, and sought the Protection of the Guru, the True Guru.

ਗੁਰੁ ਸਤਿਗੁਰੁ , ਗੁਰੁ ਗੋਵਿਦੁ ਪੁਛਿ ;
ਸਿਮ੍ਰਿਤਿ ਕੀਤਾ ਸਹੀ ॥ (1117-3, ਤੁਖਾਰੀ, ਮਃ 4)

The Guru, the True Guru, the Guru is Master of the Universe. Go ahead and consult the Simritees - they will confirm this.

ਸਿਮ੍ਰਿਤਿ ਸਾਸਤ੍ਰ , ਸਭਨੀ ਸਹੀ ਕੀਤਾ ; ਸੁਕਿ ਪ੍ਰਹਿਲਾਦਿ ,
ਸ੍ਰੀ ਰਾਮਿ ਕਰਿ , ਗੁਰ ਗੋਵਿਦੁ ਧਿਆਇਆ ॥ (1117-3, ਤੁਖਾਰੀ, ਮਃ 4)

The Simritees and the Shaastras all confirm that Suk Dev and Prahlaad meditated on the Guru, Master of the Universe, and knew Him as the Supreme Master.

ਦੇਹੀ ਨਗਰਿ ਕੋਟਿ , ਪੰਚ ਚੋਰ ਵਟਵਾਰੇ ;
ਤਿਨ ਕਾ ਥਾਉ ਥੇਹੁ ਗਵਾਇਆ ॥ (1117-4, ਤੁਖਾਰੀ, ਮਃ 4)

The five thieves and the highway robbers dwell in the fortress of the body-village; the Guru has destroyed their home and place.

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ;
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ (1117-5, ਤੁਖਾਰੀ, ਮਃ 4)

The Puraanas continually praise the giving of charity, but devotional worship of Almighty is only obtained through the Word of Guru Nanak.

ਮਿਲਿ ਆਏ , ਨਗਰ ਮਹਾ ਜਨਾ ;
ਗੁਰ ਸਤਿਗੁਰ , ਓਟ ਗਹੀ ॥੬॥੪॥੧੦॥ (1117-6, ਤੁਖਾਰੀ, ਮਃ 4)

The important men of the city met together, and sought the Protection of the Guru, the True Guru. ||6||4||10||

ਤੁਖਾਰੀ , ਛੰਤ ; ਮਹਲਾ ੫ (1117-7)

Tukhaari Chhant, Fifth Mahala:

ੴ ; ਸਤਿਗੁਰ ਪ੍ਰਸਾਦਿ ॥ (1117-7)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru’s grace.

ਘੋਲਿ ਘੁਮਾਈ ਲਾਲਨਾ ; ਗੁਰਿ ਮਨੁ ਦੀਨਾ ॥ (1117-8, ਤੁਖਾਰੀ, ਮਃ 5)

O my Beloved, I am a sacrifice to You. Through the Guru, I have dedicated my mind to You.

ਸੁਣਿ ਸਬਦੁ ਤੁਮਾਰਾ ; ਮੇਰਾ ਮਨੁ ਭੀਨਾ ॥ (1117-8, ਤੁਖਾਰੀ, ਮਃ 5)

Hearing the Word of Your Shabad, my mind is enraptured.

ਇਹੁ ਮਨੁ ਭੀਨਾ , ਜਿਉ ਜਲ ਮੀਨਾ ;
ਲਾਗਾ ਰੰਗੁ ਮੁਰਾਰਾ ॥ (1117-8, ਤੁਖਾਰੀ, ਮਃ 5)

This mind is enraptured, like the fish in the water; it is lovingly attached to Almighty.

ਕੀਮਤਿ ਕਹੀ ਨ ਜਾਈ ਠਾਕੁਰ ; ਤੇਰਾ ਮਹਲੁ ਅਪਾਰਾ ॥ (1117-9, ਤੁਖਾਰੀ, ਮਃ 5)

Your Worth cannot be described, O my Master; Your Mansion is Incomparable and Unrivalled.

ਸਗਲ ਗੁਣਾ ਕੇ ਦਾਤੇ ਸੁਆਮੀ ;
ਬਿਨਉ ਸੁਨਹੁ ਇਕ ਦੀਨਾ ॥ (1117-9, ਤੁਖਾਰੀ, ਮਃ 5)

O Giver of all Virtue, O my Master, please hear the prayer of this humble person.

ਦੇਹੁ ਦਰਸੁ , ਨਾਨਕ ਬਲਿਹਾਰੀ ;
ਜੀਅੜਾ ਬਲਿ ਬਲਿ ਕੀਨਾ ॥੧॥ (1117-10, ਤੁਖਾਰੀ, ਮਃ 5)

Please bless Guru Nanak with the Blessed Vision of Your Darshan. I am a sacrifice, my soul is a sacrifice, a sacrifice to You. ||1||

ਇਹੁ ਤਨੁ ਮਨੁ ਤੇਰਾ ; ਸਭਿ ਗੁਣ ਤੇਰੇ ॥ (1117-10, ਤੁਖਾਰੀ, ਮਃ 5)

This body and mind are Yours; all virtues are Yours.

ਖੰਨੀਐ ਵੰਞਾ ; ਦਰਸਨ ਤੇਰੇ ॥ (1117-11, ਤੁਖਾਰੀ, ਮਃ 5)

I am a sacrifice, every little bit, to Your Darshan.

ਦਰਸਨ ਤੇਰੇ , ਸੁਣਿ ਪ੍ਰਭ ਮੇਰੇ ;
ਨਿਮਖ ਦ੍ਰਿਸਟਿ ਪੇਖਿ ਜੀਵਾ ॥ (1117-11, ਤੁਖਾਰੀ, ਮਃ 5)

Please hear me, O my Almighty; I live only by seeing Your Vision, even if only for an instant.

ਅੰਮ੍ਰਿਤ ਨਾਮੁ ਸੁਨੀਜੈ ਤੇਰਾ ;
ਕਿਰਪਾ ਕਰਹਿ , ਤ ਪੀਵਾ ॥ (1117-12, ਤੁਖਾਰੀ, ਮਃ 5)

I have heard that Your Name is the most Nectar; please bless me with Your Mercy, that I may drink it in.

ਆਸ ਪਿਆਸੀ ਪਿਰ ਕੈ ਤਾਈ ; ਜਿਉ ਚਾਤ੍ਰਿਕੁ ਬੂੰਦੇਰੇ ॥ (1117-12, ਤੁਖਾਰੀ, ਮਃ 5)

My hopes and desires rest in You, O my Husband Master; like the rainbird, I long for the rain-drop.

ਕਹੁ ਨਾਨਕ , ਜੀਅੜਾ ਬਲਿਹਾਰੀ ;
ਦੇਹੁ ਦਰਸੁ ਪ੍ਰਭ ਮੇਰੇ ॥੨॥ (1117-13, ਤੁਖਾਰੀ, ਮਃ 5)

Says Guru Nanak, my soul is a sacrifice to You; please bless me with Your Darshan, O my Almighty. ||2||

ਤੂ ਸਾਚਾ ਸਾਹਿਬੁ ; ਸਾਹੁ ਅਮਿਤਾ ॥ (1117-13, ਤੁਖਾਰੀ, ਮਃ 5)

You are my True Master, O Infinite King.

ਤੂ ਪ੍ਰੀਤਮੁ ਪਿਆਰਾ ; ਪ੍ਰਾਨ ਹਿਤ ਚਿਤਾ ॥ (1117-14, ਤੁਖਾਰੀ, ਮਃ 5)

You are my Dear Beloved, so dear to my life and consciousness.

ਪ੍ਰਾਨ ਸੁਖਦਾਤਾ , ਗੁਰਮੁਖਿ ਜਾਤਾ ;
ਸਗਲ ਰੰਗ ਬਨਿ ਆਏ ॥ (1117-14, ਤੁਖਾਰੀ, ਮਃ 5)

You bring peace to my soul; You are known to the Gurmukh. All are blessed by Your Love.

ਸੋਈ ਕਰਮੁ ਕਮਾਵੈ ਪ੍ਰਾਣੀ ; ਜੇਹਾ ਤੂ ਫੁਰਮਾਏ ॥ (1117-15, ਤੁਖਾਰੀ, ਮਃ 5)

The mortal does only those deeds which You ordain, Master.

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ;
ਤਿਨਿ ਸਾਧਸੰਗਿ ਮਨੁ ਜਿਤਾ ॥ (1117-15, ਤੁਖਾਰੀ, ਮਃ 5)

One who is blessed by Your Grace, Dear Master of the Universe, conquers his mind in the Saadh Sangat, the Company of the Holy.

ਕਹੁ ਨਾਨਕ , ਜੀਅੜਾ ਬਲਿਹਾਰੀ ;
ਜੀਉ ਪਿੰਡੁ ਤਉ ਦਿਤਾ ॥੩॥ (1117-16, ਤੁਖਾਰੀ, ਮਃ 5)

Says Guru Nanak, my soul is a sacrifice to You; You gave me my soul and body. ||3||

ਨਿਰਗੁਣੁ ਰਾਖਿ ਲੀਆ ; ਸੰਤਨ ਕਾ ਸਦਕਾ ॥ (1117-16, ਤੁਖਾਰੀ, ਮਃ 5)

I am unworthy, but He has saved me, for the sake of the Saints.

ਸਤਿਗੁਰਿ ਢਾਕਿ ਲੀਆ ; ਮੋਹਿ ਪਾਪੀ ਪੜਦਾ ॥ (1117-17, ਤੁਖਾਰੀ, ਮਃ 5)

The True Guru has covered by faults; I am such a sinner.

ਢਾਕਨਹਾਰੇ ਪ੍ਰਭੂ ਹਮਾਰੇ ; ਜੀਅ ਪ੍ਰਾਨ ਸੁਖਦਾਤੇ ॥ (1117-17, ਤੁਖਾਰੀ, ਮਃ 5)

God has covered for me; He is the Giver of the soul, life and peace.

ਅਬਿਨਾਸੀ ਅਬਿਗਤ ਸੁਆਮੀ ; ਪੂਰਨ ਪੁਰਖ ਬਿਧਾਤੇ ॥ (1117-18, ਤੁਖਾਰੀ, ਮਃ 5)

My Master is Eternal and Unchanging, Ever-present; He is the Perfect Creator, the Architect of Destiny.

ਉਸਤਤਿ ਕਹਨੁ ਨ ਜਾਇ ਤੁਮਾਰੀ ;
ਕਉਣੁ ਕਹੈ , ਤੂ ਕਦ ਕਾ ॥ (1117–18, ਤੁਖਾਰੀ, ਮਃ 5)

Your Praise cannot be described; who can say where You are?

ਨਾਨਕ ਦਾਸੁ , ਤਾ ਕੈ ਬਲਿਹਾਰੀ ;
ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥ (1117–19, ਤੁਖਾਰੀ, ਮਃ 5)

Slave Guru Nanak is a sacrifice to the one who blesses him with Almighty's Name, even for an instant. ||4||1||11||

ਕੇਦਾਰਾ , ਮਹਲਾ ੪ ; ਘਰੁ ੧ (1118–1)

Keydara, Fourth Mahala, First House:

ੴ ; ਸਤਿਗੁਰ ਪ੍ਰਸਾਦਿ ॥ (1118–2)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮੇਰੇ ਮਨ ; ਰਾਮ ਨਾਮ ਨਿਤ ਗਾਵੀਐ ਰੇ ॥ (1118–3, ਕੇਦਾਰਾ, ਮਃ 4)

O my mind, sing continually Almighty's Name.

ਅਗਮ ਅਗੋਚਰੁ ਨ ਜਾਈ ਹਰਿ ਲਖਿਆ ;
ਗੁਰੁ ਪੂਰਾ ਮਿਲੈ ਲਖਾਵੀਐ ਰੇ ॥ ਰਹਾਉ ॥ (1118–3, ਕੇਦਾਰਾ, ਮਃ 4)

The Beyond the grasp of the mind, reach of sensors Master cannot be seen; meeting with the Perfect Guru, He is seen. ||Pause||

ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ;
ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ (1118–4, ਕੇਦਾਰਾ, ਮਃ 4)

That person, upon whom my Master showers His Mercy - Almighty attunes that one to Himself.

ਸਭੁ ਕੋ ਭਗਤਿ ਕਰੇ ਹਰਿ ਕੇਰੀ ;
ਹਰਿ ਭਾਵੈ , ਸੋ ਥਾਇ ਪਾਵੀਐ ਰੇ ॥੧॥ (1118–4, ਕੇਦਾਰਾ, ਮਃ 4)

Everyone worships Almighty, but only that person who is pleasing to Almighty is accepted. ||1||

ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ;
ਹਰਿ ਦੇਵੈ , ਤਾ ਨਾਮੁ ਧਿਆਵੀਐ ਰੇ ॥ (1118-5, ਕੇਦਾਰਾ, ਮਃ 4)

Almighty's Name, is priceless. It rests with Almighty. If Almighty bestows it, then we meditate on Almighty's Name (Naam).

ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ;
ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥ (1118-6, ਕੇਦਾਰਾ, ਮਃ 4)

That person, whom my Master blesses with His Name - his entire account is forgiven. ||2||

ਹਰਿ ਨਾਮੁ ਅਰਾਧਹਿ , ਸੇ ਧੰਨੁ ਜਨ ਕਹੀਅਹਿ ;
ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ (1118-6, ਕੇਦਾਰਾ, ਮਃ 4)

Those humble beings who worship and adore Almighty's Name, are said to be blessed. Such is the good destiny written on their foreheads.

ਤਿਨ ਦੇਖੇ , ਮੇਰਾ ਮਨੁ ਬਿਗਸੈ ;
ਜਿਉ ਸੁਤੁ ਮਿਲਿ , ਮਾਤ ਗਲਿ ਲਾਵੀਐ ਰੇ ॥੩॥ (1118-7, ਕੇਦਾਰਾ, ਮਃ 4)

Gazing upon them, my mind blossoms forth, like the mother who meets with her son and hugs him close. ||3||

ਹਮ ਬਾਰਿਕ , ਹਰਿ ਪਿਤਾ ਪ੍ਰਭ ਮੇਰੇ ;
ਮੋਕਉ ਦੇਹੁ ਮਤੀ , ਜਿਤੁ ਹਰਿ ਪਾਵੀਐ ਰੇ ॥ (1118-8, ਕੇਦਾਰਾ, ਮਃ 4)

I am a child, and You, O my Almighty, are my Father; please bless me with such understanding, that I may find Almighty.

ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ;
ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥ (1118-9, ਕੇਦਾਰਾ, ਮਃ 4)

Like the cow, which is happy upon seeing her calf, Dear Almighty, please hug Guru Nanak close in Your Embrace. ||4||1||

ਕੇਦਾਰਾ , ਮਹਲਾ ੪ ; ਘਰੁ ੧ (1118-10)

Keydara, Fourth Mahala, First House:

ੴ ; ਸਤਿਗੁਰ ਪ੍ਰਸਾਦਿ ॥ (1118-10)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮੇਰੇ ਮਨ ; ਹਰਿ ਹਰਿ ਗੁਨ ਕਹੁ ਰੇ ॥ (1118-11, ਕੇਦਾਰਾ, ਮਃ 4)

O my mind, chant the Glorious Praises of Almighty.

ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ;
ਇਨ ਬਿਧਿ , ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥ (1118-11, ਕੇਦਾਰਾ, ਮਃ 4)

Wash the Feet of the True Guru, and worship them. In this way, you shall find my Almighty. ||Pause||

ਕਾਮੁ ਕ੍ਰੋਧੁ ਲੋਭੁ ਮੋਹੁ , ਅਭਿਮਾਨੁ ਬਿਖੈ ਰਸ ;
ਇਨ ਸੰਗਤਿ ਤੇ , ਤੂ ਰਹੁ ਰੇ ॥ (1118-12, ਕੇਦਾਰਾ, ਮਃ 4)

Sexual desire, anger, greed, attachment, egotism and corrupt pleasures - stay away from these.

ਮਿਲਿ ਸਤਸੰਗਤਿ , ਕੀਜੈ ਹਰਿ ਗੋਸਟਿ , ਸਾਧੂ ਸਿਉ ਗੋਸਟਿ ;
ਹਰਿ ਪ੍ਰੇਮ ਰਸਾਇਣੁ , ਰਾਮ ਨਾਮੁ ਰਸਾਇਣੁ ;
ਹਰਿ ਰਾਮ ਨਾਮ , ਰਾਮ ਰਮਹੁ ਰੇ ॥੧॥ (1118-12, ਕੇਦਾਰਾ, ਮਃ 4)

Join the Sat Sangat, the True Congregation, and speak with the Holy People about Almighty. The Love of Almighty is the healing remedy; Almighty's Name is the healing remedy. Chant Almighty's Name, Raam, Raam. ||1||

ਅੰਤਰ ਕਾ ਅਭਿਮਾਨੁ ਜੋਰੁ , ਤੂ ਕਿਛੁ ਕਿਛੁ , ਕਿਛੁ ਜਾਨਤਾ ;
ਇਹੁ ਦੂਰਿ ਕਰਹੁ , ਆਪਨ ਗਹੁ ਰੇ ॥ (1119-1, ਕੇਦਾਰਾ, ਮਃ 4)

So you think that the egotistical pride in power which you harbor deep within is everything. Let it go, and restrain your self-conceit.

ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ;
ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥ (1119-1, ਕੇਦਾਰਾ, ਮਃ 4)

Please be kind to servant Guru Nanak, Dear Almighty, my Master; please make him the dust of the Feet of the Saints. ||2||1||2||

ਕੇਦਾਰਾ , ਮਹਲਾ ੫ ; ਘਰੁ ੨ (1119-3)

Keydara, Fifth Mahala, Second House:

ੴ ; ਸਤਿਗੁਰ ਪ੍ਰਸਾਦਿ ॥ (1119-3)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮਾਈ ; ਸੰਤਸੰਗਿ ਜਾਗੀ ॥ (1119-4, ਕੇਦਾਰਾ, ਮਃ 5)

O mother, I have awakened in the Society of the Saints.

ਪ੍ਰਿਅ ਰੰਗ ਦੇਖੈ ; ਜਪਤੀ ਨਾਮੁ ਨਿਧਾਨੀ ॥ ਰਹਾਉ ॥ (1119-4, ਕੇਦਾਰਾ, ਮਃ 5)

Seeing the Love of my Beloved, I chant His Name, the greatest treasure||Pause||

ਦਰਸਨ ਪਿਆਸ ; ਲੋਚਨ ਤਾਰ ਲਾਗੀ ॥ (1119-4, ਕੇਦਾਰਾ, ਮਃ 5)

I am so thirsty for His Darshan (Sight). my eyes are focused on Him;

ਬਿਸਰੀ ; ਤਿਆਸ ਬਿਡਾਨੀ ॥੧॥ (1119-5, ਕੇਦਾਰਾ, ਮਃ 5)

I have forgotten other thirsts. ||1||

**ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ;
ਦਰਸਨੁ ਪੇਖਤ ਮਨੁ ਲਪਟਾਨੀ ॥** (1119-5, ਕੇਦਾਰਾ, ਮਃ 5)

Now, I have found my Peace-giving Guru with ease; seeing His Darshan, my mind clings to Him.

**ਦੇਖਿ ਦਮੋਦਰ ਰਹਸੁ ਮਨਿ ਉਪਜਿਓ ;
ਨਾਨਕ , ਪ੍ਰਿਅ ਅੰਮ੍ਰਿਤ ਬਾਨੀ ॥੨॥੧॥** (1119-6, ਕੇਦਾਰਾ, ਮਃ 5)

Seeing my Master, joy has welled up in my mind; Guru Nanak says, the speech of my Beloved is so sweet! ||2||1||

ਕੇਦਾਰਾ , ਮਹਲਾ ੫ ; ਘਰੁ ੩ (1119-7)

Keydara, Fifth Mahala, Third House:

ੴ ; ਸਤਿਗੁਰ ਪ੍ਰਸਾਦਿ ॥ (1119-7)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਦੀਨ ਬਿਨਉ ; ਸੁਨੁ ਦਇਆਲ ॥ (1119-8, ਕੇਦਾਰਾ, ਮਃ 5)

Please listen to the prayers of the humble, O Merciful Master.

ਪੰਚ ਦਾਸ , ਤੀਨਿ ਦੋਖੀ ; ਏਕ ਮਨੁ , ਅਨਾਥ ਨਾਥ ॥ (1119-8, ਕੇਦਾਰਾ, ਮਃ 5)

The five thieves and the three dispositions torment my mind.

ਰਾਖੁ ਹੋ ; ਕਿਰਪਾਲ ॥ ਰਹਾਉ ॥ (1119-8, ਕੇਦਾਰਾ, ਮਃ 5)

O Merciful Master, Master of the masterless, please save me from them. ||Pause||

ਅਨਿਕ ਜਤਨ ; ਗਵਨੁ ਕਰਉ ॥ (1119-9, ਕੇਦਾਰਾ, ਮਃ 5)

I make all sorts of efforts and go on pilgrimages;

ਖਟੁ ਕਰਮ ਜੁਗਤਿ ; ਧਿਆਨੁ ਧਰਉ ॥ (1119-9, ਕੇਦਾਰਾ, ਮਃ 5)

I perform the six rituals, and meditate in the right way.

**ਉਪਾਵ ਸਗਲ ਕਰਿ , ਹਾਰਿਓ ;
ਨਹ ਨਹ ਹੁਟਹਿ , ਬਿਕਰਾਲ ॥੧॥** (1119-9, ਕੇਦਾਰਾ, ਮਃ 5)

I am so tired of making all these efforts, but the horrible demons still do not leave me. ||1||

ਸਰਣਿ ਬੰਦਨ ; ਕਰੁਣਾ ਪਤੇ ॥ (1119-10, ਕੇਦਾਰਾ, ਮਃ 5)

I seek Your Sanctuary, and bow to You, O Compassionate Master.

ਭਵ ਹਰਣ ; ਹਰਿ ਹਰਿ ਹਰਿ ਹਰੇ ॥ (1119-10, ਕੇਦਾਰਾ, ਮਃ 5)

You are the Destroyer of fear, Dear Almighty.

ਏਕ ਤੁਹੀ ; ਦੀਨ ਦਇਆਲ ॥ (1119-11, ਕੇਦਾਰਾ, ਮਃ 5)

You alone are Merciful to the meek.

ਪ੍ਰਭ ਚਰਨ ; ਨਾਨਕ ਆਸਰੋ ॥ (1119-11, ਕੇਦਾਰਾ, ਮਃ 5)

Guru Nanak takes the Support of God's Feet.

ਉਧਰੇ ; ਭ੍ਰਮ ਮੋਹ ਸਾਗਰ ॥ (1119-11, ਕੇਦਾਰਾ, ਮ: 5)

I have been rescued from the ocean of illusion,

ਲਗਿ ਸੰਤਨਾ ; ਪਗ ਪਾਲ ॥੨॥੧॥੨॥ (1119-11, ਕੇਦਾਰਾ, ਮ: 5)

holding tight to the feet and the robes of the Saints. ||2||1||2||

ਕੇਦਾਰਾ , ਮਹਲਾ ੫ ; ਘਰੁ ੪ (1119-13)

Keydara, Fifth Mahala, Fourth House:

ੴ ; ਸਤਿਗੁਰ ਪ੍ਰਸਾਦਿ ॥ (1119-13)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਰਨੀ ਆਇਓ ; ਨਾਥ ਨਿਧਾਨ ॥ (1119-14, ਕੇਦਾਰਾ, ਮ: 5)

I have come to Your Sanctuary, Dear Almighty, O Supreme Treasure.

ਨਾਮ ਪ੍ਰੀਤਿ ਲਾਗੀ ਮਨ ਭੀਤਰਿ ;
ਮਾਗਨ ਕਉ ਹਰਿ ਦਾਨ ॥੧॥ ਰਹਾਉ ॥ (1119-14, ਕੇਦਾਰਾ, ਮ: 5)

Love for Almighty's Name, is enshrined within my mind; I beg for the gift of Your Name. ||1||Pause||

ਸੁਖਦਾਈ ਪੂਰਨ ਪਰਮੇਸੁਰ ;
ਕਰਿ ਕਿਰਪਾ ਰਾਖਹੁ ਮਾਨ ॥ (1119-15, ਕੇਦਾਰਾ, ਮ: 5)

O Pefect Transcendent Master, Giver of Peace, please grant Your Grace and save my honor.

ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ;
ਹਰਿ ਗੁਨ ਰਸਨ ਬਖਾਨ ॥੧॥ (1119-15, ਕੇਦਾਰਾ, ਮ: 5)

Please bless me with such love, O my Master, that in the Saadh Sangat, the Company of the Holy, I may chant the Glorious Praises of Almighty with my tongue. ||1||

ਗੋਪਾਲ ਦਇਆਲ ਗੋਬਿਦ ਦਮੋਦਰ ;
ਨਿਰਮਲ ਕਥਾ ਗਿਆਨ ॥ (1119-16, ਕੇਦਾਰਾ, ਮਃ 5)

Dear Almighty of the World, Merciful Master of the Universe, Your sermon and spiritual wisdom are immaculate and pure.

ਨਾਨਕ ਕਉ , ਹਰਿ ਕੈ ਰੰਗਿ ਰਾਗਹੁ ;
ਚਰਨ ਕਮਲ ਸੰਗਿ ਧਿਆਨ ॥੨॥੧॥੩॥ (1119-16, ਕੇਦਾਰਾ, ਮਃ 5)

Please attune Guru Nanak to Your Love, Dear Almighty, and focus his meditation on Your Lotus Feet. ||2||1||3||

ਕੇਦਾਰਾ , ਮਹਲਾ ੫ ॥ (1119-17)

Keydara, Fifth Mahala:

ਹਰਿ ਕੇ ਦਰਸਨ ਕੋ ; ਮਨਿ ਚਾਉ ॥ (1119-17, ਕੇਦਾਰਾ, ਮਃ 5)

My mind yearns for the Blessed Vision of Almighty's Darshan.

ਕਰਿ ਕਿਰਪਾ ਸਤਸੰਗਿ ਮਿਲਾਵਹੁ ;
ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥ (1119-18, ਕੇਦਾਰਾ, ਮਃ 5)

Please grant Your Grace, and unite me with the Society of the Saints; please bless me with Your Name. ||Pause||

ਕਰਉ ਸੇਵਾ , ਸਤ ਪੁਰਖ ਪਿਆਰੇ ;
ਜਤ ਸੁਨੀਐ , ਤਤ ਮਨਿ ਰਹਸਾਉ ॥ (1119-18, ਕੇਦਾਰਾ, ਮਃ 5)

I serve my True Beloved Master. Wherever I hear His Praise, there my mind is in ecstasy.

ਵਾਰੀ ਫੇਰੀ ਸਦਾ ਘੁਮਾਈ ;
ਕਵਨੁ ਅਨੂਪੁ ਤੇਰੋ ਠਾਉ ॥੧॥ (1120-1, ਕੇਦਾਰਾ, ਮਃ 5)

I am a sacrifice, a sacrifice, forever devoted to You. Your place is incomparably beautiful! ||1||

ਸਰਬ ਪ੍ਰਤਿਪਾਲਹਿ , ਸਗਲ ਸਮਾਲਹਿ ;
ਸਗਲਿਆ ਤੇਰੀ ਛਾਉ ॥ (1120-1, ਕੇਦਾਰਾ, ਮਃ 5)

You cherish and nurture all; You take care of all, and Your shade covers all.

ਨਾਨਕ ਕੇ ਪ੍ਰਭ ਪੁਰਖ ਬਿਧਾਤੇ ;
ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥ (1120-2, ਕੇਦਾਰਾ, ਮਃ 5)

You are the Primal Creator, the God of Guru Nanak; I behold You in each and every heart. ||2||2||4||

ਕੇਦਾਰਾ , ਮਹਲਾ ੫ ॥ (1120-3)

Keydara, Fifth Mahala:

ਪ੍ਰਿਅ ਕੀ ਪ੍ਰੀਤਿ ; ਪਿਆਰੀ ॥ (1120-3, ਕੇਦਾਰਾ, ਮਃ 5)

I love the Love of my Beloved.

ਮਗਨ ਮਨੈ ਮਹਿ ਚਿਤਵਉ ਆਸਾ ;
ਨੈਨਹੁ ਤਾਰ ਤੁਹਾਰੀ ॥ ਰਹਾਉ ॥ (1120-3, ਕੇਦਾਰਾ, ਮਃ 5)

My mind is intoxicated with delight, and my consciousness is filled with hope; my eyes are drenched with Your Love. ||Pause||

ਓਇ ਦਿਨ ਪਹਰ , ਮੂਰਤ ਪਲ ਕੈਸੇ ;
ਓਇ ਪਲ ਘਰੀ , ਕਿਹਾਰੀ ॥ (1120-4, ਕੇਦਾਰਾ, ਮਃ 5)

Blessed is that day, that hour, minute and second when the heavy, rigid shutters are opened, and desire is quenched.

ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ;
ਜੀਵਉ ਪੇਖਿ ਦਰਸਾਰੀ ॥੧॥ (1120-4, ਕੇਦਾਰਾ, ਮਃ 5)

Seeing the Blessed Vision of Your Darshan, I live. ||1||

ਕਉਨੁ ਸੁ ਜਤਨੁ ਉਪਾਉ ਕਿਨੇਹਾ ;
ਸੇਵਾ ਕਉਨ ਬੀਚਾਰੀ ॥ (1120-5, ਕੇਦਾਰਾ, ਮਃ 5)

What is the method, what is the effort, and what is the service, which inspires me to contemplate You?

ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ;
ਸੰਤਹ ਸੰਗਿ ਉਧਾਰੀ ॥੨॥੩॥੫॥ (1120-6, ਕੇਦਾਰਾ, ਮਃ 5)

Abandon your egotistical pride and attachment; Guru Nanak says, you shall be saved in the Society of the Saints. ||2||3||5||

ਕੇਦਾਰਾ , ਮਹਲਾ ੫ ॥ (1120-6)

Keydara, Fifth Mahala:

ਹਰਿ ਹਰਿ ; ਹਰਿ ਗੁਨ ਗਾਵਹੁ ॥ (1120-6, ਕੇਦਾਰਾ, ਮਃ 5)

Sing the Glorious Praises of Almighty, Har.

ਕਰਹੁ ਕ੍ਰਿਪਾ ਗੋਪਾਲ ਗੋਬਿਦੇ ;
ਅਪਨਾ ਨਾਮੁ ਜਪਾਵਹੁ ॥ ਰਹਾਉ ॥ (1120-7, ਕੇਦਾਰਾ, ਮਃ 5)

Have Mercy on me, O Life of the World, Dear Master of the Universe, that I may chant Your Name. ||Pause||

ਕਾਢਿ ਲੀਏ ਪ੍ਰਭ ਆਨ ਬਿਖੈ ਤੇ ;
ਸਾਧਸੰਗਿ ਮਨੁ ਲਾਵਹੁ ॥ (1120-7, ਕੇਦਾਰਾ, ਮਃ 5)

Please lift me up, God, out of vice and corruption, and attach my mind to the Saadh Sangat, the Company of the Holy.

ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ;
ਅਪਨਾ ਦਰਸੁ ਦਿਖਾਵਹੁ ॥੧॥ (1120-8, ਕੇਦਾਰਾ, ਮਃ 5)

Illusion, fear and attachment are eradicated from that person who follows the Guru's Teachings, and gazes on His Darshan (Sight). ||1||

ਸਭ ਕੀ ਰੇਨ , ਹੋਇ ਮਨੁ ਮੇਰਾ ;
ਅਹੰਬੁਧਿ ਤਜਾਵਹੁ ॥ (AhM-buiD bolo) (1120-8, ਕੇਦਾਰਾ, ਮਃ 5)

Let my mind become the dust of all; may I abandon my egotistical intellect.

ਅਪਨੀ ਭਗਤਿ ਦੇਹਿ ਦਇਆਲਾ ;
ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥ (1120-9, ਕੇਦਾਰਾ, ਮਃ 5)

Please bless me with Your devotional worship, O Merciful Master; by great good fortune, Guru Nanak says, I have found Almighty. ||2||4||6||

ਕੇਦਾਰਾ , ਮਹਲਾ ੫ ॥ (1120-10)

Keydara, Fifth Mahala:

ਹਰਿ ਬਿਨੁ ; ਜਨਮੁ ਅਕਾਰਥ ਜਾਤ ॥ (1120-10, ਕੇਦਾਰਾ, ਮਃ 5)

Without Almighty, life is useless.

ਤਜਿ ਗੋਪਾਲ ਆਨ ਰੰਗਿ ਰਾਚਤ ;
ਮਿਥਿਆ ਪਹਿਰਤ ਖਾਤ ॥ ਰਹਾਉ ॥ (1120-10, ਕੇਦਾਰਾ, ਮਃ 5)

Those who forsake Almighty, and become engrossed in other pleasures - false and useless are the clothes they wear, and the food they eat. ||Pause||

ਧਨੁ ਜੋਬਨੁ ਸੰਪੈ ਸੁਖ ਭੋੁਗਵੈ ; ਸੰਗਿ ਨ ਨਿਬਹਤ ਮਾਤ ॥ (1120-11, ਕੇਦਾਰਾ, ਮਃ 5)

The pleasures of wealth, youth, property and comforts will not stay with you, O mother.

ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ;
ਦ੍ਰੁਮ ਛਾਇਆ ਰੰਗਿ ਰਾਤ ॥੧॥ (1120-11, ਕੇਦਾਰਾ, ਮਃ 5)

Seeing the mirage, the madman is entangled in it; he is imbued with pleasures that pass away, like the shade of a tree. ||1||

ਮਾਨ ਮੋਹ ਮਹਾ ਮਦ ਮੋਹਤ ; ਕਾਮ ਕ੍ਰੋਧ ਕੈ ਖਾਤ ॥ (1120-12, ਕੇਦਾਰਾ, ਮਃ 5)

Totally intoxicated with the wine of pride and attachment, he has fallen into the pit of sexual desire and anger.

ਕਰੁ ਗਹਿ ਲੇਹੁ ਦਾਸ ਨਾਨਕ ਕਉ ;
ਪ੍ਰਭ ਜੀਉ ਹੋਇ ਸਹਾਤ ॥੨॥੫॥੭॥ (1120-12, ਕੇਦਾਰਾ, ਮਃ 5)

O Dear God, please be the Help and Support of servant Guru Nanak; please take me by the hand, and uplift me. ||2||5||7||

ਕੇਦਾਰਾ , ਮਹਲਾ ੫ ॥ (1120-13)

Keydara, Fifth Mahala:

ਹਰਿ ਬਿਨੁ ; ਕੋਇ ਨ ਚਾਲਸਿ ਸਾਥ ॥ (1120-13, ਕੇਦਾਰਾ, ਮਃ 5)

Nothing goes along with the mortal, except for Almighty.

ਦੀਨਾ ਨਾਥ ਕਰੁਣਾਪਤਿ ਸੁਆਮੀ ; (kruxw-piq bolo)
ਅਨਾਥਾ ਕੇ ਨਾਥ ॥ ਰਹਾਉ ॥ (1120-14, ਕੇਦਾਰਾ, ਮਃ 5)

He is the Master of the meek, Almighty of Mercy, my Master, the Master of the masterless. ||Pause||

ਸੁਤ ਸੰਪਤਿ , ਬਿਖਿਆ ਰਸ ਭੁੋਗਵਤ ;
ਨਹ ਨਿਬਹਤ , ਜਮ ਕੈ ਪਾਥ ॥ (1120-14, ਕੇਦਾਰਾ, ਮਃ 5)

Children, possessions and the enjoyment of corrupt pleasures do not go along with the mortal on the path of Death.

ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ;
ਉਧਰੁ ਸਾਗਰ ਕੇ ਖਾਤ ॥੧॥ (1120-15, ਕੇਦਾਰਾ, ਮਃ 5)

Singing the Glorious Praises of the treasure of and Master of the Universe, the mortal is carried across the deep ocean. ||1||

ਸਰਨਿ ਸਮਰਥ ਅਕਥ ਅਗੋਚਰ ; (Ak~Q bolo)
ਹਰਿ ਸਿਮਰਤ ਦੁਖ ਲਾਥ ॥ (1120-16, ਕੇਦਾਰਾ, ਮਃ 5)

In the Sanctuary of the All-powerful, Indescribable, Unfathomable Master, meditate in remembrance on Him, and your pains shall vanish.

ਨਾਨਕ ਦੀਨ , ਧੂਰਿ ਜਨ ਬਾਂਛਤ ;
ਮਿਲੈ ਲਿਖਤ ਧੁਰਿ ਮਾਥ ॥੨॥੬॥੮॥ (1120-16, ਕੇਦਾਰਾ, ਮਃ 5)

Guru Nanak longs for the dust of the feet of Almighty's humble servant; he shall obtain it only if such pre-ordained destiny is written on his forehead. ||2||6||8||

ਕੇਦਾਰਾ , ਮਹਲਾ ੫ ; ਘਰੁ ੫ (1120-18)

Keydara, Fifth Mahala, Fifth House:

ੴ ; ਸਤਿਗੁਰ ਪ੍ਰਸਾਦਿ ॥ (1120-18)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਬਿਸਰਤ ਨਾਹਿ ; ਮਨ ਤੇ ਹਰੀ ॥ (1120-19, ਕੇਦਾਰਾ, ਮਃ 5)

I do not forget Almighty in my mind.

ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ;
ਆਨ ਬਿਖੈ ਜਰੀ ॥ ਰਹਾਉ ॥ (1120-19, ਕੇਦਾਰਾ, ਮਃ 5)

This love has now become very strong; it has burnt away other corruption. ||Pause||

ਬੂੰਦ ਕਹਾ ਤਿਆਗਿ ਚਾਤ੍ਰਿਕ ; ਮੀਨ ਰਹਤ ਨ ਘਰੀ ॥ (1120-19, ਕੇਦਾਰਾ, ਮਃ 5)

How can the rainbird forsake the rain-drop? The fish cannot survive without water, even for an instant.

ਗੁਨ ਗੋਪਾਲ ਉਚਾਰੁ ਰਸਨਾ ; ਟੇਵ ਏਹ ਪਰੀ ॥੧॥ (1121-1, ਕੇਦਾਰਾ, ਮਃ 5)

My tongue chants the Glorious Praises of Almighty of the World; this has become part of my very nature. ||1||

ਮਹਾ ਨਾਦ ਕੁਰੰਕ ਮੋਹਿਓ ; ਬੇਧਿ ਤੀਖਨ ਸਰੀ ॥ (1121-1, ਕੇਦਾਰਾ, ਮਃ 5)

The deer is fascinated by the sound of the bell, and so it is shot with the sharp arrow.

ਪ੍ਰਭ ਚਰਨ ਕਮਲ ਰਸਾਲ ਨਾਨਕ ;
ਗਾਠਿ ਬਾਧਿ ਧਰੀ ॥੨॥੧॥੯॥ (1121-2, ਕੇਦਾਰਾ, ਮਃ 5)

God's Lotus Feet are the Source of Nectar; Guru Nanak says, I am tied to them by a knot. ||2||1||9||

ਕੇਦਾਰਾ , ਮਹਲਾ ੫ ॥ (1121-3)

Keydara, Fifth Mahala:

ਪ੍ਰੀਤਮ ਬਸਤ ; ਰਿਦ ਮਹਿ ਖੋਰ ॥ (1121-3, ਕੇਦਾਰਾ, ਮਃ 5)

My Beloved dwells in the cave of my heart.

ਭਰਮ ਭੀਤਿ ਨਿਵਾਰਿ ਠਾਕੁਰ ;
ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥ (1121-3, ਕੇਦਾਰਾ, ਮਃ 5)

Shatter the wall of illusion, O my Master; please grab hold of me, and lift me up towards Yourself. ||1||Pause||

ਅਧਿਕ ਗਰਤ ਸੰਸਾਰ ਸਾਗਰ ;
ਕਰਿ ਦਇਆ ਚਾਰਹੁ ਧੋਰ ॥ (1121-4, ਕੇਦਾਰਾ, ਮਃ 5)

The world-ocean is so vast and deep; please be kind, lift me up and place me on the shore.

ਸੰਤਸੰਗਿ ਹਰਿ ਚਰਨ ਬੋਹਿਥ ;
ਉਧਰਤੇ ਲੈ ਮੋਰ ॥੧॥ (auDr-qy bolo) (1121-4, ਕੇਦਾਰਾ, ਮਃ 5)

In the Society of the Saints, Almighty's Feet are the boat to carry us across. ||1||

ਗਰਭ ਕੁੰਟ ਮਹਿ ਜਿਨਹਿ ਧਾਰਿਓ ;
ਨਹੀ ਬਿਖੈ ਬਨ ਮਹਿ ਹੋਰ ॥ (1121-5, ਕੇਦਾਰਾ, ਮਃ 5)

The One who placed you in the womb of your mother's belly - no one else shall save you in the wilderness of corruption.

ਹਰਿ ਸਕਤ ਸਰਨ ਸਮਰਥ ਨਾਨਕ ;
ਆਨ ਨਹੀ ਨਿਹੋਰ ॥੨॥੨॥੧੦॥ (1121-5, ਕੇਦਾਰਾ, ਮਃ 5)

The power of Almighty's Sanctuary is all-powerful; Guru Nanak does not rely on any other. ||2||2||10||

ਕੇਦਾਰਾ , ਮਹਲਾ ੫ ॥ (1121-6)

Keydara, Fifth Mahala:

ਰਸਨਾ ; ਰਾਮ ਰਾਮ ਬਖਾਨੁ ॥ (1121-6, ਕੇਦਾਰਾ, ਮਃ 5)

With your tongue, chant Almighty’s Name.

ਗੁਨ ਗੋੁਪਾਲ ਉਚਾਰੁ ਦਿਨੁ ਰੈਨਿ ;
ਭਏ ਕਲਮਲ ਹਾਨ ॥ ਰਹਾਉ ॥ (1121-6, ਕੇਦਾਰਾ, ਮਃ 5)

Chanting the Glorious Praises of Almighty, day and night, your sins shall be eradicated. ||Pause||

ਤਿਆਗਿ ਚਲਨਾ ਸਗਲ ਸੰਪਤ ;
ਕਾਲੁ ਸਿਰ ਪਰਿ ਜਾਨੁ ॥ (1121-7, ਕੇਦਾਰਾ, ਮਃ 5)

You shall have to leave behind all your riches when you depart. Death is hanging over your head - know this well!

ਮਿਥਨ ਮੋਹ ਦੁਰੰਤ ਆਸਾ ; ਝੂਠੁ ਸਰਪਰ ਮਾਨੁ ॥੧॥ (1121-7, ਕੇਦਾਰਾ, ਮਃ 5)

Transitory attachments and evil hopes are false. Surely you must believe this! ||1||

ਸਤਿ ਪੁਰਖ ਅਕਾਲ ਮੂਰਤਿ ; ਰਿਦੈ ਧਾਰਹੁ ਧਿਆਨੁ ॥ (1121-8, ਕੇਦਾਰਾ, ਮਃ 5)

Within your heart, focus your meditation on the True Primal Being, Akaal Moorat, the Undying Form.

ਨਾਮੁ ਨਿਧਾਨੁ ਲਾਭੁ ਨਾਨਕ ;
ਬਸਤੁ ਇਹ ਪਰਵਾਨੁ ॥੨॥੩॥੧੧॥ (1121-8, ਕੇਦਾਰਾ, ਮਃ 5)

Only this profitable merchandise, the treasure of Guru Nanak says, shall be accepted. ||2||3||11||

ਕੇਦਾਰਾ , ਮਹਲਾ ੫ ॥ (1121-9)

Keydara, Fifth Mahala:

ਹਰਿ ਕੇ ਨਾਮ ਕੋ ; ਆਧਾਰੁ ॥ (1121-9, ਕੇਦਾਰਾ, ਮਃ 5)

I take only the Support of Almighty's Name.

ਕਲਿ ਕਲੇਸ ਨ ਕਛੁ ਬਿਆਪੈ ;
ਸੰਤਸੰਗਿ ਬਿਉਹਾਰੁ ॥ ਰਹਾਉ ॥ (1121-9, ਕੇਦਾਰਾ, ਮਃ 5)

Suffering and conflict do not afflict me; I deal only with the Society of the Saints. ||Pause||

ਕਰਿ ਅਨੁਗ੍ਰਹੁ ਆਪਿ ਰਾਖਿਓ ;
ਨਹ ਉਪਜਤਉ ਬੇਕਾਰੁ ॥ (aupj-qau bolo) (1121-10, ਕੇਦਾਰਾ, ਮਃ 5)

Showering His Mercy on me, Almighty Himself has saved me, and no evil thoughts arise within me.

ਜਿਸੁ ਪਰਾਪਤਿ ਹੋਇ ਸਿਮਰੈ ;
ਤਿਸੁ ਦਹਤ ਨਹ ਸੰਸਾਰੁ ॥੧॥ (1121-11, ਕੇਦਾਰਾ, ਮਃ 5)

Whoever receives this Grace, contemplates Him in meditation; he is not burned by the fire of the world. ||1||

ਸੁਖ ਮੰਗਲ ਆਨੰਦ ਹਰਿ ਹਰਿ ;
ਪ੍ਰਭ ਚਰਨ ਅੰਮ੍ਰਿਤ ਸਾਰੁ ॥ (1121-11, ਕੇਦਾਰਾ, ਮਃ 5)

Peace, joy and bliss come from Almighty. God's Feet are sublime and excellent.

ਨਾਨਕ ਦਾਸ ਸਰਨਾਗਤੀ ;
ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥ (1121-12, ਕੇਦਾਰਾ, ਮਃ 5)

Slave Guru Nanak seeks Your Sanctuary; he is the dust of the feet of Your Saints. ||2||4||12||

ਕੇਦਾਰਾ , ਮਹਲਾ ੫ ॥ (1121-12)

Keydara, Fifth Mahala:

ਹਰਿ ਕੇ ਨਾਮ ਬਿਨੁ ; ਧ੍ਰਿਗੁ ਸ੍ਰੋਤ ॥ (1121-13, ਕੇਦਾਰਾ, ਮਃ 5)

Without Almighty's Name, one's ears are cursed.

ਜੀਵਨ ਰੂਪ ਬਿਸਾਰਿ ਜੀਵਹਿ ;
ਤਿਹ ਕਤ ਜੀਵਨ ਹੋਤ ॥ ਰਹਾਉ ॥ (1121-13, ਕੇਦਾਰਾ, ਮਃ 5)

Those who forget the Embodiment of Life - what is the point of their lives? ||Pause||

ਖਾਤ ਪੀਤ , ਅਨੇਕ ਬਿੰਜਨ ;
ਜੈਸੇ ਭਾਰ ਬਾਹਕ , ਖੋਤ ॥ (1121-13, ਕੇਦਾਰਾ, ਮਃ 5)

One who eats and drinks countless delicacies is no more than a donkey, a beast of burden.

ਆਠ ਪਹਰ ਮਹਾ ਸ੍ਰਮੁ ਪਾਇਆ ;
ਜੈਸੇ ਬਿਰਖ ਜੰਤੀ ਜੋਤ ॥੧॥ (1121-14, ਕੇਦਾਰਾ, ਮਃ 5)

Twenty-four hours a day, he endures terrible suffering, like the bull, chained to the oil-press. ||1||

ਤਜਿ ਗੋੁਪਾਲ ਜਿ ਆਨ ਲਾਗੇ ; ਸੇ ਬਹੁ ਪ੍ਰਕਾਰੀ ਰੋਤ ॥ (1121-14, ਕੇਦਾਰਾ, ਮਃ 5)

Forsaking the Life of the World, and attached to another, they weep and wail in so many ways.

ਕਰ ਜੋਰਿ ਨਾਨਕ ਦਾਨੁ ਮਾਗੈ ;
ਹਰਿ ਰਖਉ ਕੰਠਿ ਪਰੋਤ ॥੨॥੫॥੧੩॥ (1121-15, ਕੇਦਾਰਾ, ਮਃ 5)

With his palms pressed together, Guru Nanak begs for this gift; Dear Almighty, please keep me strung around Your Neck. ||2||5||13||

ਕੇਦਾਰਾ , ਮਹਲਾ ੫ ॥ (1121-16)

Keydara, Fifth Mahala:

ਸੰਤਹ ਧੂਰਿ ਲੇ ; ਮੁਖਿ ਮਲੀ ॥ (1121-16, ਕੇਦਾਰਾ, ਮਃ 5)

I take the dust of the feet of the Saints and apply it to my face.

ਗੁਣਾ ਅਚੁਤ ਸਦਾ ਪੂਰਨ ;
ਨਹ ਦੋਖ ਬਿਆਪਹਿ ਕਲੀ ॥ ਰਹਾਉ ॥ (1121-16, ਕੇਦਾਰਾ, ਮਃ 5)

Hearing of the Imperishable, Eternally Perfect Master, pain does not afflict me, even in this Dark Age of Kalyug. ||Pause||

ਗੁਰ ਬਚਨਿ , ਕਾਰਜ ਸਰਬ ਪੂਰਨ ;
ਈਤ ਊਤ , ਨ ਹਲੀ ॥ (1121-17, ਕੇਦਾਰਾ, ਮਃ 5)

Through the Guru's Word, all affairs are resolved, and the mind is not tossed about here and there.

ਪ੍ਰਭ ਏਕ , ਅਨਿਕ ਸਰਬਤ ਪੂਰਨ ; (srb`q bolo)
ਬਿਖੈ ਅਗਨਿ , ਨ ਜਲੀ ॥੧॥ (1121-17, ਕੇਦਾਰਾ, ਮਃ 5)

Whoever sees the One God to be pervading in all the many beings, does not burn in the fire of corruption. ||1||

ਗਹਿ ਭੁਜਾ ਲੀਨੋ ਦਾਸੁ ਅਪਨੋ ; ਜੋਤਿ ਜੋਤੀ ਰਲੀ ॥ (1121-18, ਕੇਦਾਰਾ, ਮਃ 5)

Almighty grasps His slave by the arm, and his light merges into the Light.

ਪ੍ਰਭ ਚਰਨ ਸਰਨ ਅਨਾਥੁ ਆਇਓ ;
ਨਾਨਕ ਹਰਿ ਸੰਗਿ ਚਲੀ ॥੨॥੬॥੧੪॥ (1121-19, ਕੇਦਾਰਾ, ਮਃ 5)

Guru Nanak, the orphan, has come seeking the Sanctuary of God's Feet; Dear Almighty, he walks with You. ||2||6||14||

ਕੇਦਾਰਾ , ਮਹਲਾ ੫ ॥ (1121-19)

Keydara, Fifth Mahala:

ਹਰਿ ਕੇ ਨਾਮ ਕੀ ; ਮਨ ਰੁਚੈ ॥ (1122-1, ਕੇਦਾਰਾ, ਮਃ 5)

My mind is filled with yearning for Almighty's Name.

ਕੋਟਿ ਸਾਂਤਿ ਅਨੰਦ ਪੂਰਨ ;
ਜਲਤ ਛਾਤੀ ਬੁਝੈ ॥ ਰਹਾਉ ॥ (1122-1, ਕੇਦਾਰਾ, ਮਃ 5)

I am totally filled with tranquility and bliss; the burning desire within has been quenched. ||Pause||

ਸੰਤ ਮਾਰਗਿ ਚਲਤ ਪ੍ਰਾਨੀ ; ਪਤਿਤ ਉਧਰੇ ਮੁਚੈ ॥ (1122-1, ਕੇਦਾਰਾ, ਮਃ 5)

Walking on the path of the Saints, millions of mortal sinners have been saved.

ਰੇਨੁ ਜਨ ਕੀ ਲਗੀ ਮਸਤਕਿ ; ਅਨਿਕ ਤੀਰਥ ਸੁਚੈ ॥੧॥ (1122-2, ਕੇਦਾਰਾ, ਮਃ 5)

One who applies the dust of the feet of the humble to his forehead, is purified, as if he has bathed at countless sacred shrines. ||1||

**ਚਰਨ ਕਮਲ ਧਿਆਨ ਭੀਤਰਿ ;
ਘਟਿ ਘਟਹਿ ਸੁਆਮੀ ਸੁਝੈ ॥** (1122-2, ਕੇਦਾਰਾ, ਮਃ 5)

Meditating on His Lotus Feet deep within, one realizes the Master in each and every heart.

**ਸਰਨਿ ਦੇਵ ਅਪਾਰ ਨਾਨਕ ;
ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥** (1122-3, ਕੇਦਾਰਾ, ਮਃ 5)

In the Sanctuary of the Divine, Infinite Master, Guru Nanak shall never again be tortured by the Messenger of Death. ||2||7||15||

ਕੇਦਾਰਾ , ਛੰਤ ; ਮਹਲਾ ੫ (1122-4)

Keydara Chhant, Fifth Mahala:

ੴ ; ਸਤਿਗੁਰ ਪ੍ਰਸਾਦਿ ॥ (1122-4)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਮਿਲੁ ; ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥ (1122-5, ਕੇਦਾਰਾ, ਮਃ 5)

Please meet me, O my Dear Beloved. ||Pause||

ਪੂਰਿ ਰਹਿਆ ਸਰਬਤ੍ਰ ਮੈ ; ਸੋ ਪੁਰਖੁ ਬਿਧਾਤਾ ॥ (1122-5, ਕੇਦਾਰਾ, ਮਃ 5)

He is All-pervading amongst all, the Architect of Destiny.

ਮਾਰਗੁ ਪ੍ਰਭ ਕਾ , ਹਰਿ ਕੀਆ ; ਸੰਤਨ ਸੰਗਿ ਜਾਤਾ ॥ (1122-5, ਕੇਦਾਰਾ, ਮਃ 5)

Almighty has created His Path, which is known in the Society of the Saints.

ਸੰਤਨ ਸੰਗਿ ਜਾਤਾ , ਪੁਰਖੁ ਬਿਧਾਤਾ ;
ਘਟਿ ਘਟਿ ਨਦਰਿ ਨਿਹਾਲਿਆ ॥ (1122-6, ਕੇਦਾਰਾ, ਮ: 5)

The Creator Master, the Architect of Destiny, is known in the Society of the Saints; You are seen in each and every heart.

ਜੋ ਸਰਨੀ ਆਵੈ , ਸਰਬ ਸੁਖ ਪਾਵੈ ;
ਤਿਲੁ ਨਹੀ ਭੰਨੈ ਘਾਲਿਆ ॥ (1122-6, ਕੇਦਾਰਾ, ਮ: 5)

One who comes to His Sanctuary, finds absolute peace; not even a bit of his work goes unnoticed.

ਹਰਿ ਗੁਣ ਨਿਧਿ ਗਾਏ , ਸਹਜ ਸੁਭਾਏ ;
ਪ੍ਰੇਮ ਮਹਾ ਰਸ ਮਾਤਾ ॥ (mw~qw bolo) (1122-7, ਕੇਦਾਰਾ, ਮ: 5)

One who sings the Glorious Praises of Almighty, the Treasure of Virtue, is easily, naturally intoxicated with the supreme, sublime essence of divine love.

ਨਾਨਕ ਦਾਸ , ਤੇਰੀ ਸਰਣਾਈ ;
ਤੂ ਪੂਰਨ ਪੁਰਖੁ ਬਿਧਾਤਾ ॥੧॥ (1122-8, ਕੇਦਾਰਾ, ਮ: 5)

Slave Guru Nanak seeks Your Sanctuary; You are the Perfect Creator Master, the Architect of Destiny. ||1||

ਹਰਿ ਪ੍ਰੇਮ ਭਗਤਿ ਜਨ ਬੇਧਿਆ ; ਸੇ ਆਨ ਕਤ ਜਾਹੀ ॥ (1122-8, ਕੇਦਾਰਾ, ਮ: 5)

Almighty's humble servant is pierced through with loving devotion to Him; where else can he go?

ਮੀਨੁ ਬਿਛੋਹਾ ਨਾ ਸਹੈ ; ਜਲ ਬਿਨੁ ਮਰਿ ਪਾਹੀ ॥ (1122-9, ਕੇਦਾਰਾ, ਮ: 5)

The fish cannot endure separation, and without water, it will die.

ਹਰਿ ਬਿਨੁ ਕਿਉ ਰਹੀਐ , ਦੂਖ ਕਿਨਿ ਸਹੀਐ ;
ਚਾਤ੍ਰਿਕ , ਬੂੰਦ ਪਿਆਸਿਆ ॥ (1122-9, ਕੇਦਾਰਾ, ਮ: 5)

Without Almighty, how can I survive? How can I endure the pain? I am like the rainbird, thirsty for the rain-drop.

ਕਬ ਰੈਨਿ ਬਿਹਾਵੈ , ਚਕਵੀ ਸੁਖੁ ਪਾਵੈ ;
ਸੂਰਜ ਕਿਰਣਿ ਪ੍ਰਗਾਸਿਆ ॥ (1122-10, ਕੇਦਾਰਾ, ਮਃ 5)

"When will the night pass?," asks the chakvi bird. "I shall find peace only when the rays of the sun shine on me."

ਹਰਿ ਦਰਸਿ ਮਨੁ ਲਾਗਾ , ਦਿਨਸੁ ਸਭਾਗਾ ;
ਅਨਦਿਨੁ ਹਰਿ ਗੁਣ ਗਾਹੀ ॥ (1122-10, ਕੇਦਾਰਾ, ਮਃ 5)

My mind is attached to the Blessed Vision of Almighty. Blessed are the nights and days, when I sing the Glorious Praises of Almighty,

ਨਾਨਕ ਦਾਸੁ ਕਹੈ ਬੇਨੰਤੀ ;
ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥ (1122-11, ਕੇਦਾਰਾ, ਮਃ 5)

Slave Guru Nanak utters this prayer; without Almighty, how can the breath of life continue to flow through me? ||2||

ਸਾਸ ਬਿਨਾ ਜਿਉ ਦੇਹੁਰੀ ; ਕਤ ਸੋਭਾ ਪਾਵੈ ॥ (1122-12, ਕੇਦਾਰਾ, ਮਃ 5)

Without the breath, how can the body obtain glory and fame?

ਦਰਸ ਬਿਹੂਨਾ ਸਾਧ ਜਨੁ ; ਖਿਨੁ ਟਿਕਣੁ ਨ ਆਵੈ ॥ (1122-12, ਕੇਦਾਰਾ, ਮਃ 5)

Without the Blessed Vision of Almighty's Darshan, the humble, holy person does not find peace, even for an instant.

ਹਰਿ ਬਿਨੁ ਜੋ ਰਹਣਾ , ਨਰਕੁ ਸੋ ਸਹਣਾ ;
ਚਰਨ ਕਮਲ ਮਨੁ ਬੇਧਿਆ ॥ (1122-12, ਕੇਦਾਰਾ, ਮਃ 5)

Those who are without Almighty suffer in hell; my mind is pierced through with Almighty's Feet.

ਹਰਿ ਰਸਿਕ ਬੈਰਾਗੀ , ਨਾਮਿ ਲਿਵ ਲਾਗੀ ;
ਕਤਹੁ ਨ ਜਾਇ ਨਿਖੇਧਿਆ ॥ (1122-13, ਕੇਦਾਰਾ, ਮਃ 5)

Almighty is both sensual and unattached; lovingly attune yourself to Almighty's Name. No one can ever deny Him.

ਹਰਿ ਸਿਉ ਜਾਇ ਮਿਲਣਾ , ਸਾਧਸੰਗਿ ਰਹਣਾ ;
ਸੋ ਸੁਖੁ ਅੰਕਿ ਨ ਮਾਵੈ ॥ (1122-14, ਕੇਦਾਰਾ, ਮਃ 5)

Go and meet with Almighty, and dwell in the Saadh Sangat, the Company of the Holy; no one can contain that peace within his being.

ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ;
ਹਰਿ ਚਰਨਹ ਸੰਗਿ ਸਮਾਵੈ ॥੩॥ (1122-14, ਕੇਦਾਰਾ, ਮਃ 5)

Please be kind to me, O Master of Guru Nanak, that I may merge in You. ||3||

ਖੋਜਤ ਖੋਜਤ ਪ੍ਰਭ ਮਿਲੇ ; ਹਰਿ ਕਰੁਣਾ ਧਾਰੇ ॥ (1122-15, ਕੇਦਾਰਾ, ਮਃ 5)

Searching and searching, I have met with my Almighty, who has showered me with His Mercy.

ਨਿਰਗੁਣੁ ਨੀਚੁ , ਅਨਾਥੁ ਮੈ ; ਨਹੀ ਦੋਖ ਬੀਚਾਰੇ ॥ (1122-16, ਕੇਦਾਰਾ, ਮਃ 5)

I am unworthy, a lowly orphan, but He does not even consider my faults.

ਨਹੀ ਦੋਖ ਬੀਚਾਰੇ , ਪੂਰਨ ਸੁਖ ਸਾਰੇ ;
ਪਾਵਨ ਬਿਰਦੁ ਬਖਾਨਿਆ ॥ (1122-16, ਕੇਦਾਰਾ, ਮਃ 5)

He does not consider my faults; He has blessed me with Perfect Peace. It is said that it is His Way to purify us.

ਭਗਤਿ ਵਛਲੁ ਸੁਨਿ ਅੰਚਲੋੁ ਗਹਿਆ ;
ਘਟਿ ਘਟਿ ਪੂਰ ਸਮਾਨਿਆ ॥ (1122-17, ਕੇਦਾਰਾ, ਮਃ 5)

Hearing that He is the Love of His devotees, I have grasped the hem of His robe. He is totally permeating each and every heart.

ਸੁਖ ਸਾਗਰੋੁ ਪਾਇਆ , ਸਹਜ ਸੁਭਾਇਆ ;
ਜਨਮ ਮਰਨ ਦੁਖ ਹਾਰੇ ॥ (1122-17, ਕੇਦਾਰਾ, ਮਃ 5)

I have found Almighty, the Ocean of Peace, with intuitive ease; the pains of birth and death are gone.

ਕਰੁ ਗਹਿ ਲੀਨੇ , ਨਾਨਕ ਦਾਸ ਅਪਨੇ ;
ਰਾਮ ਨਾਮ ਉਰਿ ਹਾਰੇ ॥੪॥੧॥ (1122-18, ਕੇਦਾਰਾ, ਮਃ 5)

Taking him by the hand, Almighty has saved Guru Nanak, His slave; He has woven the garland of His Name into his heart. ||4||1||

ਰਾਗੁ ਕੇਦਾਰਾ , ਬਾਣੀ ਕਬੀਰ ਜੀਉ ਕੀ (1123-1)

Raag Keydara, The Hymn of Kabir Ji:

Prologue: Once a person came and asked Bhagat Kabir Ji, "What is the form of Almighty?" Bhagat Ji replied by describing the characteristics of 'Jivan Mukt' (liberated while alive) Saints.

ੴ ; ਸਤਿਗੁਰ ਪ੍ਰਸਾਦਿ ॥ (1123-1)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਉਸਤਤਿ ਨਿੰਦਾ ਦੋਊ ਬਿਬਰਜਿਤ ; (ib-brijq bolo)
ਤਜਹੁ ਮਾਨੁ ਅਭਿਮਾਨਾ ॥ (1123-2, ਕੇਦਾਰਾ, ਭਗਤ ਕਬੀਰ ਜੀ)

Those who ignore both praise and slander, who reject egotistical pride and conceit,

ਲੋਹਾ ਕੰਚਨੁ ਸਮ ਕਰਿ ਜਾਨਹਿ ;
ਤੇ ਮੂਰਤਿ ਭਗਵਾਨਾ ॥੧॥ (1123-2, ਕੇਦਾਰਾ, ਭਗਤ ਕਬੀਰ ਜੀ)

who look alike upon iron and gold - they are the very image of Almighty. ||1||

ਤੇਰਾ ਜਨੁ ; ਏਕੁ ਆਧੁ ਕੋਈ ॥ (1123-3, ਕੇਦਾਰਾ, ਭਗਤ ਕਬੀਰ ਜੀ)

Hardly anyone is a humble servant of Yours, Dear Almighty.

ਕਾਮੁ ਕ੍ਰੋਧੁ ਲੋਭੁ ਮੋਹੁ , ਬਿਬਰਜਿਤ ; (ib-brijq bolo)
ਹਰਿ ਪਦੁ ਚੀਨ੍ਹੈ , ਸੋਈ ॥੧॥ ਰਹਾਉ ॥ (1123-3, ਕੇਦਾਰਾ, ਭਗਤ ਕਬੀਰ ਜੀ)

Ignoring sexual desire, anger, greed and attachment, such a person becomes aware of Almighty's Feet. ||1||Pause||

ਰਜ ਗੁਣ ਤਮ ਗੁਣ ਸਤ ਗੁਣ ਕਹੀਐ ;
ਇਹ ਤੇਰੀ ਸਭ ਮਾਇਆ ॥ (1123-4, ਕੇਦਾਰਾ, ਭਗਤ ਕਬੀਰ ਜੀ)

Raajas, the quality of energy and activity; Taamas, the quality of darkness and inertia; and Satvas, the quality of purity and light, are all called the creations of Maya, Your illusion.

ਚਉਥੇ ਪਦ ਕਉ ਜੋ ਨਰੁ ਚੀਨ੍ਹੈ ;
ਤਿਨ੍ਹ ਹੀ ਪਰਮਪਦੁ ਪਾਇਆ ॥੨॥ (prm-pdu bolo) (1123-4, ਕੇਦਾਰਾ, ਭਗਤ ਕਬੀਰ ਜੀ)
That man who realizes the fourth state - he alone obtains the supreme state. ||2||

ਤੀਰਥ ਬਰਤ ਨੇਮ ਸੁਚਿ ਸੰਜਮ ;
ਸਦਾ ਰਹੈ ਨਿਹਕਾਮਾ ॥ (1123-5, ਕੇਦਾਰਾ, ਭਗਤ ਕਬੀਰ ਜੀ)
Amidst pilgrimages, fasting, rituals, purification and self-discipline, he remains always without thought of reward.

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ;
ਚਿਤਵਤ ਆਤਮ ਰਾਮਾ ॥੩॥ (1123-5, ਕੇਦਾਰਾ, ਭਗਤ ਕਬੀਰ ਜੀ)
Thirst and desire for Maya and illusion depart, remembering Almighty, the Supreme Soul. ||3||

ਜਿਹ ਮੰਦਰਿ ਦੀਪਕੁ ਪਰਗਾਸਿਆ ;
ਅੰਧਕਾਰੁ ਤਹ ਨਾਸਾ ॥ (1123-6, ਕੇਦਾਰਾ, ਭਗਤ ਕਬੀਰ ਜੀ)
When the temple is illuminated by the lamp, its darkness is dispelled.

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ;
ਕਹਿ ਕਬੀਰ ਜਨ ਦਾਸਾ ॥੪॥੧॥ (1123-7, ਕੇਦਾਰਾ, ਭਗਤ ਕਬੀਰ ਜੀ)
The Fearless Master is All-pervading. Illusion has run away, says Kabir, Almighty's humble slave. ||4||1||

Prologue: Once a devotee came and asked, "What does a household person purchase? What does a Saint purchase? What did you purchase in this life?" Bhagat Kabir Ji replied by uttering the following Shabad.

ਕਿਨਹੀ ਬਨਜਿਆ ਕਾਂਸੀ ਤਾਂਬਾ ;
ਕਿਨਹੀ ਲਉਗ ਸੁਪਾਰੀ ॥ (1123-7, ਕੇਦਾਰਾ, ਭਗਤ ਕਬੀਰ ਜੀ)
Some deal in bronze and copper, some in cloves and betel nuts.

ਸੰਤਹੁ ਬਨਜਿਆ ਨਾਮੁ ਗੋਬਿਦ ਕਾ ;
ਐਸੀ ਖੇਪ ਹਮਾਰੀ ॥੧॥ (1123-8, ਕੇਦਾਰਾ, ਭਗਤ ਕਬੀਰ ਜੀ)

The Saints deal in Almighty's Name of the Universe. Such is my merchandise as well. ||1||

ਹਰਿ ਕੇ ਨਾਮ ਕੇ ; ਬਿਆਪਾਰੀ ॥ (1123-8, ਕੇਦਾਰਾ, ਭਗਤ ਕਬੀਰ ਜੀ)

I am a trader in Almighty's Name.

ਹੀਰਾ ਹਾਥਿ ਚੜਿਆ ਨਿਰਮੋਲਕੁ ;
ਛੂਟਿ ਗਈ ਸੰਸਾਰੀ ॥੧॥ ਰਹਾਉ ॥ (1123-9, ਕੇਦਾਰਾ, ਭਗਤ ਕਬੀਰ ਜੀ)

The priceless diamond has come into my hands. I have left the world behind. ||1||Pause||

ਸਾਚੇ ਲਾਏ ਤਉ ਸਚ ਲਾਗੇ ;
ਸਾਚੇ ਕੇ ਬਿਉਹਾਰੀ ॥ (1123-9, ਕੇਦਾਰਾ, ਭਗਤ ਕਬੀਰ ਜੀ)

When the True Master attached me, then I was attached to Truth. I am a trader of the True Master.

ਸਾਚੀ ਬਸਤੁ ਕੇ ਭਾਰ ਚਲਾਏ ;
ਪਹੁਚੇ ਜਾਇ ਭੰਡਾਰੀ ॥੨॥ (1123-10, ਕੇਦਾਰਾ, ਭਗਤ ਕਬੀਰ ਜੀ)

I have loaded the commodity of Truth; It has reached Almighty, the Treasurer. ||2||

ਆਪਹਿ ਰਤਨ ਜਵਾਹਰ ਮਾਨਿਕ ;
ਆਪੈ ਹੈ ਪਾਸਾਰੀ ॥ (1123-10, ਕੇਦਾਰਾ, ਭਗਤ ਕਬੀਰ ਜੀ)

He Himself is the pearl, the jewel, the ruby; He Himself is the jeweller.

ਆਪੈ ਦਹ ਦਿਸ ਆਪ ਚਲਾਵੈ ;
ਨਿਹਚਲੁ ਹੈ ਬਿਆਪਾਰੀ ॥੩॥ (1123-11, ਕੇਦਾਰਾ, ਭਗਤ ਕਬੀਰ ਜੀ)

He Himself spreads out in the ten directions. The Merchant is Eternal and Unchanging. ||3||

ਮਨੁ ਕਰਿ ਬੈਲੁ , ਸੁਰਤਿ ਕਰਿ ਪੈਡਾ ;
ਗਿਆਨ ਗੋਨਿ ਭਰਿ ਡਾਰੀ ॥ (1123-11, ਕੇਦਾਰਾ, ਭਗਤ ਕਬੀਰ ਜੀ)

My mind is the bull, and meditation is the road; I have filled my packs with spiritual wisdom, and loaded them on the bull.

ਕਹਤੁ ਕਬੀਰੁ ਸੁਨਹੁ ਰੇ ਸੰਤਹੁ ;
ਨਿਬਹੀ ਖੇਪ ਹਮਾਰੀ ॥੪॥੨॥ (1123-12, ਕੇਦਾਰਾ, ਭਗਤ ਕਬੀਰ ਜੀ)

Says Kabir, listen, O Saints: my merchandise has reached its destination! ||4||2||

Prologue: Once a Yogi came to Bhagat Kabir Ji and suggested that He should consume liquor in order to ease the path towards the tenth door (Dasam Duar). Bhagat Ji replied in the form of a Shabad.

ਰੀ ਕਲਵਾਰਿ , ਗਵਾਰਿ ਮੂਢ ਮਤਿ ;
ਉਲਟੋ ਪਵਨੁ , ਫਿਰਾਵਉ ॥ (1123-13, ਕੇਦਾਰਾ, ਭਗਤ ਕਬੀਰ ਜੀ)

You barbaric brute, with your primitive intellect - reverse your breath and turn it inward.

ਮਨੁ ਮਤਵਾਰ , ਮੇਰ ਸਰ ਭਾਠੀ ;
ਅੰਮ੍ਰਿਤ ਧਾਰ , ਚੁਆਵਉ ॥੧॥ (1123-13, ਕੇਦਾਰਾ, ਭਗਤ ਕਬੀਰ ਜੀ)

Let your mind be intoxicated with the stream of Nectar which trickles down from the furnace of the Tenth Gate. ||1||

ਬੋਲਹੁ ਭਈਆ ; ਰਾਮ ਕੀ ਦੁਹਾਈ ॥ (1123-14, ਕੇਦਾਰਾ, ਭਗਤ ਕਬੀਰ ਜੀ)

O Siblings of Destiny, call on Almighty.

ਪੀਵਹੁ ਸੰਤ ਸਦਾ ਮਤਿ ਦੁਰਲਭ ;
ਸਹਜੇ ਪਿਆਸ ਬੁਝਾਈ ॥੧॥ ਰਹਾਉ ॥ (1123-14, ਕੇਦਾਰਾ, ਭਗਤ ਕਬੀਰ ਜੀ)

O Saints, drink in this wine forever; it is so difficult to obtain, and it quenches your thirst so easily. ||1||Pause||

ਭੈ ਬਿਚਿ ਭਾਉ ਭਾਇ ਕੋਊ ਬੂਝਹਿ ;
ਹਰਿ ਰਸੁ ਪਾਵੈ ਭਾਈ ॥ (1123-15, ਕੇਦਾਰਾ, ਭਗਤ ਕਬੀਰ ਜੀ)

In the Fear of God, is the Love of God. Only those few who understand His Love obtain the sublime essence of Almighty, O Siblings of Destiny.

ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ;
ਭਾਵੈ ਤਿਸਹਿ ਪੀਆਈ ॥੨॥ (1123-15, ਕੇਦਾਰਾ, ਭਗਤ ਕਬੀਰ ਜੀ)

As many hearts as there are - in all of them, is His Nectar; as He pleases, He causes them to drink it in. ||2||

ਨਗਰੀ ਏਕੈ ਨਉ ਦਰਵਾਜੇ ;
ਧਾਵਤੁ ਬਰਜਿ ਰਹਾਈ ॥ (1123-16, ਕੇਦਾਰਾ, ਭਗਤ ਕਬੀਰ ਜੀ)

There are nine gates to the one city of the body; restrain your mind from escaping through them.

ਤ੍ਰਿਕੁਟੀ ਛੂਟੈ , ਦਸਵਾ ਦਰੁ ਖੂਲੈ ;
ਤਾ ਮਨੁ ਖੀਵਾ ਭਾਈ ॥੩॥ (1123-16, ਕੇਦਾਰਾ, ਭਗਤ ਕਬੀਰ ਜੀ)

When the knot of the three qualities is untied, then the Tenth Gate opens up, and the mind is intoxicated, O Siblings of Destiny. ||3||

ਅਭੈ ਪਦ ਪੂਰਿ ਤਾਪ ਤਹ ਨਾਸੇ ;
ਕਹਿ ਕਬੀਰ ਬੀਚਾਰੀ ॥ (1123-17, ਕੇਦਾਰਾ, ਭਗਤ ਕਬੀਰ ਜੀ)

When the mortal fully realizes the state of fearless dignity, then his sufferings vanish; so says Kabir after careful deliberation.

ਉਬਟ ਚਲੰਤੇ , ਇਹੁ ਮਦੁ ਪਾਇਆ ;
ਜੈਸੇ ਖੋੰਦ ਖੁਮਾਰੀ ॥੪॥੩॥ (1123-17, ਕੇਦਾਰਾ, ਭਗਤ ਕਬੀਰ ਜੀ)

Turning away from the world, I have obtained this wine, and I am intoxicated with it. ||4||3||

Prologue: Bhagat Kabir Ji gives a sermon to an egoistic person.

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ;
ਗਤਿ ਨਹੀ ਏਕੈ ਜਾਨੀ ॥ (1123-18, ਕੇਦਾਰਾ, ਭਗਤ ਕਬੀਰ ਜੀ)

You are engrossed with unsatisfied sexual desire and unresolved anger; you do not know the State of the One Master.

ਫੂਟੀ ਆਖੈ ਕਛੂ ਨ ਸੂਝੈ ;
ਬੂਡਿ ਮੂਏ ਬਿਨੁ ਪਾਨੀ ॥੧॥ (1123-18, ਕੇਦਾਰਾ, ਭਗਤ ਕਬੀਰ ਜੀ)

Your eyes are blinded, and you see nothing at all. You drown and die without water. ||1||

ਚਲਤ ਕਤ ; ਟੇਢੇ ਟੇਢੇ ਟੇਢੇ ॥ (1124-1, ਕੇਦਾਰਾ, ਭਗਤ ਕਬੀਰ ਜੀ)

Why do you walk in that crooked, zig-zag way?

ਅਸਤਿ ਚਰਮ ਬਿਸਟਾ ਕੇ ਮੂੰਦੇ ;
ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥ (1124-1, ਕੇਦਾਰਾ, ਭਗਤ ਕਬੀਰ ਜੀ)

You are nothing more than a bundle of bones, wrapped in skin, filled with manure; you give off such a rotten smell! ||1||Pause||

ਰਾਮ ਨ ਜਪਹੁ , ਕਵਨ ਭ੍ਰਮ ਭੂਲੇ ;
ਤੁਮ ਤੇ ਕਾਲੁ ਨ ਦੂਰੇ ॥ (1124-2, ਕੇਦਾਰਾ, ਭਗਤ ਕਬੀਰ ਜੀ)

You do not meditate on Almighty. What illusions have confused and deluded you? Death is not far away from you!

ਅਨਿਕ ਜਤਨ ਕਰਿ ਇਹ ਤਨੁ ਰਾਖਹੁ ;
ਰਹੈ ਅਵਸਥਾ ਪੂਰੇ ॥੨॥ (1124-2, ਕੇਦਾਰਾ, ਭਗਤ ਕਬੀਰ ਜੀ)

Making all sorts of efforts, you manage to preserve this body, but it shall only survive until its time is up. ||2||

ਆਪਨ ਕੀਆ ਕਛੂ ਨ ਹੋਵੈ ;
ਕਿਆ ਕੋ ਕਰੈ ਪਰਾਨੀ ॥ (1124-3, ਕੇਦਾਰਾ, ਭਗਤ ਕਬੀਰ ਜੀ)

By one's own efforts, nothing is done. What can the mere mortal accomplish?

ਜਾ ਤਿਸੁ ਭਾਵੈ ਸਤਿਗੁਰੁ ਭੇਟੈ ;
ਏਕੋ ਨਾਮੁ ਬਖਾਨੀ ॥੩॥ (1124-4, ਕੇਦਾਰਾ, ਭਗਤ ਕਬੀਰ ਜੀ)

When it pleases Almighty, the mortal meets the True Guru, and chants the Name of the One Master. ||3||

ਬਲੂਆ ਕੇ ਘਰੂਆ ਮਹਿ , ਬਸਤੇ ;
ਫੁਲਵਤ ਦੇਹ , ਅਇਆਨੇ ॥ (1124-4, ਕੇਦਾਰਾ, ਭਗਤ ਕਬੀਰ ਜੀ)

You live in a house of sand, but you still puff up your body - you ignorant fool!

ਕਹੁ ਕਬੀਰ , ਜਿਹ ਰਾਮੁ ਨ ਚੇਤਿਓ ;
ਬੂਡੇ ਬਹੁਤੁ ਸਿਆਨੇ ॥੪॥੪॥ (1124-5, ਕੇਦਾਰਾ, ਭਗਤ ਕਬੀਰ ਜੀ)

Says Kabir, those who do not remember Almighty may be very clever, but they still drown. ||4||4||

Prologue: Bhagat Kabir Ji gives a sermon to another egoistic person.

ਟੇਢੀ ਪਾਗ , ਟੇਢੇ ਚਲੇ ; ਲਾਗੇ ਬੀਰੇ ਖਾਨ ॥ (1124-5, ਕੇਦਾਰਾ, ਭਗਤ ਕਬੀਰ ਜੀ)

Your turban is crooked, and you walk crooked; and now you have started chewing betel leaves.

ਭਾਉ ਭਗਤਿ ਸਿਉ ਕਾਜੁ ਨ ਕਛੂਐ ;
ਮੇਰੋ ਕਾਮੁ ਦੀਵਾਨ ॥੧॥ (1124-6, ਕੇਦਾਰਾ, ਭਗਤ ਕਬੀਰ ਜੀ)

You have no use at all for loving devotional worship; you say you have business in court. ||1||

ਰਾਮੁ ਬਿਸਾਰਿਓ ; ਹੈ ਅਭਿਮਾਨਿ ॥ (1124-7, ਕੇਦਾਰਾ, ਭਗਤ ਕਬੀਰ ਜੀ)

In your egotistical pride, you have forgotten Almighty.

ਕਨਿਕ ਕਾਮਨੀ ਮਹਾ ਸੁੰਦਰੀ ;
ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥ (1124-7, ਕੇਦਾਰਾ, ਭਗਤ ਕਬੀਰ ਜੀ)

Gazing upon your gold, and your very beautiful wife, you believe that they are permanent. ||1||Pause||

ਲਾਲਚ ਝੂਠ ਬਿਕਾਰ ਮਹਾ ਮਦ ;
ਇੰਹ ਬਿਧਿ ਅਉਧ ਬਿਹਾਨਿ ॥ (1124-8, ਕੇਦਾਰਾ, ਭਗਤ ਕਬੀਰ ਜੀ)

You are engrossed in greed, falsehood, corruption and great arrogance. Your life is passing away.

ਕਹਿ ਕਬੀਰ , ਅੰਤ ਕੀ ਬੇਰ ;
ਆਇ ਲਾਗੋ ਕਾਲੁ ਨਿਦਾਨਿ ॥੨॥੫॥ (1124-8, ਕੇਦਾਰਾ, ਭਗਤ ਕਬੀਰ ਜੀ)

Says Kabir, at the very last moment, death will come and seize you, you fool! ||2||5||

ਚਾਰਿ ਦਿਨ ; ਅਪਨੀ ਨਉਬਤਿ ਚਲੇ ਬਜਾਇ ॥ (1124-9, ਕੇਦਾਰਾ, ਭਗਤ ਕਬੀਰ ਜੀ)

The mortal beats the drum for a few days, and then he must depart.

ਇਤਨਕੁ ਖਟੀਆ ਗਠੀਆ ਮਟੀਆ ;
ਸੰਗਿ ਨ ਕਛੁ ਲੈ ਜਾਇ ॥੧॥ ਰਹਾਉ ॥ (1124-9, ਕੇਦਾਰਾ, ਭਗਤ ਕਬੀਰ ਜੀ)

With so much wealth and cash and buried treasure, still, he cannot take anything with him. ||1||Pause||

ਦਿਹਰੀ ਬੈਠੀ ਮਿਹਰੀ ਰੋਵੈ ;
ਦੁਆਰੈ ਲਉ ਸੰਗਿ ਮਾਇ ॥ (1124-10, ਕੇਦਾਰਾ, ਭਗਤ ਕਬੀਰ ਜੀ)

Sitting on the threshhold, his wife weeps and wails; his mother accompanies him to the outer gate.

ਮਰਹਟ ਲਗਿ , ਸਭੁ ਲੋਗੁ ਕੁਟੰਬੁ ਮਿਲਿ ;
ਹੰਸੁ ਇਕੇਲਾ ਜਾਇ ॥੧॥ (1124-11, ਕੇਦਾਰਾ, ਭਗਤ ਕਬੀਰ ਜੀ)

All the people and relatives together go to the crematorium, but the swan-soul must go home all alone. ||1||

ਵੈ ਸੁਤ ਵੈ ਬਿਤ ਵੈ ਪੁਰ ਪਾਟਨ ;
ਬਹੁਰਿ ਨ ਦੇਖੈ ਆਇ ॥ (1124-11, ਕੇਦਾਰਾ, ਭਗਤ ਕਬੀਰ ਜੀ)

Those children, that wealth, that city and town - he shall not come to see them again.

ਕਹਤੁ ਕਬੀਰੁ , ਰਾਮੁ ਕੀ ਨ ਸਿਮਰਹੁ ;
ਜਨਮੁ ਅਕਾਰਥੁ ਜਾਇ ॥੨॥੬॥ (1124-12, ਕੇਦਾਰਾ, ਭਗਤ ਕਬੀਰ ਜੀ)

Says Kabir, why do you not meditate on Almighty? Your life is uselessly slipping away! ||2||6||

ਰਾਗੁ ਕੇਦਾਰਾ , ਬਾਣੀ ਰਵਿਦਾਸ ਜੀਉ ਕੀ (1124-13)

Raag Keydara, The Hymn of Ravi Daas Ji:

ੴ ; ਸਤਿਗੁਰ ਪ੍ਰਸਾਦਿ ॥ (1124-13)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਖਟੁ ਕਰਮ ਕੁਲ ਸੰਜੁਗਤੁ ਹੈ ; (ਸੰ-ਜੁਗਤੁ ਬੋਲੋ)
ਹਰਿ ਭਗਤਿ ਹਿਰਦੈ ਨਾਹਿ ॥ (1124-14, ਕੇਦਾਰਾ, ਭਗਤ ਰਵਿਦਾਸ ਜੀ)

One who performs the six religious rituals and comes from a good family, but who does not have devotion to Almighty in his heart,

ਚਰਨਾਰਬਿੰਦ , ਨ ਕਥਾ ਭਾਵੈ ;
ਸੁਪਚ ਤੁਲਿ , ਸਮਾਨਿ ॥੧॥ (1124-14, ਕੇਦਾਰਾ, ਭਗਤ ਰਵਿਦਾਸ ਜੀ)

one who does not appreciate talk of Almighty's Lotus Feet, is just like an outcaste, a pariah. ||1||

ਰੇ ਚਿਤ ਚੇਤਿ ; ਚੇਤ ਅਚੇਤ ॥ (1124-15, ਕੇਦਾਰਾ, ਭਗਤ ਰਵਿਦਾਸ ਜੀ)

Be conscious, be conscious, be conscious, O my unconscious mind.

ਕਾਹੇ ਨ ; ਬਾਲਮੀਕਹਿ ਦੇਖ ॥ (1124-15, ਕੇਦਾਰਾ, ਭਗਤ ਰਵਿਦਾਸ ਜੀ)

Why do you not look at Baalmeek?

ਕਿਸੁ ਜਾਤਿ ਤੇ , ਕਿਹ ਪਦਹਿ ਅਮਰਿਓ ;
ਰਾਮ ਭਗਤਿ ਬਿਸੇਖ ॥੧॥ ਰਹਾਉ ॥ (1124-15, ਕੇਦਾਰਾ, ਭਗਤ ਰਵਿਦਾਸ ਜੀ)

From such a low social status, what a high status he obtained! Devotional worship to Almighty is sublime! ||1||Pause||

ਸੁਆਨ ਸਤ੍ਰੁ ਅਜਾਤੁ ਸਭ ਤੇ ; (s`qRü bolo)
ਕ੍ਰਿਸ੍ਨ ਲਾਵੈ ਹੇਤੁ ॥ (1124-16, ਕੇਦਾਰਾ, ਭਗਤ ਰਵਿਦਾਸ ਜੀ)

The killer of dogs, the lowest of all, was lovingly embraced by Krishna.

ਲੋਗੁ ਬਪੁਰਾ ਕਿਆ ਸਰਾਹੈ ;
ਤੀਨਿ ਲੋਕ ਪ੍ਰਵੇਸ ॥੨॥ (1124-16, ਕੇਦਾਰਾ, ਭਗਤ ਰਵਿਦਾਸ ਜੀ)

See how the poor people praise him! His praise extends throughout the three worlds. ||2||

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ;
ਗਏ ਹਰਿ ਕੈ ਪਾਸਿ ॥ (1124-17, ਕੇਦਾਰਾ, ਭਗਤ ਰਵਿਦਾਸ ਜੀ)

Ajaamal, Pingulaa, Lodhia and the elephant went to Almighty.

ਐਸੇ ਦੁਰਮਤਿ ਨਿਸਤਰੇ ;
ਤੂ ਕਿਉ ਨ ਤਰਹਿ ਰਵਿਦਾਸ ॥੩॥੧॥ (1124-17, ਕੇਦਾਰਾ, ਭਗਤ ਰਵਿਦਾਸ ਜੀ)

Even such evil-minded beings were emancipated. Why should you not also be saved, O Ravi Daas? ||3||1||

ਰਾਗੁ ਭੈਰਉ , ਮਹਲਾ ੧ ; ਘਰੁ ੧ , ਚਉਪਦੇ (1125-1)

Raag Bhairao, First Mahala, First House, Chau-Padas:

ੴ ; ਸਤਿਨਾਮੁ , ਕਰਤਾ ਪੁਰਖੁ , ਨਿਰਭਉ ਨਿਰਵੈਰੁ ; ਅਕਾਲ ਮੂਰਤਿ , ਅਜੂਨੀ ਸੈਭੰ , ਗੁਰਪ੍ਰਸਾਦਿ ॥ (1125-2)

There is only one Almighty without duality (EAK), life within the entire creation (ONGKAAR), true form in all ages and time dimensions (SAT) (never change), he exist everywhere(NAM), he is the creator (KAR) and sustainer (TA), he exists in all the worlds (PUR), he destroys all the worlds (KH), he is without (NIR) fear (BHAO), he is without (NIR) enmity (VAIR), he is immortal and beyond time (AKAAL), such is his form (MURAT), he is beyond reincarnation and is unborn (AJUNEE), he is self-illumined and self-existence (SAIBHANG), destroyer of the darkness of ignorance (GU) and the illuminator of knowledge (RU), Grace (PERSAD) meaning the Almighty who is the life form of all is obtainable only with the Guru's grace.

ਤੁਝ ਤੇ ਬਾਹਰਿ ; ਕਿਛੂ ਨ ਹੋਇ ॥ (1125-4, ਭੈਰਉ, ਮਃ 1)

Without You, nothing happens.

ਤੂ ਕਰਿ ਕਰਿ ਦੇਖਹਿ ; ਜਾਣਹਿ ਸੋਇ ॥੧॥ (1125-4, ਭੈਰਉ, ਮਃ 1)

You create the creatures, and gazing on them, you know them. ||1||

ਕਿਆ ਕਹੀਐ ; ਕਿਛੁ ਕਹੀ ਨ ਜਾਇ ॥ (1125-4, ਭੈਰਉ, ਮਃ 1)

What can I say? I cannot say anything.

ਜੋ ਕਿਛੁ ਅਹੈ ; ਸਭ ਤੇਰੀ ਰਜਾਇ ॥੧॥ ਰਹਾਉ ॥ (1125-5, ਭੈਰਉ, ਮਃ 1)

Whatever exists, is by Your Will. ||Pause||

ਜੋ ਕਿਛੁ ਕਰਣਾ ; ਸੁ ਤੇਰੈ ਪਾਸਿ ॥ (1125-5, ਭੈਰਉ, ਮਃ 1)

Whatever is to be done, rests with You.

ਕਿਸੁ ਆਗੈ ; ਕੀਚੈ ਅਰਦਾਸਿ ॥੨॥ (1125-5, ਭੈਰਉ, ਮਃ 1)

Unto whom should I offer my prayer? ||2||

ਆਖਣੁ ਸੁਨਣਾ ; ਤੇਰੀ ਬਾਣੀ ॥ (1125-6, ਭੈਰਉ, ਮਃ 1)

I speak and hear the Bani of Your Word.

ਤੂ ਆਪੇ ਜਾਣਹਿ ; ਸਰਬ ਵਿਡਾਣੀ ॥੩॥ (1125-6, ਭੈਰਉ, ਮਃ 1)

You Yourself know all Your Wondrous Play. ||3||

ਕਰੇ ਕਰਾਏ ; ਜਾਣੈ ਆਪਿ ॥ (1125-6, ਭੈਰਉ, ਮਃ 1)

You Yourself act, and inspire all to act; only You Yourself know.

ਨਾਨਕ ; ਦੇਖੈ ਥਾਪਿ ਉਥਾਪਿ ॥੪॥੧॥ (1125-7, ਭੈਰਉ, ਮਃ 1)

Says Guru Nanak, You, Master, see, establish and disestablish. ||4||1||

ੴ ; ਸਤਿਗੁਰ ਪ੍ਰਸਾਦਿ ॥ (1125-8)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਰਾਗੁ ਭੈਰਉ , ਮਹਲਾ ੧ ; ਘਰੁ ੨ ॥ (1125-9)

Raag Bhairao, First Mahala, Second House:

ਗੁਰ ਕੈ ਸਬਦਿ ਤਰੇ ਮੁਨਿ ਕੇਤੇ ;
ਇੰਦ੍ਰਾਦਿਕ ਬ੍ਰਹਮਾਦਿ ਤਰੇ ॥ (1125-9, ਭੈਰਉ, ਮਃ 1)

Through Guru's Shabad (Gurbani), so many silent sages have been saved; Indra and Brahma have also been saved.

ਸਨਕ ਸਨੰਦਨ ਤਪਸੀ ਜਨ ਕੇਤੇ ;
ਗੁਰ ਪਰਸਾਦੀ ਪਾਰਿ ਪਰੇ ॥੧॥ (1125-9, ਭੈਰਉ, ਮਃ 1)

Sanak, Sanandan and many humble men of austerity, by Guru's Grace, have been carried across to the other side. ||1||

ਭਵਜਲੁ , ਬਿਨੁ ਸਬਦੈ ; ਕਿਉ ਤਰੀਐ ॥ (1125-10, ਭੈਰਉ, ਮਃ 1)

Without the Guru's Shabad (Hymn), how can anyone cross over the terrifying world-ocean?

ਨਾਮ ਬਿਨਾ ਜਗੁ ਰੋਗਿ ਬਿਆਪਿਆ ;
ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥ (1125-10, ਭੈਰਉ, ਮਃ 1)

Without Almighty's Name, the world is entangled in the disease of duality, and is drowned, drowned, and dies. ||1||Pause||

ਗੁਰੁ ਦੇਵਾ , ਗੁਰੁ ਅਲਖ ਅਭੇਵਾ ; (Al`K bolo)
ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥ (1125-11, ਭੈਰਉ, ਮਃ 1)

The Guru is Divine; the Guru is Inscrutable and Mysterious. Serving the Guru, the three worlds are known and understood.

ਆਪੇ ਦਾਤਿ ਕਰੀ ਗੁਰਿ ਦਾਤੈ ;
ਪਾਇਆ ਅਲਖ ਅਭੇਵਾ ॥੨॥ (Al`K bolo) (1125-12, ਭੈਰਉ, ਮਃ 1)

The Guru, the Giver, has Himself given me the Gift; I have obtained the Inscrutable, Mysterious Master. ||2||

ਮਨੁ ਰਾਜਾ , ਮਨੁ ਮਨ ਤੇ ਮਾਨਿਆ ;
ਮਨਸਾ ਮਨਹਿ ਸਮਾਈ ॥ (1125-12, ਭੈਰਉ, ਮਃ 1)

The mind is the king; the mind is appeased and satisfied through the mind itself, and desire is stilled in the mind.

ਮਨੁ ਜੋਗੀ ਮਨੁ ਬਿਨਸਿ ਬਿਓਗੀ ;
ਮਨੁ ਸਮਝੈ ਗੁਣ ਗਾਈ ॥੩॥ (1125-13, ਭੈਰਉ, ਮਃ 1)

The mind is the Yogi, the mind wastes away in separation from Almighty; singing the Glorious Praises of Almighty, the mind is instructed and reformed. ||3||

ਗੁਰ ਤੇ ਮਨੁ ਮਾਰਿਆ , ਸਬਦੁ ਵੀਚਾਰਿਆ ;
ਤੇ ਵਿਰਲੇ ਸੰਸਾਰਾ ॥ (1125-14, ਭੈਰਉ, ਮਃ 1)

How very rare are those in this world who, through the Guru, subdue their minds, and contemplate the Guru's Shabad (Hymn).

ਨਾਨਕ ਸਾਹਿਬੁ ਭਰਿਪੁਰਿ ਲੀਣਾ ;
ਸਾਚ ਸਬਦਿ ਨਿਸਤਾਰਾ ॥੪॥੧॥੨॥ (1125-14, ਭੈਰਉ, ਮਃ 1)

Guru Nanak says, our Master is All-pervading; through the True Guru's Shabad (Hymn), we are emancipated. ||4||1||2||

ਭੈਰਉ , ਮਹਲਾ ੧ ॥ (1125-15)

